13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ


VOL - 13 ISSUE - 1

April 10, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

ਅਦਾਰਾ 'ਦੇਸ਼ ਦੁਆਬਾ' ਵੱਲੋਂ ਮਹਾਤਮਾ ਜਯੋਤੀਬਾ ਰਾਓ ਫੂਲੇ ਜੀ ਦੇ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ।



ਅਦਾਰਾ 'ਦੇਸ਼ ਦੁਆਬਾ' ਵੱਲੋਂ ਆਪ ਸਭ ਨੂੰ ਵਿਸਾਖ, ਵਿਸਾਖੀ ਅਤੇ ਖਾਲਸਾ ਜੀ ਦੇ ਸਾਜਨਾ ਦਿਵਸ ਦੀਆਂ ਬਹੁਤ-ਬਹੁਤ ਮੁਬਾਰਕਾਂ ਹੋਵਣ ਜੀ। ਅਦਾਰਾ 'ਦੇਸ਼ ਦੁਆਬਾ' ਜਲਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਨਿੱਘੀ ਸ਼ਰਧਾਂਜਲੀ ਦਿੰਦਾ ਹੈ।



ਅਦਾਰਾ 'ਦੇਸ਼ ਦੁਆਬਾ' ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ 133ਵੇਂ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ ਅਤੇ ਉਹਨਾਂ ਦੇ ਲਾਸਾਨੀ ਜੀਵਨ ਸੰਘਰਸ ਅਤੇ ਸਮੂਹ ਮਾਨਵਤਾ ਅਤੇ ਦੇਸ ਪ੍ਰਤੀ ਸੱਚੀ ਨਿਸ਼ਠਾ ਨੂੰ ਕੋਟਿਨ-ਕੋਟਿ ਪ੍ਰਣਾਮ ਕਰਦਾ ਹੈ। **(ਸਬੰਧਿਤ ਲੇਖ ਅੰਦਰ ਦੇਖੋ)**

# ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਗੁਰਪੁਰਬ ਦੀ ਖੁਸ਼ੀ ਵਿਚ ਯੂਬਾ ਸਿਟੀ ਵਿਖੇ ਤੀਸਰੇ ਵਿਸ਼ਾਲ ਨਗਰ ਕੀਰਤਨ ਸਜਾਏ ਗਏ




**ਯੂਬਾ ਸਿਟੀ–** ਧੰਨ ਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਗੁਰਪੁਰਬ ਦੀ ਖੁਸ਼ੀ ਵਿਚ ਤੀਸਰੇ ਨਗਰ ਕੀਰਤਨ ਸਜਾਏ ਗਏ ਜਿਸ ਵਿਚ 11 ਮਾਰਚ 2024 ਨੂੰ ਗੁਰੂ ਘੱਰ ਵਿਖੇ ਅਖੰਡਪਾਠਾਂ ਦੀ ਲੜੀ ਅਰੰਭ ਕੀਤੀ ਗਈ 5 ਅਪਰੈਲ 2024 ਸ਼ੁੱਕਰਵਾਰ ਨੂੰ


**(ਬਾਕੀ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 29 ਤੋਂ 32)**





Amrik Chand (CPA)

Phone : 510-490-8200
Fax : 510-490-8202

Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539





DR. TAKHAR'S FAMILY
MEDICINE & URGENT CARE CLINIC

8191 Timberlake Way, Suite # 400, Sacramento, CA 95823, Phone: 916-688-8888 Fax: 916-688-8837

Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD

Goodie Takhar, PhD

We speak your language: Panjabi, Hindi, Urdu, Farsi, Arabic and Spanish

URGENT CARE CLINIC

SAROAY INVESTMENT REALTY



Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



RAMESH SUMAN
Broker Realtor
RCS-D ™

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS

SINCE 1996

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga

6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥



## ਗੁਰੂ ਪਿਆਰੀ ਸਾਧ ਸੰਗਤ ਜੀ

ਸ਼ਰਧਾਲੂ ਪਰਿਵਾਰਾਂ ਨੂੰ ਸਮੁੱਚੀ ਸੰਗਤ ਨੂੰ ਹੇਠ ਲਿਖੇ ਸਮਾਗਮਾਂ ਵਿੱਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ:



### 12-13-14 ਅਪ੍ਰੈਲ 2024 ਵਿਸਾਖੀ ਦਾ ਤਿਉਹਾਰ ਭਾਈ ਵਰਿੰਦਰ ਸਿੰਘ

ਵਿਸਾਖੀ ਭਾਰਤ ਵਿੱਚ ਵਾਢੀ ਦਾ ਜਸ਼ਨ ਹੈ ਅਤੇ ਨੱਚਣ, ਗਾਉਣ, ਸੰਗੀਤ, ਮਿਠਾਈਆਂ ਸਾਂਝੀਆਂ ਕਰਨ ਅਤੇ ਧਾਰਮਿਕ ਉਸਤਤ ਦਾ ਇੱਕ ਮੌਕਾ ਹੈ। ਅੱਜ ਦੇ ਦਿਨ 1699 ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਅਖੰਡ ਪਾਠ ਸ਼ੁੱਕਰਵਾਰ 12 ਅਪ੍ਰੈਲ 2024 ਨੂੰ ਸਵੇਰੇ 10:00 ਵਜੇ ਆਰੰਭ ਹੋਵੇਗਾ ਅਤੇ 14 ਅਪ੍ਰੈਲ 2024 ਦਿਨ ਐਤਵਾਰ ਨੂੰ ਭੋਗ ਸਮਾਗਮ ਨਾਲ ਸਮਾਪਤ ਹੋਵੇਗਾ। ਗਿਆਨੀ ਬਲਵਿੰਦਰ ਸਿੰਘ ਜੀ ਅਤੇ ਭਾਈ ਸੁਵੇਗ ਸਿੰਘ ਜੀ ਦੇ ਰਾਗੀ ਜਥੇ ਇਸ ਮੌਕੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

### 21 ਅਪ੍ਰੈਲ 2024 ਡਾ. ਭੀਮ ਰਾਓ ਅੰਬੇਡਕਰ ਦੀ 133ਵੀਂ ਜਯੰਤੀ

ਡਾ. ਬੀ. ਆਰ. ਅੰਬੇਦਕਰ ਦੇ 133ਵੇਂ ਜਨਮ ਦਿਹਾੜੇ ਮੌਕੇ ਗੁਰੂਘਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ। ਬਾਬਾ ਸਾਹਿਬ ਇੱਕ ਨੇਤਾ, ਸਿਆਸਤਦਾਨ ਅਤੇ ਵਿਦਵਾਨ ਸਨ। ਆਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਵਜੋਂ, ਉਹ ਭਾਰਤ ਦੇ ਸੰਵਿਧਾਨ ਦੇ ਪ੍ਰਮੁੱਖ ਆਰਕੀਟੈਕਟ ਸਨ। ਬਾਬਾ ਸਾਹਿਬ ਦੇ ਭਾਰਤ ਲਈ ਬਹੁਤ ਸਾਰੇ ਯੋਗਦਾਨ ਹਨ।

### 26-27-28 ਅਪ੍ਰੈਲ, 2024 ਬਾਬਾ ਸ਼ੇਖ ਫਰੀਦ ਦਾ ਜਨਮ ਦਿਹਾੜਾ

ਫਰੀਦਾ ਜੇ ਤੂ ਅਕਲਿ ਲਤੀਫੁ ਸਮਝ ਲਿਖੁ ਐਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰ ਦੇਖੁ ॥ 6

ਸ਼ਰਧਾਲੂ ਪਰਿਵਾਰਾਂ ਵੱਲੋਂ ਬਾਬਾ ਸ਼ੇਖ ਫਰੀਦ ਜੀ ਦਾ ਜਨਮ ਦਿਹਾੜਾ ਅਖੰਡ ਪਾਠ ਅਤੇ ਲੰਗਰ ਵਰਤਾ ਕੇ ਮਨਾਇਆ ਜਾਵੇਗਾ। । ਅਖੰਡ ਪਾਠ ਸ਼ੁੱਕਰਵਾਰ 26 ਅਪ੍ਰੈਲ 2024 ਨੂੰ ਸਵੇਰੇ 10:00 ਵਜੇ ਅਰੰਭ ਹੋਵੇਗਾ ਅਤੇ ਐਤਵਾਰ 28 ਅਪ੍ਰੈਲ ਨੂੰ ਭੋਗ ਸਮਾਗਮ ਨਾਲ ਸਮਾਪਤ ਹੋਵੇਗਾ ਬਾਬਾ ਫਰੀਦ ਜੀ ਦੀਆਂ ਸਿੱਖਿਆਵਾਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਵਾਹਿਗੁਰੂ ਮੇਹਰ ਕਰੇ ਸੇਵਾਦਾਰਾਂ ਨੂੰ।

### ਜੂਨ 28-29-30, 2024 ਪਿਟਸਬਰਗ ਗੁਰੂਘਰ ਦੀ 39ਵੀਂ ਵਰ੍ਹੇਗੰਢ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ 39ਵੀਂ ਬਰਸੀ 30 ਜੂਨ, 2024 ਨੂੰ ਮਨਾਈ ਜਾਵੇਗੀ। ਅਖੰਡ ਪਾਠ ਸ਼ੁੱਕਰਵਾਰ 28 ਜੂਨ 2024 ਨੂੰ ਸਵੇਰੇ 10:00 ਵਜੇ ਆਰੰਭ ਹੋਵੇਗਾ ਅਤੇ 06/30/2024 ਦਿਨ ਐਤਵਾਰ ਨੂੰ ਭੋਗ ਸਮਾਗਮ ਨਾਲ ਸਮਾਪਤ ਹੋਵੇਗਾ। ਗੁਰੂਘਰ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ। ਇਸ ਮੌਕੇ ਗਿਆਨੀ ਬਲਵਿੰਦਰ ਸਿੰਘ ਜੀ ਦਾ ਰਾਗੀ ਜਥਾ ਸੰਗਤਾਂ ਨੂੰ ਨਿਹਾਲ ਕਰੇਗਾ।

"ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ"

www.sriguruuravidasstemple.com

## Sangat Sewadars

| Chairman | President | Secretary | Treasurer |
|---|---|---|---|
| Ramesh Suman | Vinod Kumar | Dilbag Singh | Sunita K. Singh |

# ਚੰਡੀਗੜ੍ਹ ਤੋਂ ਕਿਰਨ ਖੇਰ ਦੀ ਟਿਕਟ ਕਟੀ, ਲੋਕਲ ਨੂੰ ਬਣਾਇਆ ਉਮੀਦਵਾਰ

**ਚੰਡੀਗੜ੍ਹ–** ਲੰਬੀ ਉਡੀਕ ਤੋਂ ਬਾਅਦ ਹੀ ਭਾਰਤੀ ਜਨਤਾ ਪਾਰਟੀ ਨੇ ਚੰਡੀਗੜ੍ਹ ਤੋਂ ਲੋਕ ਸਭਾ ਚੋਣਾਂ ਲਈ ਆਪਣੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ।ਬੀਜੇਪੀ ਨੇ ਬੁੱਧਵਾਰ ਨੂੰ ਸਥਾਨਕ ਸੀਨੀਅਰ ਨੇਤਾ ਸੰਜੇ ਟੰਡਨ ਨੂੰ ਟਿਕਟ ਦਿੱਤੀ ਹੈ। ਭਾਜਪਾ ਦੀ ਰਾਸ਼ਟਰੀ ਹਾਈਕਮਾਂਡ ਦੀ ਸੂਚੀ ਵਿਚ ਜਾਰੀ ਕੀਤੇ ਗਏ ਉਮੀਦਵਾਰਾਂ 'ਚ ਚੰਡੀਗੜ੍ਹ ਨੂੰ ਵੀ ਸ਼ਾਮਲ ਕੀਤਾ ਗਿਆ ਤੇ ਸੰਜੇ ਟੰਡਨ 'ਤੇ ਭਰੋਸਾ ਪ੍ਰਗਟਾਇਆ ਗਿਆ।



ਚੰਡੀਗੜ੍ਹ ਤੋਂ ਸੰਸਦ ਮੈਂਬਰ ਕਿਰਨ ਖੇਰ ਸਮੇਤ ਕਈ ਆਗੂ ਉਮੀਦਵਾਰ ਬਣਨ ਦੇ ਦਾਅਵੇ ਕਰ ਰਹੇ ਸਨ। ਭਾਜਪਾ ਨੇ ਇਸ ਵਾਰ ਦੋ ਵਾਰ ਸੰਸਦ ਮੈਂਬਰ ਰਹਿ ਚੁੱਕੀ ਕਿਰਨ ਖੇਰ ਦੀ ਟਿਕਟ ਰੱਦ ਕਰ ਕੇ ਸੰਜੇ ਟੰਡਨ ਨੂੰ ਮੌਕਾ ਦਿੱਤਾ ਹੈ। ਖੇਰ ਤੋਂ ਇਲਾਵਾ ਸਾਬਕਾ ਪ੍ਰਧਾਨ ਅਰੁਣ ਸੂਦ, ਸਾਬਕਾ ਮੇਅਰ ਅਨੂਪ ਗੁਪਤਾ ਅਤੇ ਸੰਦੀਪ ਸੰਧੂ ਵੀ ਟਿਕਟ ਦੀ ਦੌੜ 'ਚ ਸ਼ਾਮਲ ਸਨ।

# ਏਕਨੂਰ ਸੰਧੂ ਨੇ ਸਿੱਖ ਅਵੇਰਨਿਸ ਮਹੀਨੇ ਨੂੰ ਮੁੱਖ ਰੱਖਕੇ ਕੀਤਾ ਖੂਨਦਾਨ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਬੇਕਰਸਫੀਲਡ (ਕੈਲੀਫੋਰਨੀਆਂ)–** ਬੇਕਰਸਫੀਲ ਨਿਵਾਸੀ ਅਤੇ ਕੋਟਕਕਪੂਰਾ ਦੇ ਖਾਨਦਾਨੀ ਸਿਟੀ ਕਲੱਬ ਦੇ ਸਰਪ੍ਰਸਤ ਸ। ਰਾਜਪਾਲ ਸਿੰਘ ਸੰਧੂ ਦੇ ਬੇਟੇ ਏਕਨੂਰ ਸਿੰਘ ਸੰਧੂ ਵੱਲੋ ਆਪਣੇ ਪਿਤਾ ਵੱਲੋ ਪਾਈ ਪਿਰਤ ਨੂੰ ਅੱਗੇ ਤੋਰਦਿਆ ਸਿੱਖ ਅਵੇਰਨਿਸ ਅਤੇ ਅਪਰੀਸੀਏਸ਼ਨ ਮੰਥ ਤੇ ਸਟਾਕ ਡੇਲ ਹਾਈ ਸਕੂਲ ਬੇਕਰਸਫੀਲਡ ਵਿਖੇ ਲੱਗੇ ਖੂਨਦਾਨ ਕੈਂਪ ਵਿਖੇ ਖੂਨਦਾਨ ਕਰਕੇ ਇਸ ਮੰਥ ਨੂੰ ਸੈਲੀਬਰੇਟ ਕੀਤਾ ਗਿਆ।

ਜਿੱਥੇ ਸ. ਰਾਜਪਾਲ ਸੰਧੂ ਕੋਟਕਪੂਰਾ ਵਿਖੇ ਮਾਨਵਤਾ ਨੂੰ ਪਰਨਾਏ ਕਾਰਜ ਕਰਦੇ ਰਹਿੰਦੇ ਹਨ, ਓਥੇ ਬੇਕਰਸਫੀਲਡ ਵਿਖੇ ਵੀ ਉਹ ਬੱਚਿਆਂ ਨੂੰ ਇਸ ਪਾਸੇ ਪ੍ਰੇਰਕੇ ਇਹਨੂੰ ਵਿਦੇਸ਼ਾਂ ਵਿੱਚ ਵੀ ਅੱਗੇ ਤੋਰ ਰਹੇ ਹਨ। ਉਹਨਾਂ ਕਿਹਾ



ਕਿ ਏਕਨੂਰ ਸਿੰਘ ਸੰਧੂ ਦਾ ਇਹ ਉਪਰਾਲਾ ਨਵੀਂ ਪੀੜੀ ਲਈ ਇੱਕ ਪੂਰਨਾ ਹੈ ਕਿ ਮਨੁੱਖਤਾ ਦੀ ਸੇਵਾ ਸਭ ਤੋ ਉੱਤਮ ਹੈ।

# ਰਾਮਦੇਵ ਤੇ ਬਾਲਕ੍ਰਿਸ਼ਨ ਦਾ ਵੀ ਲੱਗ ਸਕਦਾ ਹੈ ਜੇਲ ਦਾ ਨੰਬਰ

**ਨਵੀਂ ਦਿੱਲੀ–** ਪਤੰਜਲੀ ਇਸ਼ਤਿਹਾਰ ਮਾਮਲੇ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਅੱਜ ਕਿਹਾ ਕਿ ਉਹ ਰਾਮਦੇਵ ਤੇ ਪਤੰਜਲੀ ਆਯੁਰਵੇਦ ਦੇ ਐਮਡੀ ਅਚਾਰੀਆ ਬਾਲਕ੍ਰਿਸ਼ਨ ਦੇ ਮੁਆਫ਼ੀ ਹਲਫ਼ਨਾਮੇ ਨੂੰ ਰੱਦ ਕਰਦੀ ਹੈ। ਸੁਪਰੀਮ ਕੋਰਟ ਨੇ ਕਿਹਾ, 'ਅਸੀਂ ਇੰਨੇ ਫ਼ਿਰਾਖ਼ ਦਿਲ ਨਹੀਂ ਹੋ ਸਕਦੇ।'

ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਮਾਨਤੁੱਲਾ ਦੀ ਬੈਂਚ ਨੇ ਪਤੰਜਲੀ ਦੇ ਵਕੀਲ ਵਿਪਿਨ ਸਾਂਘੀ ਅਤੇ ਮੁਕੁਲ ਰੋਹਤਗੀ ਨੂੰ ਕਿਹਾ ਕਿ ਤੁਸੀਂ ਜਾਣਬੁੱਝ ਕੇ ਅਦਾਲਤੀ ਹੁਕਮਾਂ ਦੀ ਉਲੰਘਣਾ ਕੀਤੀ ਹੈ, ਕਾਰਵਾਈ ਲਈ ਤਿਆਰ ਰਹੋ। ਇਸ ਤੋਂ ਪਹਿਲਾਂ 2 ਅਪਰੈਲ ਨੂੰ ਇਸੇ ਬੈਂਚ 'ਚ ਹੋਈ ਸੁਣਵਾਈ ਦੌਰਾਨ ਪਤੰਜਲੀ ਦੀ ਤਰਫੋਂ ਮੁਆਫੀ ਮੰਗੀ ਗਈ ਸੀ। ਉਸ ਦਿਨ ਵੀ ਬੈਂਚ ਨੇ ਪਤੰਜਲੀ ਨੂੰ ਝਾੜਿਆ ਸੀ ਅਤੇ ਕਿਹਾ ਸੀ ਕਿ ਇਹ ਮੁਆਫ਼ੀ ਸਿਰਫ਼ ਖਾਨਾਪੂਰਤੀ ਲਈ ਹੈ। ਤੁਹਾਡੇ ਅੰਦਰ ਮੁਆਫ਼ੀ ਦੀ ਭਾਵਨਾ ਨਹੀਂ ਹੈ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੇਂਦਰੀ ਸਿੱਖ ਅਜਾਇਬ ਘਰ 'ਚ ਚਾਰ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਕੀਤੀਆਂ ਗਈਆਂ ਸੁਸ਼ੋਭਿਤ

**ਅੰਮ੍ਰਿਤਸਰ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਕੇਂਦਰੀ ਸਿੱਖ ਅਜਾਇਬ ਘਰ 'ਚ ਕਾਰਸੇਵਾ ਸੰਪ੍ਰਦਾ ਗੁਰੂ ਕਾ ਬਾਗ ਦੇ ਮੁਖੀ ਬਾਬਾ ਹਜ਼ਾਰਾ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਚਰਨ ਸਿੰਘ ਮਹਾਲੋਂ, ਸੰਗੀਤ ਮਾਰਤੰਡ ਪਦਮਸ੍ਰੀ ਪ੍ਰੋਫ਼ੈਸਰ ਕਰਤਾਰ ਸਿੰਘ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਬਿਰਤਾਂਤ ਨੂੰ ਕਾਵਿ-ਰੂਪ ਵਿਚ ਦਰਜ ਕਰਨ ਵਾਲੇ ਅਲਹ ਯਾਰ ਖ਼ਾਂ ਜੋਗੀ ਦੀਆਂ ਤਸਵੀਰਾਂ ਸੁਸ਼ੋਭਿਤ ਕੀਤੀਆਂ ਗਈਆਂ। ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਨਿਭਾਈ, ਜਦਕਿ ਇਸ ਮੌਕੇ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਭਾਈ ਗੁਰਬਖ਼ਸ਼ ਸਿੰਘ ਖਾਲਸਾ, ਮੈਂਬਰ ਸੁਰ-ਜੀਤ ਸਿੰਘ ਭਿੱਟੇਵੱਡ, ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ ਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਵੀ ਮੌਜੂਦ ਸਨ। ਇਸ ਮੌਕੇ ਸੰਬੋਧਨ ਕਰਦਿਆਂ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਪੰਥਕ ਖੇਤਰ ਵਿਚ ਸਮੇਂ-ਸਮੇਂ ਸੇਵਾਵਾਂ ਨਿਭਾਉਣ ਵਾਲੀਆਂ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾ ਕੇ ਸਿੱਖ ਕੌਮ ਦੀ ਸਿਰਮੌਰ ਸੰਸਥਾ ਵੱਲੋਂ ਉਨ੍ਹਾਂ ਦਾ ਸਤਿਕਾਰ ਕੀਤਾ ਜਾਂਦਾ ਹੈ।



# ਕੇਂਦਰ ਨੇ ਤਰਨਜੀਤ ਸਿੰਘ ਸੰਧੂ ਨੂੰ ਵਾਈ ਪਲੱਸ ਸੁਰੱਖਿਆ ਦਿੱਤੀ



**ਨਵੀਂ ਦਿੱਲੀ–** ਕੇਂਦਰ ਸਰਕਾਰ ਨੇ ਅਮਰੀਕਾ ਵਿਚ ਸਾਬਕਾ ਭਾਰਤੀ ਰਾਜਦੂਤ ਅਤੇ ਹਾਲ ਹੀ ਵਿਚ ਭਾਜਪਾ ਸ਼ਾਮਲ ਹੋ ਕੇ ਅੰਮ੍ਰਿਤਸਰ ਤੋਂ ਲੋਕ ਸਭਾ ਚੋਣ ਲੜ ਰਹੇ ਤਰਨਜੀਤ ਸਿੰਘ ਸੰਧੂ ਨੂੰ 'ਵਾਈ ਪਲੱਸ ਸ਼੍ਰੇਣੀ ਦੀ ਸੀਆਰਪੀਐਫ ਸੁਰੱਖਿਆ ਦਿੱਤੀ ਹੈ। ਇਸ ਹਫ਼ਤੇ ਦੇ ਸ਼ੁਰੂ ਵਿੱਚ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਹੁਕਮਾਂ ਤੋਂ ਬਾਅਦ ਸ੍ਰੀ ਸੰਧੂ ਨੂੰ ਪੂਰੇ ਭਾਰਤ ਵਿੱਚ ਸੁਰੱਖਿਆ ਕਵਰ ਦਿੱਤੀ ਗਈ ਹੈ। ਇੰਟੈਲੀਜੈਂਸ ਬਿਊਰੋ ਦੀ ਰਿਪੋਰਟ ਦੇ ਅਧਾਰ 'ਤੇ ਸੁਰੱਖਿਆ ਕਵਰ ਵਧਾਉਣ ਦਾ ਫੈਸਲਾ ਲਿਆ ਹੈ।



# ਅਮਰੀਕਾ ਵਿਚ ਆਏ ਜਬਰਦਸਤ ਤੂਫਾਨ ਨੇ ਜਾਰਜੀਆ ਤੋਂ ਇਲੀਨੋਇਸ ਤੱਕ ਮਚਾਈ ਭਾਰੀ ਤਬਾਹੀ

## ਘਰਾਂ ਤੇ ਹੋਰ ਇਮਾਰਤਾਂ ਨੂੰ ਪੁੱਜਾ ਭਾਰੀ ਨੁਕਸਾਨ-ਇਕ ਮੌਤ ਤੇ ਕਈ ਜਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਵਿਚ ਆਏ ਜਬਰਦਸਤ ਤੂਫਾਨ ਨੇ ਭਾਰੀ ਤਬਾਹੀ ਮਚਾਈ ਹੈ ਤੇ ਤੂਫਾਨ ਜਾਰਜੀਆ ਤੋਂ ਇਲੀਨੋਇਸ ਤੱਕ ਆਪਣੇ ਪਿੱਛੇ ਤਬਾਹੀ ਦੇ ਨਿਸ਼ਾਨ ਛੱਡ ਗਿਆ ਹੈ। ਸ਼ੱਕਤੀਸ਼ਾਲੀ ਤੂਫਾਨ ਨੇ ਦੱਖਣ ਤੋਂ ਉਹੀਓ ਵੈਲੀ ਤੱਕ ਭਾਰੀ ਨੁਕਸਾਨ ਕੀਤਾ ਹੈ ਜਿਸ ਦੀ ਲਪੇਟ ਵਿਚ ਆ ਕੇ ਇਕ ਵਿਅਕਤੀ ਦੇ ਮਾਰੇ ਜਾਣ ਤੇ ਅਨੇਕਾਂ ਹੋਰਨਾਂ ਦੇ ਜਖਮੀ ਹੋ ਜਾਣ ਦੀ ਖਬਰ ਹੈ। ਅਨੇਕਾਂ ਘਰ ਤੇ ਹੋਰ ਇਮਾਰਤਾਂ ਨੂੰ ਨੁਕਸਾਨ ਪੁੱਜਾ ਹੈ। ਗਵਰਨਰ ਐਂਡੀ ਬੇਸ਼ੀਅਰ ਨੇ ਕਿਹਾ ਹੈ ਕਿ ਖਤਰਨਾਕ ਤੂਫਾਨ ਕਾਰਨ ਕੈਂਟੂਕੀ ਵਿਚ ਘੱਟੋ ਘੱਟ ਇਕ ਵਿਅਕਤੀ ਮਾਰਿਆ ਗਿਆ ਹੈ। ਗਵਰਨਰ ਨੇ ਲੈਕਸਿੰਗਟਨ ਖੇਤਰ ਵਿਚ ਤੂਫਾਨ ਕਾਰਨ ਪੁੱਜੇ ਨੁਕਸਾਨ ਦੇ ਮੱਦੇਨਜਰ ਰਾਜ ਭਰ ਵਿਚ ਹੰਗਾਮੀ ਸਥਿੱਤੀ ਦਾ ਐਲਾਨ ਕੀਤਾ ਹੈ। ਤੂਫਾਨ ਕਾਰਨ



ਲੋਇਸਵਿਲੇ ਦੇ ਉੱਤਰ ਵਿਚ ਜੈਫਰਸਨਵਿਲੇ, ਇੰਡਿਆਨਾ ਵਿਚ ਘੱਟੋ ਘੱਟ 10 ਵਿਅਕਤੀ ਜਖਮੀ ਹੋਏ ਹਨ। ਇਹ ਜਾਣਕਾਰੀ ਸ਼ਹਿਰ ਦੇ ਮੇਅਰ ਨੇ ਦਿੱਤੀ ਹੈ। ਘਰਾਂ ਦੀਆਂ ਛੱਤਾਂ ਉੱਡ ਗਈਆਂ ਹਨ ਤੇ ਮਲਬਾ ਦੂਰ ਤੱਕ ਫੈਲ ਗਿਆ ਹੈ। ਗਵਰਨਰ ਜਿਮ ਜਸਟਿਸ ਅਨੁਸਾਰ ਪੂਰੇ ਪੱਛਮੀ ਵਰਜੀਨੀਆ ਵਿਚ ਮੀਂਹ ਕਾਰਨ ਹਾਲਾਤ ਹੜ ਵਰਗੇ ਬਣ ਗਏ ਹਨ। ਦਰਖਤ ਡਿੱਗੇ ਪਏ ਹਨ ਤੇ ਬਿਜਲੀ ਠੱਪ ਹੋ ਗਈ ਹੈ। ਇਸ ਦੇ ਨਾਲ ਹੀ ਸੜਕਾਂ ਜਾਮ ਹੋ ਗਈਆਂ ਹਨ। ਗਵਰਨਰ ਨੇ ਫੇਏਟੀ, ਕਾਨਾਵਹਾ, ਲਿਨਕੋਲਨ ਤੇ ਨਿਕੋਲਸ ਕਾਊਂਟੀਆਂ ਵਿਚ ਹੰਗਾਮੀ ਹਾਲਤ ਦਾ ਐਲਾਨ ਕੀਤਾ ਹੈ। ਐਮਰਜੈਂਸੀ ਦਫਤਰ ਦੇ ਮੈਨਜਮੈਂਟ ਡਾਇਰੈਕਟਰ ਕੈਵਿਨ ਵਾਲਕਰ ਅਨੁਸਾਰ ਫੇਏਟੀ ਕਾਊਂਟੀ ਪੱਛਮੀ ਵਰਜੀਨੀਆ ਵਿਚ ਘੱਟੋ ਘੱਟ 13 ਘਰਾਂ ਨੂੰ ਨੁਕਸਾਨ ਪੁੱਜਾ ਹੈ ਤੇ ਕੁਝ ਲੋਕ ਜਖਮੀ ਵੀ ਹੋਏ ਹਨ। ਉਨਾਂ ਕਿਹਾ ਕਿ ਕੁਝ ਘਰਾਂ ਨੂੰ ਬਹੁਤ ਜਿਆਦਾ ਨੁਕਸਾਨ ਪੁੱਜਾ ਹੈ।

# ਐਫ ਬੀ ਆਈ ਦੇ ਦਫਤਰ ਦੇ ਗੇਟ ਵਿੱਚ ਕਾਰ ਮਾਰਨ ਵਾਲੇ ਵਿਅਕਤੀ ਦੀ ਹੋਈ ਪਛਾਣ, ਮਾਮਲਾ ਦਰਜ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਅਮਰੀਕੀ ਜਾਂਚ ਏਜੰਸੀ ਐਫ ਬੀ ਆਈ ਦੇ ਐਟਲਾਂਟਾ ਫੀਲਡ ਦਫਤਰ ਦੇ ਗੇਟ ਵਿਚ ਕਾਰ ਮਾਰ ਕੇ ਅੰਦਰ ਜਬਰਦਸਤੀ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਸ਼ੱਕੀ ਦੋਸ਼ੀ ਦੀ ਪਛਾਣ ਏਰਵਿਨ ਲੀ ਬੋਲਿੰਗ ਵਜੋਂ ਹੋਈ ਹੈ। ਉਸ ਦੀ ਪਛਾਣ ਉਸ ਕੋਲੋਂ ਮਿਲੇ ਪਾਸਪੋਰਟ ਤੋਂ ਹੋਈ ਹੈ। ਡੇਕਾਲਬ ਕਾਊਂਟੀ ਪੁਲਿਸ ਦੇ ਬੁਲਾਰੇ ਅਫਸਰ ਈਲਿਸ ਵੈਲਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਬੋਲਿੰਗ ਨੂੰ ਬਕਾਇਦਾ ਗ੍ਰਿਫਤਾਰ ਕਰਕੇ ਉਸ ਵਿਰੁੱਧ ਸਰਕਾਰੀ ਜਾਇਦਾਦ ਵਿੱਚ ਦਖਲਅੰਦਾਜੀ ਕਰਨ ਦੇ ਦੋਸ਼ ਲਾਏ ਗਏ ਹਨ। ਉਸ ਵਿਰੁੱਧ ਸੰਘੀ ਅਦਾਲਤ ਵਿਚ ਵੀ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਲਾਏ ਗਏ ਹਨ। ਲਾਅ ਇਨਫੋਰਸਮੈਂਟ ਸੂਤਰਾਂ ਅਨੁਸਾਰ ਸ਼ੱਕੀ ਦੱਖਣੀ ਕੈਰੋਲੀਨਾ ਦਾ ਵਸਨੀਕ ਹੈ ਤੇ ਉਹ ਸਾਬਕਾ ਸੈਨਿਕ ਹੈ। ਅਦਾਲਤੀ ਦਸਤਾਵੇਜਾਂ ਅਨੁਸਾਰ ਗ੍ਰਿਫਤਾਰੀ ਸਮੇ ਉਸ ਨੇ ਵਿਰੋਧ ਕੀਤਾ ਤੇ ਆਦੇਸ਼ ਦੀ ਪਾਲਣਾ ਨਹੀਂ ਕੀਤੀ ਪਰੰਤੂ ਆਖਰਕਾਰ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ।

# ਡੋਨਲਡ ਟਰੰਪ ਨੂੰ ਝਟਕਾ ਜੱਜ ਨੇ ਚੋਣ ਦਖਲਅੰਦਾਜੀ ਮਾਮਲੇ ਵਿਚ ਦੋਸ਼ ਰੱਦ ਕਰਨ ਦੀ ਬੇਨਤੀ ਠੁਕਰਾਈ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਜਾਰ-ਜੀਆ ਦੇ ਇਕ ਜੱਜ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਚੋਣ ਦਖਲਅੰਦਾਜੀ ਮਾਮਲੇ ਵਿਚ ਦੋਸ਼ ਰੱਦ ਕਰਨ ਦੀ ਬੇਨਤੀ ਨੂੰ ਠੁਕਰਾ ਦਿੱਤਾ ਹੈ ਤੇ ਆਦੇਸ਼ ਦਿੱਤਾ ਕਿ ਦੋਸ਼ ਰੱਦ ਕਰਨ ਦੀ ਬਜਾਏ ਇਕ ਜਿਊਰੀ ਇਸ ਸਬੰਧੀ ਫੈਸਲਾ ਲਵੇ ਕਿ ਕੀ ਸਾਬਕਾ ਰਾਸ਼ਟਰਪਤੀ ਨੇ ਕਾਨੂੰਨ ਤੋੜਿਆ ਹੈ? ਵਕੀਲ ਨੇ ਦਲੀਲ ਦਿੱਤੀ ਕਿ ਪਹਿਲੀ ਸੋਧ ਟਰੰਪ ਨੂੰ ਚੋਣਾਂ ਵਿਚ ਦਖਲਅੰਦਾਜੀ ਕਰਨ ਦੇ ਦੋਸ਼ਾਂ ਤੋਂ ਰਾਹਤ ਦਿੰਦੀ ਹੈ ਕਿਉਂਕਿ ਵੱਡੀ ਪੱਧਰ ਉਪਰ ਹੋਈ ਚੋਣ ਧਾਂਦਲੀ ਦਾ ਉਨਾਂ ਦਾ ਦਾਅਵਾ ਰਾਜਸੀ ਭਾਸ਼ਣ ਸੀ। ਟਰੰਪ ਦੇ ਵਕੀਲ ਸਟੀਵ ਸੈਡੋਅ ਨੇ ਦਲੀਲ ਦਿੱਤੀ ਕਿ ਦੋਸ਼ ਰੱਦ ਕੀਤੇ ਜਾਣ ਕਿਉਂਕਿ ਟਰੰਪ ਇਕ ਰਾਸ਼ਟਰਪਤੀ ਵਜੋਂ ਰਾਜਨੀਤੀ ਬਾਰੇ ਗੱਲ ਕਰ ਰਿਹਾ ਸੀ। ਵਕੀਲ ਨੇ ਕਿਹਾ ਕਿ ਜੇਕਰ ਟਰੰਪ ਨੇ ਝੂਠਾ ਬਿਆਨ ਦਿੱਤਾ ਸੀ ਜਿਵੇਂ ਕਿ ਦੋਸ਼ ਲਾਇਆ ਗਿਆ ਹੈ ਤਾਂ ਵੀ ਇਸ ਰਾਜਸੀ ਬਹਿਸ ਲਈ ਉਹ ਰਾਹਤ ਦਾ ਹੱਕਦਾਰ ਹੈ।

ਫਲਟਨ ਕਾਊਂਟੀ ਸੁਪੀਰੀਅਰ ਜੱਜ ਸਕਾਟ ਮੈਕਾਫੀ ਨੇ ਆਦੇਸ਼ ਦਿੱਤਾ ਕਿ ਪਹਿਲੀ ਸੋਧ ਉਸ ਭਾਸ਼ਣ ਦਾ ਬਚਾਅ ਨਹੀਂ ਕਰਦੀ ਜੋ ਭਾਸ਼ਣ ਅਪਰਾਧ ਦਾ ਹਿੱਸਾ ਹੋਵੇ। ਇਸ ਲਈ ਜਿਊਰੀ ਫੈਸਲਾ ਲਵੇ ਕਿ ਟਰੰਪ ਦੇ ਮਾਮਲੇ ਵਿਚ ਕੀ ਅਜਿਹਾ ਹੋਇਆ ਹੈ। ਮੈਕਾਫੀ ਨੇ ਆਪਣੇ ਆਦੇਸ਼ ਵਿਚ ਲਿਖਿਆ ਹੈ ਕਿ ਇਹ ਦੋਸ਼ ਕਿ ਮੁਲਜਿਮ ਦੇ ਭਾਸ਼ਣ ਜਾਂ ਵਿਵਹਾਰ ਵਿਚ ਅਪਰਾਧਕ ਇਰਾਦਾ ਸ਼ਾਮਿਲ ਸੀ ਇਹ ਇਕ ਅਜਿਹਾ ਮਾਮਲਾ ਹੈ ਜਿਸ ਨੂੰ ਜਿਊਰੀ ਹੀ ਹਲ ਕਰ ਸਕਦੀ ਹੈ। ਇਸ ਉਪਰੰਤ ਸਾਬਕਾ ਰਾਸ਼ਟਰਪਤੀ ਦੇ ਵਕੀਲ ਨੇ ਕਿਹਾ ਕਿ ਅਸੀਂ ਮੈਕਾਫੀ ਦੇ ਆਦੇਸ਼ ਨਾਲ ਸਨਮਾਨ ਸਹਿਤ ਅਸਹਿਮ ਹਾਂ ਤੇ ਸੰਭਾਵੀ ਤੌਰ 'ਤੇ ਇਸ ਮੁੱਦੇ ਨੂੰ ਫਿਰ ਉਠਾਇਆ ਜਾਵੇਗਾ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


# ਇਸਰਾਈਲ ਹਮਾਸ ਜੰਗ ਉਪਰੰਤ ਅਮਰੀਕਾ ਵਿਚ ਮੁਸਲਮਾਨਾਂ ਵਿਰੋਧੀ ਨਫਰਤੀ ਘਟਨਾਵਾਂ ਵਿਚ ਹੋਇਆ ਭਾਰੀ ਵਾਧਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਕੌਂਸਲ ਆਫ ਅਮੈਰੀਕਨ-ਇਸਲਾਮਿਕ ਰੀਲੇਸ਼ਨਜ ਨੇ ਕਿਹਾ ਹੈ ਕਿ ਪਿਛਲੇ ਸਾਲ ਉਸ ਨੂੰ ਮੁਸਲਮਾਨਾਂ ਨਾਲ ਪੱਖਪਾਤ ਜਾਂ ਨਸਲੀ ਨਫਰਤ ਦੀਆਂ 8061 ਸ਼ਿਕਾਇਤਾਂ ਮਿਲੀਆਂ ਹਨ ਜੋ ਕਿ ਇਕ ਰਿਕਾਰਡ ਹੈ। 28 ਸਾਲਾਂ ਵਿਚ ਪਿਛਲੇ ਸਾਲ ਵਾਪਰੀਆਂ ਇਹ ਘਟਨਾਵਾਂ ਸਭ ਤੋਂ ਵਧ ਹਨ। ਅਮਰੀਕਾ ਦੇ ਸਭ ਤੋਂ ਵੱਡੇ ਇਸ ਮੁਸਲਮਾਨ ਐਡਵੋਕੇਸੀ ਗਰੁੱਪ ਨੇ ਜਾਰੀ ਮਨੁੱਖੀ ਹੱਕਾਂ ਬਾਰੇ ਆਪਣੀ ਸਾਲਾਨਾ ਰਿਪੋਰਟ ਵਿਚ ਇਹ ਪ੍ਰਗਟਾਵਾ ਕੀਤਾ ਹੈ। ਰਿਪੋਰਟ ਦੇ ਸਹਿ ਲੇਖਿਕ ਤੇ ਕੌਂਸਲ ਆਫ ਅਮੈਰੀਕਨ-ਇਸਲਾਮਿਕ ਰੀਲੇਸ਼ਨਜ ਦੇ ਕੋਆਰਡੀਨੇਟਰ ਫਰਹਾ ਅਫੀਫੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਨਵੇਂ ਅੰਕੜਿਆਂ ਨੇ ਸਾਡੇ ਸ਼ੱਕ ਦੀ ਪੁਸ਼ਟੀ ਕੀਤੀ ਹੈ। ਅਕਤੂਬਰ 23 ਤੋਂ ਬਾਅਦ ਦੇਸ਼ ਵਿਚ ਪਿਛਲੇ ਇਕ ਦਹਾਕੇ ਦੌਰਾਨ ਪਹਿਲੀ ਵਾਰ ਸਭ ਤੋਂ ਵੱਡੀ ਮੁਸਲਮਾਨ ਵਿਰੋਧੀ ਨਫਰਤੀ ਲਹਿਰ ਵੇਖੀ ਗਈ ਹੈ। ਪਿਛਲੇ ਸਾਲ ਸ਼ਿਕਾਇਤਾਂ ਵਿਚ 56 % ਵਾਧਾ ਹੋਇਆ ਹੈ ਜਦ ਕਿ 2022 ਵਿਚ 5156 ਸ਼ਿਕਾਇਤਾਂ ਮਿਲੀਆਂ ਸਨ। ਕੌਂਸਲ ਨੇ ਕਿਹਾ ਹੈ ਕਿ ਮੁਸਲਮਾਨਾਂ ਵਿਰੋਧੀ ਨਫਰਤੀ ਘਟਨਾਵਾਂ ਵਿਚ ਵਾਧਾ ਹੋਣ ਦਾ ਮੁੱਖ ਕਾਰਨ ਇਸਰਾਈਲ- ਹਮਾਸ ਜੰਗ ਹੈ ਜੋ ਅਕਤੂਬਰ ਵਿਚ ਸ਼ੁਰੂ ਹੋਈ ਸੀ। 2023 ਵਿਚ ਮਿਲੀਆਂ ਕੁਲ ਸ਼ਿਕਾਇਤਾਂ ਵਿਚੋਂ 44% ਤੋਂ ਵਧ ਸਾਲ ਦੇ ਪਿਛਲੇ 3 ਮਹੀਨਿਆਂ ਦੌਰਾਨ ਮਿਲੀਆਂ ਹਨ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਮਨੁੱਖੀ ਤਸਕਰੀ ਦੇ ਮਾਮਲੇ ਵਿਚ ਇਕ ਟੈਕਸਾਸ ਨੈਸ਼ਨਲ ਗਾਰਡ ਗ੍ਰਿਫਤਾਰ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਟੈਕਸਾਸ ਨੈਸ਼ਨਲ ਗਾਰਡ ਦੇ ਇਕ ਮੈਂਬਰ ਨੂੰ ਗ੍ਰਿਫਤਾਰ ਕਰਕੇ ਉਸ ਵਿਰੁੱਧ ਮਨੁੱਖੀ ਤਸਕਰੀ ਦੇ ਦੋਸ਼ ਲਾਏ ਜਾਣ ਦੀ ਖਬਰ ਹੈ। ਟੈਕਸਾਸ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਦੁਆਰਾ ਸ਼ੱਕੀ ਦੋਸ਼ੀ ਦੀ ਪਛਾਣ ਸੈਵੀਆਨ ਜੌਹਨਸਨ (23) ਵਜੋਂ ਕੀਤੀ ਗਈ ਹੈ। ਕਿੰਨੀ ਕਾਊਂਟੀ ਸ਼ੈਰਿਫ ਬਰਾਡ ਕੋਇ ਨੇ ਕਿਹਾ ਹੈ ਕਿ ਜੌਹਨਸਨ ਨੇ ਕਿੰਨੀ ਕਾਊਂਟੀ ਵਿਚ ਇਕ ਨਾਕੇ ਤੋਂ ਵਾਪਿਸ ਮੋੜ ਕੇ ਆਪਣੀ ਗੱਡੀ ਭਜਾ ਲਈ ਜਿਸ ਦਾ ਪੁਲਿਸ ਅਫਸਰਾਂ ਤੇ ਹੋਰ ਜਵਾਨਾਂ ਨੇ ਪਿੱਛਾ ਕੀਤਾ। ਉਨਾਂ ਕਿਹਾ ਕਿ ਇਕ ਥਾਂ 'ਤੇ ਉਸ ਨੇ ਗੱਡੀ ਰੋਕੀ ਜਿਸ ਵਿਚੋਂ ਇਕ ਪ੍ਰਵਾਸੀ ਫਰਾਰ ਹੋ ਗਿਆ ਜਿਸ ਨੂੰ ਫੜਿਆ ਨਹੀਂ ਜਾ ਸਕਿਆ ਜਦ ਕਿ ਬਾਅਦ ਵਿਚ ਜੌਹਨਸਨ ਨੂੰ ਗ੍ਰਿਫਤਾਰ ਕਰ ਲਿਆ ਗਿਆ।

# ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀਆਂ ਜਿਲਾ ਪ੍ਰਧਾਨਾਂ ਦੀਆਂ ਚੋਣਾਂ ਮੁਕੰਮਲ

**ਮੁਹਾਲੀ, ਫਿਲੌਰ ਅਪਰਾ (ਜੱਸੀ)** ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ 17ਵੀਂ ਜਨਰਲ ਕੌਂਸਲ ਦੀਆਂ ਚੋਣਾਂ ਜਥੇਬੰਦੀ ਦੇ ਸੰਵਿਧਾਨ ਮੁਤਾਬਕ ਬੀਤੇ ਦਿਨ ਮੁਕੰਮਲ ਹੋ ਗਈਆਂ। ਚੋਣਾਂ ਦੇ ਅਮਲ ਨੂੰ ਨੇਪਰੇ ਚਾੜ੍ਹਨ ਲਈ ਸਾਰੇ ਜਿਲਿਆਂ ਵਿੱਚ ਰਿਟਾਰਨਿੰਗ ਤੇ ਸਹਾਇਕ ਰਿਟਾਰਨਿੰਗ ਅਫ਼ਸਰ ਨਿਯੁਕਤ ਕੀਤੇ ਗਏ ਸਨ ਜਿਹਨਾਂ ਦੀ ਸਮੁੱਚੀ ਦੇਖ ਰੇਖ ਵਿੱਚ ਜਿਲਾ ਪ੍ਰਧਾਨਾਂ ਦੀਆਂ ਚੋਣਾਂ ਨਿਰਵਿਘਨ ਸੰਪਨ ਹੋਈਆਂ। ਇਸ ਸਮੇਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਤੇ ਸਕੱਤਰ ਗੁਰਬਿੰਦਰ ਸਿੰਘ ਸਸਕੌਰ ਨੇ ਨਵੇਂ ਚੁਣੇ ਗਏ ਜਿਲਾ ਪ੍ਰਧਾਨਾਂ ਨੂੰ ਵਧਾਈ ਦਿੱਤੀ ਹੈ ਅਤੇ ਜਾਣਕਾਰੀ ਦਿੱਤੀ ਕਿ ਅਗਲੇ ਪੜਾਅ ਵਿੱਚ ਸੂਬਾ ਕਮੇਟੀ ਦੀ ਚੋਣ 17 ਅਪ੍ਰੈਲ ਨੂੰ ਲੁਧਿਆਣਾ ਵਿਖੇ ਕੀਤੀ ਜਾਵੇਗੀ। ਜਿਲਿਆਂ ਦੇ ਰਿਟਾਰਨਿੰਗ ਅਫਸਰਾਂ ਤੋਂ ਇਕੱਠੀ ਕੀਤੀ ਰਿਪੋਰਟ ਮੁਤਾਬਿਕ ਪੰਜਾਬ ਦੇ 23 ਜਿਲਾ ਪ੍ਰਧਾਨਾਂ ਵਿੱਚ ਅੰਮ੍ਰਿਤਸਰ ਤੋਂ ਸੁੱਚਾ ਸਿੰਘ ਟਰਪਈ, ਬਰਨਾਲਾ ਤੋਂ ਹਰਿੰਦਰ ਮੱਲੀਆਂ, ਬਠਿੰਡਾ ਤੋਂ ਬਲਦੇਵ ਸਿੰਘ ਬਰਾੜ, ਫਰੀਦਕੋਟ ਤੋਂ ਸਰਬਜੀਤ ਸਿੰਘ ਬਰਾੜ, ਫ਼ਤਹਿਗੜ੍ਹ ਸਾਹਿਬ ਤੋਂ ਸੁਖਵਿੰਦਰ ਸਿੰਘ ਚਾਹਲ, ਫ਼ਾਜ਼ਿਲਕਾ ਤੋਂ ਪਰਮਜੀਤ ਸਿੰਘ ਸ਼ੋਰੇ ਵਾਲਾ, ਫ਼ਿਰੋਜ਼ਪੁਰ ਤੋਂ ਰਾਜੀਵ ਹਾਂਡਾ, ਗੁਰਦਾਸਪੁਰ ਤੋਂ ਕੁਲਦੀਪ ਪੁਰੋਵਾਲ, ਹੁਸ਼ਿਆਰਪੁਰ ਤੋਂ ਪ੍ਰਿੰਸੀਪਲ ਅਮਨਦੀਪ ਸ਼ਰਮਾ, ਜਲੰਧਰ ਤੋਂ ਕਰਨੈਲ ਫ਼ਿਲੌਰ, ਕਪੂਰਥਲਾ ਤੋਂ ਸੁਖਚੈਨ ਸਿੰਘ ਬੱਧਣ, ਲੁਧਿਆਣਾ ਤੋਂ ਜਗਜੀਤ ਸਿੰਘ ਮਾਨ, ਮਲੇਰਕੋਟਲਾ ਤੋਂ ਨੂਰ ਮੁਹੰਮਦ, ਮਾਨਸਾ ਤੋਂ ਨਰਿੰਦਰ ਸਿੰਘ ਮਾਖਾ, ਮੋਗਾ ਤੋਂ ਜੱਜ ਪਾਲ ਸਿੰਘ ਬਾਜੇ ਕੇ, ਮੁਕਤਸਰ ਤੋਂ ਮਨੋਹਰ ਲਾਲ ਸ਼ਰਮਾ, ਪਠਾਨਕੋਟ–ਤੋਂ ਬੋਧ ਰਾਜ ਭੋਆ, ਪਟਿਆਲਾ ਤੋਂ ਜਸਵਿੰਦਰ ਸਿੰਘ ਸਮਾਣਾ, ਰੂਪਨਗਰ ਤੋਂ ਗੁਰਬਿੰਦਰ ਸਿੰਘ ਸਸਕੌਰ, ਐਸ ਏ ਐਸ ਨਗਰ ਤੋਂ ਰਵਿੰਦਰ ਸਿੰਘ ਪੱਪੀ ਸਿੱਧੂ, ਐਸ ਬੀ ਐਸ ਨਗਰ ਤੋਂ ਬਿਕਰਮਜੀਤ ਸਿੰਘ, ਸੰਗਰੂਰ ਤੋਂ ਦੇਵੀ ਦਿਆਲ ਅਤੇ ਤਰਨਤਾਰਨ ਤੋਂ ਸਰਬਜੀਤ ਸਿੰਘ ਸੰਧੂ ਚੁਣੇ ਗਏ।




# ਅਮਰੀਕਾ ਤੇ ਭਾਰਤ ਵਿਚਾਲੇ ਭਾਈਵਾਲੀ ਨਵੀਂ ਉੱਚਾਈ 'ਤੇ –ਸੁਲੀਵਨ

**ਵਾਸ਼ਿੰਗਟਨ–** ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੈਕ ਸੁਲੀਵਨ ਨੇ ਕਿਹਾ ਕਿ ਤਕਨਾਲੋਜੀ ਅਤੇ ਹੋਰ ਖੇਤਰਾਂ ਵਿੱਚ ਭਾਰਤ ਨਾਲ ਸਾਂਝੇਦਾਰੀ ਨਵੀਆਂ ਉਚਾਈਆਂ 'ਤੇ ਪਹੁੰਚੀ ਹੈ। ਉਨ੍ਹਾਂ ਬ੍ਰਿਕਸ ਦੇ ਵਿਸਥਾਰ ਨੂੰ ਅਮਰੀਕੀ ਲੀਡਰਸ਼ਿਪ ਲਈ ਇੱਕ ਝਟਕਾ ਮੰਨਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ, ਅਸੀਂ ਹਾਲ ਹੀ ਵਿੱਚ ਨਾਟੋ ਵਰਗੇ ਸੰਗਠਨਾਂ ਦੇ ਵਿਸਤਾਰ ਨੂੰ ਦੇਖਿਆ ਹੈ ਅਤੇ ਭਾਰਤ-ਪ੍ਰਸ਼ਾਂਤ ਖੇਤਰ ਵਿੱਚ ਸਾਡੇ ਸਬੰਧਾਂ ਵਿੱਚ ਹੋਰ ਸੁਧਾਰ ਹੋਇਆ ਹੈ।



ਵ੍ਹਾਈਟ ਹਾਊਸ 'ਚ ਆਯੋਜਿਤ ਇਕ ਪ੍ਰੈੱਸ ਕਾਨਫਰੰਸ 'ਚ ਸੁਲੀਵਾਨ ਬ੍ਰਿਕਸ ਬਾਰੇ ਪੱਤਰਕਾਰਾਂ ਵਲੋਂ ਪੁੱਛੇ ਗਏ ਇਕ ਸਵਾਲ ਦਾ ਜਵਾਬ ਦੇ ਰਹੇ ਸਨ, ਜਿਸ 'ਚ ਉਨ੍ਹਾਂ ਕਿਹਾ ਕਿ ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ 'ਤੇ ਆਧਾਰਿਤ ਸੰਗਠਨ ਦਾ ਵਿਸਤਾਰ ਅਮਰੀਕਾ ਦੀ ਅਗਵਾਈ 'ਚ ਭਰਵੱਟੇ ਉਠਾ ਰਿਹਾ ਹੈ । ਹਾਲ ਹੀ ਵਿੱਚ ਈਰਾਨ, ਮਿਸਰ, ਸੰਯੁਕਤ ਅਰਬ ਅਮੀਰਾਤ ਅਤੇ ਇਥੋਪੀਆ ਬ੍ਰਿਕਸ ਵਿੱਚ ਸ਼ਾਮਲ ਹੋਏ ਹਨ ਅਤੇ ਸਾਊਦੀ ਅਰਬ ਸ਼ਾਮਲ ਹੋਣ ਬਾਰੇ ਵਿਚਾਰ ਕਰ ਰਿਹਾ ਹੈ। ਭਾਰਤ ਨਾਲ ਅਮਰੀਕਾ ਦੀ ਭਾਈਵਾਲੀ ਲਗਾਤਾਰ ਮਜ਼ਬੂਤ ਹੁੰਦੀ ਜਾ ਰਹੀ ਹੈ।

ਇਸ 'ਤੇ ਸੁਲੀਵਨ ਨੇ ਕਿਹਾ ਕਿ ਅਜਿਹਾ ਨਹੀਂ ਹੈ, ਭਾਰਤ ਨਾਲ ਅਮਰੀਕਾ ਦੀ ਭਾਈਵਾਲੀ ਲਗਾਤਾਰ ਮਜ਼ਬੂਤ ਹੋ ਰਹੀ ਹੈ। ਜੇਕਰ ਤੁਸੀਂ ਦੁਨੀਆ ਦੇ ਪ੍ਰਮੁੱਖ ਖੇਤਰਾਂ 'ਚ ਅਮਰੀਕਾ ਦੀ ਭੂਮਿਕਾ ਅਤੇ ਉਸ ਦੇ ਰੁਖ 'ਤੇ ਨਜ਼ਰ ਮਾਰਦੇ ਹੋ, ਤਾਂ ਅਸੀਂ ਜਿੱਥੇ ਹਾਂ, ਉਸ ਤੋਂ ਬਹੁਤ ਖੁਸ਼ ਹਾਂ।

ਤੁਸੀਂ ਦੇਖੋ ਕਿ ਨਾਟੋ ਨਾਲ ਕੀ ਹੋਇਆ, ਅਸੀਂ ਇਸਨੂੰ ਹੁਣ ਤੱਕ ਦਾ ਸਭ ਤੋਂ ਵੱਡਾ ਵਿਸਥਾਰ ਦਿੱਤਾ ਹੈ। ਜੇਕਰ ਅਸੀਂ ਪਿਛਲੇ ਹਫਤੇ ਦੀ ਗੱਲ ਕਰੀਏ ਤਾਂ ਅਮਰੀਕਾ, ਜਾਪਾਨ ਅਤੇ ਫਿਲੀਪੀਨਜ਼ ਵਿਚਕਾਰ ਇਤਿਹਾਸਕ ਤਿਕੋਣੀ ਸਹਿਯੋਗ ਦੀ ਸੰਭਾਵਨਾ ਹੈ। ਸੁਲੀਵਾਨ ਨੇ ਕਿਹਾ ਕਿ ਹਾਲਾਂਕਿ ਸਾਨੂੰ ਚੀਨ ਦੁਆਰਾ ਰੂਸ ਨਾਲ ਸਿੱਧੇ ਫੌਜੀ ਸਹਿਯੋਗ ਦੇ ਸਬੂਤ ਨਹੀਂ ਮਿਲੇ ਹਨ, ਫਿਰ ਵੀ ਅਸੀਂ ਚੀਨ ਨਾਲ ਚਿੰਤਾਵਾਂ ਉਠਾਈਆਂ ਹਨ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਬੈਸਾਖ ਸੁਹਾਵਾ ਤਾ ਲਗੈ...

ਵਿਸਾਖ ਮਹੀਨਾ ਬਿਕਰਮੀ ਸੰਮਤ ਅਤੇ ਨਾਨਕਸ਼ਾਹੀ ਸੰਮਤ ਦਾ ਪਹਿਲਾ ਮਹੀਨਾ ਅਤੇ ਈਸਵੀ ਸੰਨ ਦਾ ਚੌਥਾ ਮਹੀਨਾ ਹੈ। ਸਿੱਖ ਧਰਮ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਵਿਸਾਖ ਨੂੰ ਮਹੀਨੇ ਨੂੰ ਇਵੇਂ ਚਿਤਰਿਆ ਹੈ ਨਾਨਕ ਕੀ ਪ੍ਰਭ ਬੇਨਤੀ ਪ੍ਰਭੁ ਮਿਲਿਉ ਪ੍ਰਾਪਤ ਤੋਈ ਹੋਇ, ਬੈਸਾਖ ਸੁਹਾਵਾ ਤਾ ਲਗੈ ਜਾ ਸੰਤ ਭੇਟੇ ਹਰਿ ਸੋਏ।

ਵਿਸਾਖ ਦਾ ਮਹੀਨਾ ਕੁਦਰਤ ਦੀ ਮਿਹਰ ਨਾਲ ਕਿਰਤੀ ਕਿਸਾਨਾਂ ਦੀ ਖ਼ੂਨ ਪਸੀਨੇ ਦੀ ਸਾਂਝੀ ਮਿਹਨਤ ਨੂੰ ਫਲ ਦੇਵਣ, ਪੱਕਣ ਅਤੇ ਘਰ ਲਿਆ ਕੇ ਬਚਦੀ ਮੰਡੀਆਂ ਵਿੱਚ ਵੇਚਣ ਦਾ ਮਹੀਨਾ ਹੁੰਦਾ ਹੈ। ਭਾਰਤੀ ਉੱਪ ਮਹਾਂਦੀਪ ਦੇ ਕਿਰਤੀਆਂ ਕਿਸਾਨਾਂ ਦੇ ਆਰਥਿਕ ਅਤੇ ਸਾਮਾਜਿਕ ਏਕਤਾ ਦੀ ਪ੍ਰੀਖਿਆ ਦੇ ਨਤੀਜੇ ਸੁਣਨ ਦਾ ਮਹੀਨਾ ਹੁੰਦਾ ਹੈ। ਵਿਦਿਆਰਥੀਆਂ ਦੇ ਪੇਪਰ ਦੇ ਨਤੀਜਿਆਂ ਦੀਆਂ ਉਡੀਕਾਂ ਜਾਂ ਕਾਲਜਾਂ, ਯੂਨੀਵਰਸਿਟੀਆਂ ਦੀਆਂ ਪ੍ਰੀਖਿਆਵਾਂ ਸ਼ੁਰੂ ਹੋਣ ਦਾ ਮਹੀਨਾ ਹੁੰਦਾ ਹੈ। ਅਪ੍ਰੈਲ ਦਾ ਦੂਸਰਾ ਅਤੇ ਮਈ ਦਾ ਪਹਿਲਾ ਅੱਧ ਮਿਲ ਕੇ ਵਿਸਾਖ ਬਣਦਾ ਹੈ। ਵਿਸਾਖੀ ਮਹੀਨੇ ਦੀ ਆਮਦ ਦੀ ਪਹਿਲੀ ਤਰੀਕ ਦੇ ਤਿਉਹਾਰ ਦਾ ਨਾਂ ਹੈ ਜੋ ਸਿੰਧੂ ਘਾਟੀ ਸੱਭਿਅਤਾ ਤੋਂ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿੱਚ ਮਨਾਉਂਦੇ ਆ ਰਹੇ ਹਾਂ। ਚਾਹੇ ਇਸਲਾਮ ਵਿੱਚ ਵਿਸਾਖੀ ਦੇ ਤਿਉਹਾਰ ਦਾ ਕੋਈ ਮਹੱਤਵ ਨਹੀਂ ਹੈ, ਪਰ ਪਾਕਿਸਤਾਨ ਦੇ ਮੁਸਲਮਾਨ ਅਜੇ ਵੀ ਵਿਸਾਖੀ ਦਾ ਤਿਉਹਾਰ ਮਨਾਉਂਦੇ ਹਨ, ਜੋ ਸਿੰਧੂ ਘਾਟੀ ਸੱਭਿਅਤਾ ਦਾ ਪ੍ਰਭਾਵ ਦਰਸਾਉਂਦਾ ਹੈ। ਵਿਸਾਖੀ ਦੇ ਤਿਉਹਾਰ ਨੂੰ ਅਮਰੀਕਾ ਵਿੱਚ ਅਬਰਾਹਮਲਿੰਕਨ ਰਾਸ਼ਟਰਪਤੀ ਨੇ 1863 ਈ. ਵਿੱਚ ਕੌਮੀ ਤਿਉਹਾਰ ਦੀ ਮਾਨਤਾ ਦਿੱਤੀ।

ਅਮਰੀਕਾ ਵਿੱਚ ਫਸਲ ਦੀ ਵਾਢੀ ਤੋਂ ਬਾਅਦ 1625 ਈ. ਤੋਂ ਇਹ ਤਿਉਹਾਰ ਸ਼ੁਰੂ ਹੋਇਆ ਅਤੇ ਨਵੰਬਰ ਦੇ ਚੌਥੇ ਵੀਰਵਾਰ ਛੁੱਟੀ ਹੁੰਦੀ ਹੈ। ਸਿੰਧੂ ਘਾਟੀ ਸੱਭਿਅਤਾ ਵਾਂਗ ਚੀਨ, ਮਿਸਰ, ਯੂਨਾਨ ਅਤੇ ਰੋਮਨ ਦੀਆਂ ਪੁਰਾਣੀਆਂ ਸੱਭਿਅਤਾਵਾਂ ਵਿੱਚ ਵੀ ਫਸਲਾਂ ਦੀ ਵਾਢੀ ਸਮੇਂ ਇਹ ਤਿਉਹਾਰ ਮਨਾਉਣ ਦੀ ਰੀਤ ਸੀ।

ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਵੱਖ-ਵੱਖ ਨਾਵਾਂ ਅਧੀਨ ਵਿਸਾਖੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਦੱਖਣੀ ਭਾਰਤ ਦੀ ਕੇਰਲ ਪ੍ਰਾਂਤ ਵਿੱਚ 'ਪੂਰਮ' ਤਾਮਿਲਨਾਡੂ ਪ੍ਰਾਂਤ ਵਿੱਚ ਵਿਸਾਖ ਮਹੀਨੇ ਨੂੰ 'ਵਿਸ਼ੂ' ਕਿਹਾ ਜਾਂਦਾ ਹੈ ਅਤੇ ਤਿਉਹਾਰ ਨੂੰ 'ਪੁਥਾਂਡੂ' ਅਤੇ ਆਂਧਰਾ ਪ੍ਰਦੇਸ਼ ਅਤੇ ਕਰਨਾਟਕ ਵੀ ਵਿਸਾਖੀ ਤਿਉਹਾਰ ਮਨਾਉਂਦੇ ਹਨ। ਭਾਰਤ ਦੇ ਆਸਾਮ ਅਤੇ ਨਾਲ ਲੱਗਦੇ ਸੱਤ ਪੂਰਬੀ ਰਾਜਾਂ ਵਿੱਚ ਵੀ ਰੰਗਲੀ 'ਬਿਹੂ' ਆਦਿ ਦੇ ਨਾਂ ਤੇ ਮਨਾਇਆ ਜਾਂਦਾ ਹੈ। ਹਰਿਦੁਆਰ, ਹਰਿਆਣਾ, ਹਿਮਾਚਲ ਪ੍ਰਦੇਸ਼ ਵਿੱਚ ਵਿਸਾਖੀ ਦਾ ਤਿਉਹਾਰ ਜੋਸ਼ੋ ਖਰੋਸ਼ ਨਾਲ ਮਨਾਇਆ ਜਾਂਦਾ ਹੈ। ਆਦਿ ਧਰਮੀ ਵੀ ਹਰ ਸਾਲ ਗੁਰੂ ਰਵਿਦਾਸ ਧਰਮ ਸਥਾਨ, ਖੁਰਾਲਗੜ੍ਹ (ਹੁਸ਼ਿਆਰਪੁਰ) ਵਿਖੇ ਮਨਾਉਂਦੇ ਹਨ। ਇਹ ਤਾਂ ਹੋਈ ਵਿਸਾਖੀ ਦੇ ਆਰਥਿਕ ਅਤੇ ਸਾਮਾਜਿਕ ਪਿਛੋਕੜ ਬਾਰੇ ਸਿੱਖ ਧਰਮ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਵਿਸਾਖੀ ਦਾ ਤਿਉਹਾਰ ਮਨਾਉਂਦਾ ਆ ਰਿਹਾ ਹੈ। ਗੁਰੂ ਤੇਗ ਬਹਾਦਰ ਜੀ ਨੂੰ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਮਨਾਉਣ ਤੋਂ ਮਹੰਤਾਂ ਨੇ ਰੋਕਣ, ਉਨ੍ਹਾਂ ਦੇ ਗੁਰੂ ਬਣਨ ਦੀ ਰੁਕਾਵਟ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਵੱਲੋਂ ਅਸਫਲ ਕਰਨਾ, ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਇਕ ਦਲਿਤ ਭਾਈ ਜੈਤਾ ਵੱਲੋਂ ਸੀਸ ਤਲੀ ਤੇ ਧਰ ਕੇ ਦਿੱਲੀ ਤੋਂ ਆਨੰਦਪੁਰ ਪਹੁੰਚਾਉਣਾ ਅਤੇ ਇੱਕ ਹੋਰ ਦਲਿਤ ਭਾਈ ਲੱਖੀਸ਼ਾਹ ਵਣਜਾਰਾ ਲੁਬਾਣਾ ਵੱਲੋਂ ਆਪਣੇ ਘਰ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਧੜ ਨੂੰ ਰੱਖ ਕੇ ਘਰ ਨੂੰ ਅਗਨ ਭੇਂਟ ਕਰਕੇ ਅੰਤਿਮ ਸੰਸਕਾਰ ਕਰਨਾ ਵਰਗੇ ਦਲੇਰਾਨਾ ਕਾਰਵਾਈਆਂ ਅਤੇ ਗੁਰੂ ਗਰੰਥ ਸਾਹਿਬ ਵਿੱਚ 'ਜੇ ਤਉ ਪ੍ਰੇਮ ਖੇਲਣ ਕਾ ਚਾਓ ਸਿਰ ਧਰ ਤਲੀ ਗਲੀ ਮੇਰੀ ਆਓ' ਜਿਹੇ ਪਹਿਲੀ ਪਾਤਸ਼ਾਹੀ ਧੰਨ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ, ਗੁਰੂ ਹਰਗੋਬਿੰਦ ਰਾਇ ਦੇ ਮੀਰੀ-ਪੀਰੀ ਦੇ ਸਿਧਾਂਤ ਦੇ ਮੰਥਨ ਵਿੱਚੋਂ 30 ਮਾਰਚ 1696 ਈ. ਨੂੰ 33 ਸਾਲਾ ਦੀ ਉਮਰ ਦੌਰਾਨ ਗੁਰੂ ਗੋਬਿੰਦ ਸਿੰਘ ਨੇ ਵਿਸਾਖੀ ਦੇ ਤਿਉਹਾਰ ਤੇ ਮਨੂੰਵਾਦੀ ਸਾਮਾਜਿਕ ਆਰਥਿਕ ਵਿਵਸਥਾ ਅਤੇ ਪੰਨਡਤ ਪਹਾੜੀ ਰਾਜਿਆਂ ਅਤੇ ਮੁਗਲਾਂ ਦੀ ਸਲਤਨਤ ਨੂੰ ਸੰਤ ਸਿਪਾਹੀ ਬਣਕੇ ਸ਼ੂਦਰਾਂ ਅਤੇ ਵੈਸ਼ਾਂ ਵਿਚੋਂ ਪੰਜ ਪਿਆਰਿਆਂ ਨੂੰ ਇੱਕੋ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਅਤੇ ਫਿਰ ਸ਼ੂਦਰਾਂ ਅਤੇ ਵੈਸ਼ਾਂ ਵਿੱਚੋਂ ਸਜੇ ਪੰਜ ਪਿਆਰਿਆਂ ਹੱਥੋਂ ਉਸੇ ਬਾਟੇ ਵਿਚੋਂ ਅੰਮ੍ਰਿਤ ਛੱਕ ਕੇ 'ਖ਼ਾਲਸਾ ਪੰਥ' ਦੀ ਨੀਂਹ ਰੱਖੀ ਜੋ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਉਸ ਸਮੇਂ ਸਥਾਪਿਤ ਜਾਤੀਵਾਦੀ ਅਤੇ ਮਨਮੁਖ ਮਹੰਤਾਂ ਲਈ ਵੀ ਚੈਲਿੰਜ ਸੀ, ਜਿਸ ਨੇ ਭਾਈ ਜੈਤਾ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਦਰਸ਼ਨ ਅਤੇ ਇਸ਼ਨਾਨ ਦੀ ਇਜਾਜਤ ਨਹੀਂ ਦਿੱਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਸੀ. ਆਈ. ਡੀ. ਰਿਪੋਰਟ ਵਿੱਚ ਅਹਿਮਦ ਸ਼ਾਹ ਬਟਾਲਵੀ ਨੇ ਔਰੰਗਜ਼ੇਬ ਨੂੰ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਨੇ ਐਲਾਨਿਆ, "ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਇੱਕ ਰਾਹ ਦੇ ਉੱਤੇ ਚੱਲੋਂ, ਇੱਕੋ ਧਰਮ ਅਪਣਾਓ, ਵੱਖ-ਵੱਖ ਜਾਤਾਂ ਦੇ ਵਖਰੇਵੇਂ ਮਿਟਾ ਦਿਓ। ਹਿੰਦੂਆਂ ਦੀਆਂ ਚਾਰ ਜਾਤਾਂ ਜਿਨ੍ਹਾਂ ਦਾ ਵਰਨਣ ਸ਼ਾਸਤਰਾਂ ਵਿੱਚ ਆਇਆ ਹੈ, ਜੜੋਂ ਹੀ ਮੁਕਾ ਦਿਓ ਅਤੇ ਇਕ ਦੂਜੇ ਨਾਲ ਖੁੱਲ ਕੇ ਮਿਲੋ। ਕੋਈ ਇਕ ਦੂਜੇ ਨਾਲੋਂ ਆਪਣੇ ਆਪ ਨੂੰ ਉੱਚਾ ਜਾਂ ਵੱਡਾ ਨਾ ਸਮਝੇ। ਰਾਮ, ਕ੍ਰਿਸ਼ਨ, ਬ੍ਰਹਮਾ ਅਤੇ ਦੁਰਗਾ ਆਦਿ ਨੂੰ ਪੂਜਣ ਦੀ ਕੋਈ ਲੋੜ ਨਹੀਂ। ਸਿਰਫ ਗੁਰੂ ਨਾਨਕ ਅਤੇ ਬਾਕੀ ਗੁਰੂਆਂ ਤੇ ਵਿਸ਼ਵਾਸ ਲਿਆਓ, ਸਾਰੇ ਇੱਕੋ ਖੰਡੇ ਬਾਟੇ ਵਿੱਚੋਂ ਅੰਮ੍ਰਿਤ ਛਕੋ ਅਤੇ ਇੱਕ ਦੂਜੇ ਨੂੰ ਪਿਆਰ ਕਰੋ।"

ਇਉਂ ਲਗਦੈ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਡੂੰਘੇ ਅਧਿਐਨ ਬਾਅਦ ਗੀਤਾ ਦੇ ਨੌਵੇਂ ਚੈਪਟਰ ਦੇ 32ਵੀਂ ਸਲੋਕ ਦੇ ਪ੍ਰਤੀਕਰਮ ਅਤੇ ਉਸ ਦੇ ਨਿਸ਼ੇਧ ਲਈ ਖ਼ਾਲਸਾ ਪੰਥ ਨੂੰ ਜੁਝਾਰੂ ਰੂਪ ਵਿੱਚ ਸੰਗਠਿਤ ਕੀਤਾ ਕਿ ਇਸ ਮਨੂੰਵਾਦੀ ਵਿਵਸਥਾ ਨੂੰ ਨਾ ਸੰਤ ਅਤੇ ਨਾ ਸਿਪਾਹੀ ਇਕੱਲੇ-ਇਕੱਲੇ ਖਤਮ ਕਰ ਸਕਦੇ ਹਨ। ਦੋਵਾਂ ਕ੍ਰਿਸ਼ਨ ਅਤੇ ਅਰਜੁਨ ਜਾ ਚਾਣਕਿਆ ਅਤੇ ਚੰਦਰਗੁਪਤ ਮੌਰੀਆ ਦੇ ਸੁਮੇਲਾਂ ਵਾਂਗ ਹੀ ਮਨੂੰਵਾਦੀ ਵਿਵਸਥਾ ਨੂੰ ਵੀ ਮਾਨਵਵਾਦੀ ਖ਼ਾਲਸਾ ਸੰਤ ਅਤੇ ਮਾਨਵਵਾਸੀ ਖ਼ਾਲਸਾ ਸਿਪਾਹੀ ਬੋਤਾ ਸਿੰਘ, ਗਰਜਾ ਸਿੰਘ ਵਾਂਗ ਪਿੱਠ ਨਾਲ ਪਿੱਠ ਜੋੜ ਕੇ ਟੱਕਰ ਦੇ ਸਕਦੇ ਹਨ। ਗੀਤਾ ਦੇ ਉਕਤ ਸਲੋਕ ਵਿੱਚ ਕ੍ਰਿਸ਼ਨ ਨੇ ਐਲਾਨਿਆ ਹੈ ਕਿ ਸਾਰੀਆਂ ਜਾਤਾਂ ਵਰਣਾਂ ਧਰਮਾਂ ਦੀਆਂ ਔਰਤਾਂ ਸ਼ੂਦਰ (ਐਸ.ਸੀ., ਪੱਛੜੀਆਂ ਸ਼੍ਰੇਣੀਆਂ, ਜੱਟ ਆਦਿ) ਅਤੇ ਵੈਸ਼ (ਖੱਤਰੀ ਜਿਨ੍ਹਾਂ ਵਿਚੋਂ ਦੱਸ ਗੁਰੂ ਹੋਏ) ਪਾਪ ਯੋਨੀ ਭਾਵ ਜਨਮ ਤੋਂ ਨੀਚ ਹਨ। ਪੰਜ ਪਿਆਰਿਆਂ ਵਿੱਚ ਚਾਰ ਸ਼ੂਦਰ ਅਤੇ ਇਕ ਵੈਸ਼ ਸਨ। ਉਨ੍ਹਾਂ ਕੋਲੋਂ ਅੰਮ੍ਰਿਤ ਛੱਕਣ ਵਾਲੇ ਗੁਰੂ ਗੋਬਿੰਦ ਸਿੰਘ ਵੈਸ਼ ਖੱਤਰੀ ਸਨ ਅਤੇ ਅੰਮ੍ਰਿਤ ਬਨਾਉਣ ਲਈ ਪਤਾਸੇ ਘੋਲਣ ਵਾਲੇ ਮਾਤਾ ਸਾਹਿਬ ਕੌਰ ਔਰਤ ਜਾਤੀ ਦੇ ਪ੍ਰਤੀਨਿਧ ਸਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਉੱਘੇ ਸਿੱਖ ਇਤਿਹਾਸਕਾਰ ਇੰਦੂ ਭੂਸ਼ਨ ਬੈਨਰਜੀ ਵੱਲੋਂ ਖ਼ਾਲਸੇ ਦੀ ਉਤਪਤੀ ਲਿਖੀ ਛਾਪੀ ਪੁਸਤਕ ਵਿੱਚ ਸ੍ਰੀ ਬੈਨਰਜੀ ਲਿਖਦੇ ਹਨ ਕਿ ਸ਼ੂਦਰ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਦਾ ਜੁਝਾਰੂਪਣ ਪ੍ਰੇਰਨਾ ਦਿੰਦਾ ਹੈ, ਪਰ ਵੈਸ਼ ਸਿੱਖਾਂ ਨੂੰ ਖਿਚਦਾ ਨਹੀਂ। ਇਸੇ ਕਾਰਣ ਵੈਸ਼ ਸਿੱਖਾਂ ਦੀ ਸੰਸਥਾ ਚੀਫ ਖ਼ਾਲਸਾ ਦੀਵਾਨ ਦੇ ਕਦੇ ਵੀ ਗੁਰੂ ਗੋਬਿੰਦ ਸਿੰਘ ਦੇ ਨਾਂ ਤੇ ਸਕੂਲ ਜਾਂ ਕਾਲਜ ਨਹੀਂ ਖੋਲਿਆ ਅਤੇ ਬੀਬੀ ਜਗੀਰ ਕੌਰ ਦੇ ਪ੍ਰਧਾਨਗੀ ਦੇ ਸਮੇਂ ਨੂੰ ਛੱਡ ਕੇ ਸ਼੍ਰੋਮਣੀ ਕਮੇਟੀ ਨੇ ਕਦੇ ਸਿੱਖ ਗੁਰੂਆਂ ਦੀਆਂ ਪਤਨੀਆਂ ਦੇ ਨਾਂ ਤੇ ਕਾਲਜ ਨਹੀਂ ਖੋਲ੍ਹੇ। ਜੱਟ ਸਿੱਖਾਂ ਨੇ ਮਾਸਟਰ ਤਾਰਾ ਸਿੰਘ ਖੱਤਰੀ ਨੂੰ 'ਜੱਟ ਸਿੱਖ' ਗਰੁੱਪ ਦੇ ਪੱਤੇ ਨਾਲ ਅਕਾਲੀ ਦਲ ਤੋਂ ਲਾਹ ਕੇ ਸਦਾ ਲਈ ਪ੍ਰਧਾਨਗੀ ਜੱਟ ਸਿੱਖ ਲਈ ਰਾਖਵੀਂ ਕਰਕੇ 'ਖ਼ਾਲਸਾ ਪੰਥ' ਦੀ ਵਿਚਾਰਧਾਰਾ ਨੂੰ ਕਮਜ਼ੋਰ ਕਰ ਲਿਆ। ਗੁਰੂ ਗੋਬਿੰਦ ਸਿੰਘ ਨੇ ਬ੍ਰਾਹਮਣਾਂ ਨੂੰ ਚੈਲਿੰਜ ਕਰਦਿਆਂ ਕਿਹਾ ਸੀ, "ਖੱਤਰੀ ਕਾ ਪੂਤ ਹੂੰ, ਬਾਮਣ ਕਾ ਨਾਂਹੀਂ।" ਅੱਜ ਖ਼ਾਲਸਾ ਪੰਥ ਨੂੰ ਰਾਜਸੀ, ਸਾਮਾਜਿਕ, ਆਰਥਿਕ, ਧਾਰਮਿਕ ਅਤੇ ਸੱਭਿਆਚਾਰਕ ਪੱਖੋਂ ਬ੍ਰਾਹਮਣਵਾਦ ਨੂੰ ਇਤਿਹਾਸ ਵਿੱਚ ਆਇਆ ਸੱਭ ਤੋਂ ਵੱਡਾ ਖਤਰਾ ਹੈ। ਬ੍ਰਾਹਮਣਵਾਦ ਨੇ 'ਖ਼ਾਲਸਾ ਪੰਥ' ਦੇ ਮਲਿਕ ਭਾਗੋਆ ਨੂੰ ਗੰਢ ਕੇ 'ਭਾਈ ਲਾਲੋਆ' ਦਾ ਸਰਵਪੱਖੀ ਸ਼ੋਸ਼ਣ ਕਰਨ ਦਾ ਦਸਤੂਰ ਜਾਰੀ ਰੱਖਿਆ ਹੋਇਆ ਹੈ, ਜਿਸ ਨੂੰ ਰੋਕਣ ਲਈ ਪ੍ਰੋ. ਦਿੱਤ ਰਾਮ ਗਿਆਨੀ ਉਰਫ ਪ੍ਰੋ. ਦਿੱਤ ਸਿੰਘ ਗਿਆਨੀ ਵਰਗਿਆਂ ਕਲਮ ਦੇ ਧਨੀਆਂ ਸੰਤ-ਸਿਪਾਹੀਆਂ ਦੀ ਲੋੜ ਹੈ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਰਾਹੀਂ ਸਿੱਖ ਸਮਾਜ ਨੂੰ ਮਹੰਤਵਾਦ ਅਤੇ ਬ੍ਰਾਹਮਣਵਾਦ ਤੋਂ ਬਚਾ ਕੇ 20ਵੀਂ ਸਦੀ ਦੇ ਹਾਣੀ ਬਣਾਇਆ ਸੀ। ਪ੍ਰੋ. ਸਾਹਿਬ ਦਾ ਜਨਮ ਇਸੇ ਮਹੀਨੇ ਦੇ 21 ਅਪ੍ਰੈਲ ਨੂੰ 1850 ਈ. ਵਿੱਚ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਕਲੌੜ ਵਿੱਚ ਹੋਇਆ ਸੀ। ਉਨ੍ਹਾਂ ਨੂੰ ਆਰੀਆ ਸਮਾਜ ਦੇ ਬਾਨੀ ਸੁਆਮੀ ਦਇਆ ਨੰਦ ਨੂੰ ਤਿੰਨ ਬਹਿਸਾਂ ਵੇਦਾਂ ਦੀ ਉਤਪਤੀ ਪੁਨਰ ਜਨਮ ਤੇ ਹਰਾਇਆ। ਵੇਦਾਂ ਵਿੱਚ ਅਗਿਆਨਤਾ ਤੋਂ ਸਿਵਾਏ ਕੁਝ ਵੀ ਨਹੀਂ, ਐਲਾਨਣ ਵਾਲੇ ਅਤੇ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਅਪ੍ਰੈਲ ਮਹੀਨੇ ਦੀ 14 ਤਰੀਕ ਨੂੰ ਹੋਇਆ ਸੀ। ਵਿਸਾਖੀ ਵਾਲੇ ਦਿਨ 99ਵੇਂ ਵਰ੍ਹੇ ਪਹਿਲੇ 1913 ਈ. ਨੂੰ ਅਮਰੀਕਾ ਦੀ ਧਰਤੀ ਉੱਪਰ ਪੰਜਾਬੀਆਂ ਨੇ ਭਾਰਤ ਨੂੰ ਅੰਗ੍ਰੇਜ਼ ਸਾਮਰਾਜ ਦੇ ਜੂਲੇ ਤੋਂ ਅਜ਼ਾਦ ਕਰਾਉਣ ਲਈ ਹਥਿਆਰਬੰਦ ਸਿਧਾਂਤਕ ਅੰਦੋਲਨ ਗਦਰ ਪਾਰਟੀ ਦੀ ਨੀਂਹ ਰੱਖੀ, ਜਿਸ ਨੇ ਅੰਗਰੇਜ਼ ਸਾਮਰਾਜ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਸ਼ਹੀਦੀਆਂ, ਕਾਲੇ ਪਾਣੀ ਦੀਆਂ ਸਜ਼ਾਵਾਂ, ਜਮੀਨਾਂ ਜਾਇਦਾਦਾਂ ਜ਼ਬਤ ਕਰਵਾਉਣ ਵਿੱਚ ਗਦਰ ਪਾਰਟੀ ਵਰਗੀ ਪ੍ਰਵਾਸੀ ਅੰਤਰਰਾਸ਼ਟਰੀ ਸੰਸਥਾ ਨਾ ਹੋਈ ਹੈ ਨਾ ਹੋਣੀ ਹੈ। ਅੰਗਰੇਜ਼ਾਂ ਦੀਆਂ ਵਾਰਿਸ ਸਰਕਾਰਾਂ ਨੇ ਗਦਰ ਪਾਰਟੀ ਨੂੰ ਭੁਲਾ ਦਿੱਤਾ ਹੈ। ਗਦਰੀ ਬਾਬਾ ਅਤੇ ਆਦਿ-ਧਰਮੀਆਂ ਦੇ ਰਹਿਨੁੰਮਾ, ਆਦਿ ਧਰਮ ਦੇ ਬਾਨੀ ਦੀਆਂ ਕੁਰਬਾਨੀਆਂ ਨੂੰ ਸਿੱਟ ਬਸਿੱਟੇ ਕਰਕੇ, ਉਨ੍ਹਾਂ ਦਾ ਉਜਾਗਰ ਕਰਨ ਵਾਲਿਆਂ ਨੂੰ ਐਕਸੀਡੈਂਟਾਂ ਵਿੱਚ ਮਰਵਾਇਆ ਅਤੇ ਯੂ.ਪੀ. ਵਿੱਚ ਐਫ਼ ਆਈ ਆਰ ਦਰਜ ਕਰਕੇ ਮਨੁੱਖਤਾ ਹੀਣੇ ਕੰਮ ਕੀਤੇ ਜਾ ਰਹੇ ਹਨ। ਗਦਰੀ ਬਾਬਾ ਅਤੇ ਆਦਿ-ਧਰਮੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਦੀ ਬਰਸੀ ਵੀ 22 ਅਪ੍ਰੈਲ 1980 ਈ. ਨੂੰ ਆਉਂਦੀ ਸੀ। 1919 ਈ. ਦੀ ਵਿਸਾਖੀ ਨੂੰ ਅੰਮ੍ਰਿਤਸਰ ਵਿਖੇ ਜਲਿਆਂਵਾਲਾ ਕਾਂਡ ਹੋਇਆ ਜਿਸ ਵਿੱਚ ਸੈਂਕੜੇ ਪੰਜਾਬੀ ਜਨਰਲ ਓਡਵਾਇਰ ਅਤੇ ਡਾਇਰ ਦੇ ਹੁਕਮ ਨਾਲ ਸ਼ਹੀਦ ਹੋਏ, ਜਿਸ ਦਾ ਬਦਲਾ ਸ਼ਹੀਦ ਰਾਮ ਮੁਹੰਮਦ ਸਿੰਘ ਅਜ਼ਾਦ ਉਰਫ ਸ਼ਹੀਦ ਊਧਮ ਸਿੰਘ ਨੇ 13 ਮਾਰਚ 1940 ਨੂੰ ਇੰਗਲੈਂਡ ਵਿਖੇ ਓਡਵਾਇਰ ਨੂੰ ਸ਼ਰੇਆਮ ਗੋਲੀ ਮਾਰ ਕੇ ਭਾਰਤ ਦੀ ਅਜ਼ਾਦੀ ਦੀ ਚਿਣਗ ਨੂੰ ਅੰਤਰਰਾਸ਼ਟਰੀ ਪੱਧਰ ਤੇ ਮਘਾਇਆ।

14 ਅਪ੍ਰੈਲ 1984 ਨੂੰ ਪੰਜਾਬੀ ਸਾਹਿਬ ਕਾਂਸ਼ੀ ਰਾਮ ਨੇ ਦਿੱਲੀ ਵਿਖੇ ਬਹੁਜਨ ਸਮਾਜ ਪਾਰਟੀ ਬਣਾਈ ਜਿਸ ਦਾ ਚੋਣ ਮੈਨੀਫੈਸਟੋ ਗੁਰੂ ਗ੍ਰੰਥ ਸਾਹਿਬ ਸੀ। 1996 ਈ. ਦੀ ਲੋਕ ਸਭਾ ਚੋਣ ਵਿੱਚ ਉਨ੍ਹਾਂ ਨੇ ਸਟਾਰ ਨਿਊਜ਼ ਟੀ.ਵੀ. ਚੈਨਲ ਨੂੰ ਇਕ ਮੁਲਾਕਾਤ ਵਿੱਚ ਕਿਹਾ ਕਿ ਉਹ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਰਕਾਰ ਬਣਾ ਕੇ ਲਾਗੂ ਕਰਨਗੇ। ਪੰਜਾਬ ਦੀ ਮੌਜੂਦਾ ਸਰਕਾਰ ਬੀ.ਐਸ.ਪੀ ਦੀ ਸਿੱਧੀ ਅਸਿੱਧੀ ਦੇਣ ਹੈ। ਦੇਖਣਾ ਹੈ ਇਹ ਪੰਥਕ ਸਰਕਾਰ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਕਿਵੇਂ ਕਿੰਨਾ ਅਤੇ ਕਦੋਂ ਲਾਗੂ ਕਰਕੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ 'ਖ਼ਾਲਸਾ ਪੰਥ' ਦਾ ਅਕਸ ਕਿੰਨਾ ਕੁ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਲਿਸ਼ਕਾਉਂਦੀ ਹੈ। ਵਿਸਾਖੀ ਦੇ ਤਿਉਹਾਰ ਸਮੇਂ ਦੇਸ਼ਾਂ ਵਿਦੇਸ਼ਾਂ ਵਿੱਚ ਆਪਣੇ ਮਾਹੀ ਜਾਂ ਆਪਣੀ ਪਤਨੀ ਦੇ ਦੂਰ ਹੋਣ ਸਮੇਂ ਉੱਠੀ ਹੂਕ ਸਾਂਝੀ ਕਰਨੀ ਚਾਹਾਂਗੇ- ਬੈਸਾਖੀ ਦੇ ਮਹੀਨੇ ਜੀ ਬੈਸਾਖੀ ਆਈ, ਤੂੰ ਪਰਦੇਸੀ ਲਾਲ ਵੇ, ਉਦਾਸੀ ਛਾਈ, ਚੈਨ ਨਾ ਆਵੇ ਮਲ ਜੀ, ਦੇਵੀ ਮਨ, ਬੈਸਾਖ ਬੈਸਾਖੀ ਵੇ ਲਾਲ ਘਰੋ ਰਹੀਂ।

ਅੰਤ ਵਿੱਚ 'ਦੇਸ਼ ਦੁਆਬਾ' ਦੇ ਪਲੇਠੇ ਅੰਕ ਦੀ ਪਲੇਠੀ ਸੰਪਾਦਕੀ ਨੂੰ 13ਵੇਂ ਸਾਲ ਦੇ ਪ੍ਰਵੇਸ਼ ਅੰਕ ਵਿਚ ਆਪ ਸਭ ਦੇ ਹੱਥਾਂ ਵਿਚ ਇਕ ਵਾਰ ਫਿਰ ਤੋਂ ਸੌਂਪਦਿਆਂ ਇਹ ਵਾਅਦਾ ਕਰਦੇ ਹਾਂ ਕਿ ਅਸੀਂ ਜਾਤਾਂ, ਧਰਮਾਂ ਅਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਹਿਲੋਂ ਵਾਂਗ ਦੇਸ਼ ਵਿਦੇਸ਼ ਵਿੱਚ ਵਸੇ ਪੰਜਾਬੀਆਂ ਦੀ ਆਵਾਜ਼ ਨੂੰ ਈਮਾਨਦਾਰੀ ਦੂਰ-ਦ੍ਰਿਸ਼ਟੀ ਅਤੇ ਸੰਜਮ ਨਾਲ ਪੇਸ਼ ਕਰਦੇ ਰਹਾਂਗੇ ਅਤੇ ਆਪ ਜੀ ਤੋਂ ਵੀ ਇਹ ਉਮੀਦ ਰੱਖਦੇ ਹਾਂ ਕਿ ਤੁਸੀਂ ਵੀ ਅਜਿਹੀ ਭਾਵਨਾ ਤਹਿਤ ਸਹਿਯੋਗ ਜਾਰੀ ਰੱਖੋਗੇ।

– ਪ੍ਰੇਮ ਕੁਮਾਰ ਚੁੰਬਰ, ਮੁੱਖ ਸੰਪਾਦਕ 'ਦੇਸ਼ ਦੁਆਬਾ'


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਵਿਸਾਲੀਆ ਸੀਨੀਅਰ ਗੇਮਾਂ ਵਿੱਚ ਪੰਜਾਬੀ ਚੋਬਰਾਂ ਨੇ ਜਿੱਤੇ 26 ਮੈਡਲ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**



**ਫਰਿਜਨੋ (ਕੈਲੀਫੋਰਨੀਆਂ)–** ਵਿਸਾਲੀਆ ਸੀਨੀਅਰਜ਼ ਗੇਮਜ਼ ਟ੍ਰੈਕ ਅਤੇ ਫੀਲਡ ਮੁਕਾਬਲਾ 6 ਅਪ੍ਰੈਲ, 2024 ਨੂੰ ਵਿਸਾਲੀਆ, ਕੈਲੀਫੋਰਨੀਆ ਵਿੱਚ ਮਾਊਂਟ ਵਿਟਨੀ ਹਾਈ ਸਕੂਲਸਟੇਡੀਅਮ ਵਿਚ ਹੋਇਆ। ਇਸ ਮੁਕਾਬਲੇ ਵਿੱਚ ਕੈਲੀਫੋਰਨੀਆ ਦੇ ਕਰੀਬ 100 ਪੁਰਸ਼ ਅਤੇ ਮਹਿਲਾ ਅਥਲੀਟਾਂ ਨੇ ਭਾਗ ਲਿਆ।

ਇਸ ਟਰੈਕ ਐਂਡ ਫੀਲਡ ਮੀਟ ਵਿਚ ਸੈਂਟਰਲ ਵੈਲੀ ਏਰੀਆ ਤੋਂ ਪੰਜਾਬੀ ਭਾਈਚਾਰੇ ਦੇ 10 ਐਥਲੀਟਾਂ ਨੇ ਹਿੱਸਾ ਲਿਆ। 10 ਪੰਜਾਬੀ ਐਥਲੀਟਾਂ ਨੇਆਪੋ-ਆਪਣੇ ਮੁਕਾਬਲਿਆਂ ਵਿੱਚ 18 ਗੋਲਡ ਮੈਡਲ, 6 ਚਾਂਦੀ ਦੇ ਤਗਮੇ, ਅਤੇ 2 ਕਾਂਸੀ ਦੇ ਤਗਮੇ ਜਿੱਤੇ। ਅਤੇ ਕੁੱਲ 26 ਤਗਮੇ ਆਪਣੇ ਨਾਮ ਕੀਤੇ।

ਥਰੋਇੰਗ ਈਵੈਂਟਸ ਵਿੱਚ ਗੁਰਬਖਸ਼ ਸਿੰਘ ਸਿੱਧੂ ਨੇ ਸ਼ਾਟ ਪੁਟ ਅਤੇ ਡਿਸਕਸ਼ ਥ੍ਰੋ ਵਿੱਚ 2 ਚਾਂਦੀ ਦੇ ਤਗਮੇ ਜਿੱਤੇ। ਰਣਧੀਰ ਸਿੰਘ ਵਿਰਕ ਨੇ ਸ਼ਾਟ ਪੁਟ ਅਤੇਡਿਸਕਸ਼ ਥਰੋਅ ਵਿੱਚ 2 ਸੋਨ ਤਗਮੇ ਜਿੱਤੇ। ਮਿਸਟਰ ਵਿਰਕ ਪਹਿਲਾਂ ਰੀਨੋ , ਨੇਵਾਡਾ ਵਿਖੇ ਰਹਿ ਰਹੇ ਸਨ, ਇਸ ਸਮੇਂ ਫਰਿਜ਼ਨੋ, ਕੈਲੀਫੋਰਨੀਆ ਵਿੱਚਰਹਿ ਰਹੇ ਹਨ। ਸੁਖਦੇਵ ਸਿੰਘ ਸਿੱਧੂ ਨੇ ਸ਼ਾਟ ਪੁਟ ਅਤੇ ਡਿਸਕਸ਼ ਥਰੋਅ ਵਿੱਚ 2 ਸੋਨ ਤਗਮੇ ਜਿੱਤੇ। ਫੌਲਰ ਦੇ ਰਾਜ ਬਰਾੜ ਨੇ ਸ਼ਾਟ ਪੁਟ ਅਤੇ ਡਿਸਕਸ਼ ਥਰੋਅ ਵਿੱਚ 2 ਸੋਨ ਤਗਮੇ ਜਿੱਤੇ। ਰਾਜ ਬਰਾੜ ਜੀ ਮਰਹੂਮ ਜਮਲਾ ਜੱਟ ਜੀ ਦੇ ਵੀ ਸ਼ਗਿਰਦ ਰਹੇ ਹਨ। ਪਵਿਤਰ ਸਿੰਘ ਕਲੇਰ ਨੇ ਸ਼ਾਟ ਪੁਟ ਵਿੱਚ 2 ਅਤੇ ਡਿਸਕਸ਼ ਥਰੋਅ ਵਿੱਚ ਗੋਲਡ ਮੈਡਲ ਜਿੱਤੇ। ਚਰਨ ਸਿੰਘ ਗਿੱਲ ਨੇ ਡਿਸਕਸ਼ ਥਰੋਅ ਵਿੱਚ ਕਾਂਸੀ ਦਾ ਤਗਮਾ ਅਤੇ ਸ਼ਾਟ ਪੁਟ ਵਿੱਚ ਚੌਥਾ ਸਥਾਨ ਹਾਸਲ ਕੀਤਾ।

ਜੰਪ ਮੁਕਾਬਲਿਆਂ ਵਿੱਚ ਸੁਖਨੈਨ ਸਿੰਘ ਨੇ ਲੰਬੀ ਛਾਲ ਵਿੱਚ ਗੋਲਡ ਮੈਡਲ ਅਤੇ ਟ੍ਰਿਪਲ ਜੰਪ ਵਿੱਚ ਵੀ ਗੋਲਡ ਮੈਡਲ ਜਿੱਤਿਆ।

ਦੌੜ ਦੇ ਮੁਕਾਬਲਿਆਂ ਵਿੱਚ, ਕਾਮਜੀਤ ਬੈਨੀਪਾਲ ਨੇ 400 ਮੀਟਰ ਅਤੇ 800 ਮੀਟਰ ਦੌੜ ਵਿੱਚ 2 ਚਾਂਦੀ ਦੇ ਤਗਮੇ , ਹਰਦੀਪ ਸਿੰਘ ਸੰਘੇੜਾ ਨੇ 400 ਮੀਟਰ ਦੌੜ ਵਿੱਚ 1 ਸੋਨ ਤਗਮਾ ਅਤੇ 200 ਮੀਟਰ ਦੌੜ ਵਿੱਚ 1 ਚਾਂਦੀ ਦਾ ਤਗਮਾ ਜਿੱਤਿਆ।

1600 ਮੀਟਰ ਦੌੜ/ਵਾਕ ਈਵੈਂਟ ਵਿੱਚ ਫਰਿਜ਼ਨੋ ਦੇ ਕਰਮ ਸਿੰਘ ਸੰਘਾ ਨੇ ਗੋਲਡ ਮੈਡਲ ਜਿੱਤਿਆ। ਚਰਨ ਸਿੰਘ ਗਿੱਲ ਨੇ 1600 ਮੀਟਰ ਦੌੜ/ਵਾਕ ਵਿੱਚਗੋਲਡ ਮੈਡਲ ਜਿੱਤਿਆ।

4ਣ100 ਮੀਟਰ ਰਿਲੇਅ ਦੌੜ ਵਿੱਚ ਦੌੜਾਕ ਸੁਖਨੈਨ ਸਿੰਘ, ਕਮਲਜੀਤ ਸਿੰਘ ਬੈਨੀਪਾਲ, ਹਰਦੀਪ ਸਿੰਘ ਸੰਘੇੜਾ ਅਤੇ ਚਰਨ ਸਿੰਘ ਗਿੱਲ ਨੇ ਗੋਲਡਮੈਡਲ ਜਿੱਤੇ।


ਖੇਡਾਂ ਵਿੱਚ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ ਨੂੰ ਪੰਜਾਬੀ ਭਾਈਚਾਰੇ ਵੱਲੋ ਵਧਾਈ ਸੰਦੇਸ਼ ਭੇਜੇ ਜਾ ਰਹੇ ਹਨ। ਇਸ ਵਿਸਾਲੀਆ ਟ੍ਰੈਕ ਅਤੇ ਫੀਲਡ ਮੀਟ ਲਈ ਸਾਰੇ ਪੰਜਾਬੀ ਐਥਲੀਟਾਂ ਨੂੰ ਪਰਫੈਕਟ ਐਚ-2ੌ ਵਾਟਰ ਸੋਲਿਊਸ਼ਨਜ਼ ਦੁਆਰਾ ਸਪਾਂਸਰ ਕੀਤਾ ਗਿਆਸੀ। ਕੰਪਨੀ ਦੇ ਮਾਲਕ ਹੀਰਾਮ ਨੇ ਅਥਲੀਟਾਂ ਲਈ ਰਜਿਸਟ੍ਰੇਸ਼ਨ ਫੀਸ ਅਦਾ ਕੀਤੀ।

# ਜਸਪ੍ਰੀਤ ਸਹੋਤਾ ਨੂੰ ਸੈਂਗਰ ਹਾਈ ਸਕੂਲ ਵੱਲੋਂ ਸੁਪਰਸਟਾਰ ਹੋਣ ਦਾ ਮਾਣ ਮਿਲਿਆ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਮਹੀਨੇ ਮਾਰਚ ਦੇ ਸੁਪਰਡੈਂਟ ਸੁਪਰਸਟਾਰ ਦੇ ਸਨਮਾਨ ਲਈ ਫਰਿਜ਼ਨੋ ਨਜ਼ਦੀਕੀ ਸੈਂਗਰ ਸ਼ਹਿਰ ਦੇ ਹਾਈ ਸਕੂਲ ਵੱਲੋਂ ਪੰਜਾਬੀ ਵਿਦਿਆਰਥਣ ਜਸਪ੍ਰੀਤ ਕੌਰ ਸਹੋਤਾ ਨੂੰ ਚੁਣਿਆ ਗਿਆ ਸੀ।

ਜਸਪ੍ਰੀਤ ਕੌਰ ਸਹੋਤਾ ਸੈਂਗਰ ਵੈਸਟ ਹਾਈ ਸਕੂਲ ਦੀ ਵਿਦਿਆਰਥਣ ਹੈ ਅਤੇ ਜੋ ਆਪਣੀ ਮਿਹਨਤ ਅਤੇ ਲਗਨ ਸਦਕਾ ਵਿਗਿਆਨ ਦੀ ਆਪਣੀ ਪੜਾਈ ਵਿੱਚ ਸਭ ਤੋਂ ਅੱਗੇ ਹੈ। ਬੀਤੇ ਸਾਲਾਂ ਵਿੱਚ ਉਸਨੇ ਫਰਿਜ਼ਨੋ ਕਾਉਂਟੀ ਵਿਗਿਆਨਿਕ ਮੇਲੇ ਵਿੱਚ ਵਿਦਿਅਕ ਮੁਕਾਬਲਾ ਕੀਤਾ ਹੈ। ਜਿੱਥੇ ਉਸਨੇ ਕੈਂਸਰ ਅਤੇ ਨਿਊਰੋਡੀਜਨਰੇਟਿਵ ਵਿਸ਼ੇ ਬਾਰੇ ਆਪਣੀ ਖੋਜ ਸਾਂਝੀ ਕੀਤੀ ਸੀ।

ਇਸ ਬਾਰੇ ਵਿਚਾਰ ਸਾਂਝੇ ਕਰਦੇ ਹੋਏ ਜਸਪ੍ਰੀਤ ਨੇ ਕਿਹਾ ਕਿ, "ਅਸੀਂ ਕੈਂਸਰ ਨੂੰ ਗਲਤ ਤਰੀਕੇ ਨਾਲ ਦੇਖ ਰਹੇ ਹਾਂ ਅਤੇ ਜੇਕਰ ਅਸੀਂ ਇਸ ਪਰਿਵਰਤਨਸ਼ੀਲ ਵਿਧੀ ਨੂੰ ਸਮਝਣ ਦੇ ਤਰੀਕੇ ਨੂੰ ਬਦਲਦੇ ਹਾਂ ਅਤੇ ਇਹ ਕੈਂਸਰ ਨੂੰ ਕਿਵੇਂ ਚਲਾਉਂਦੇ ਹਨ।" ਅਸੀਂ ਇਸਦੀ ਵਰਤੋਂ ਜ਼ਿਆਦਾ ਦੇਰ ਹੋਣ ਤੋਂ ਪਹਿਲਾਂ ਵਧੇਰੇ ਸਹੀ ਅਤੇ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨਿਵਾਰਨ ਕਰਨ ਲਈ ਕਰ ਸਕਦੇ ਹਾਂ। ਜਸਪ੍ਰੀਤ ਨੇ ਖੇਤਰੀ, ਰਾਜ ਅਤੇ ਅੰਤਰਰਾਸ਼ਟਰੀ ਵਿਗਿਆਨਕ ਮੇਲਿਆਂ ਵਿੱਚ ਵੀ ਭਾਗ ਲਿਆ ਹੈ।



ਉਸਨੇ ਵਿਗਿਆਨ ਵਿਸ਼ੇ ਲਈ ਆਪਣੀ ਆਪਣੀ ਪੜਾਈ ਕੇਂਦਰਤ ਕੀਤੀ ਹੋਈ ਹੈ। ਇਸ ਬਾਰੇ ਪ੍ਰਾਪਤ ਜਾਣਕਾਰੀ ਅਨੁਸਾਰ ਜਸਪ੍ਰੀਤ ਸੈਂਗਰ ਵੈਸਟ ਹਾਈ ਸਕੂਲ ਦੇ ਯੂਥ ਹੈਲਥ ਕੋਰ ਦੀ ਮੈਂਬਰ ਵੀ ਹੈ। ਜੋ ਕਿ ਭਾਈਚਾਰੇ ਵਿੱਚ ਭੋਜਨ ਦੀ ਅਸੁਰੱਖਿਆ ਨੂੰ ਦੂਰ ਕਰਨ ਵਿੱਚ ਮਦਦ ਕਰਦੀ ਹੈ। ਉਸ ਪ੍ਰੋਗਰਾਮ ਨੇ ਪੂਰੇ ਸਕੂਲ ਵਿੱਚ ਭੋਜਨ ਦੀ ਅਸੁਰੱਖਿਆ ਨੂੰ ਸਮਰਥਨ ਦੇਣ ਲਈ $30,000 ਦੀ ਗ੍ਰਾਂਟ ਪ੍ਰਾਪਤ ਕੀਤੀ ਹੈ। ਪਰ ਉਸਦੀ ਮਿਹਨਤ ਇੱਥੇ ਨਹੀਂ ਰੁਕਦੀ। ਉਹ ਕੈਲੀਫੋਰਨੀਆਂ ਦੇ ਕਮਿਊਨਿਟੀ ਸਕੂਲਜ਼ ਸਲਾਹਕਾਰ ਪੈਨਲ ਦੀ ਮੈਂਬਰ ਵੀ ਹੈ, ਜੋ ਸੈਂਟਰਲ ਵੈਲੀ ਵਿੱਚ ਗਰੀਬ ਨੌਜਵਾਨਾਂ ਦੀ ਮਦਦ ਕਰਦੀ ਹੈ।

ਜਸਪ੍ਰੀਤ ਨੇ ਆਪਣੇ ਸਕੂਲ ਦੀ ਸਿੱਖ ਆਨਰ ਐਂਡ ਸਰਵਿਸ ਸੁਸਾਇਟੀ ਦਾ ਆਯੋਜਨ ਵੀ ਕੀਤਾ ਹੈ, ਜੋ ਕਿ ਕੈਲੀਫੋਰਨੀਆ ਦੇ ਸਿੱਖਾਂ ਦੀ ਨੁਮਾਇੰਦਗੀ ਅਤੇ ਪਹਿਚਾਣ ਬਣਾਉਣ ਵਾਲੇ ਕਾਰਜ ਕਰਨ ਲਈ ਜੈਕਾਰਾ ਮੂਵਮੈਂਟ ਦਾ ਹਿੱਸਾ ਹੈ। ਜਸਪ੍ਰੀਤ ਸਹੋਤਾ ਫਰਿਜ਼ਨੋ ਇਲਾਕੇ ਦੇ ਸਮਾਜਸੇਵੀ ਸਹੋਤਾ ਪਰਿਵਾਰ ਵਿੱਚੋਂ ਸ। ਰਵਿੰਦਰ ਸਿੰਘ ਸਹੋਤਾ ਦੀ ਧੀ ਹੈ। ਜਿਸ ਦੀ ਉੱਚ ਵਿੱਦਿਅਕ ਯੋਗਤਾ ਅਤੇ ਇਸ ਸੁਪਰਸਟਾਰ ਮਾਣ ਮਿਲਣ 'ਤੇ ਪੰਜਾਬੀ ਭਾਈਚਾਰੇ ਦੇ ਬੱਚਿਆਂ ਲਈ ਪ੍ਰੇਰਨਾ ਅਤੇ ਸਮੁੱਚੇ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। –ਸੰਪਾਦਕ



## Matrimonials

Looking for professional compatible educated girl for Ramdasia (weaver) Sikh doctor working in California 38 years old, never married, 5′ 8″ tall, father's gotra Sandhi mother's gotra Bains, caste no bar. For more information:

**WhatsApp +91 8360876705,**
**Email: sukhdevnorthridge@gmail.com**

---

Seeking a suitable match for Ramdasia/Ravidasia Sikh boy, born October 1984, height- 5' 7", divorcee (previous marriage lasted for less than a month, which ended with divorce and was settled with mutual understanding), Australian citizen, working as a vocational education teacher, postgraduate in psychology. Both parents are deceased. **Contact/Whatsapp: +61 401251614, Email - devmahey84@yahoo.co.in**

---

US Citizen boy, Ravidassia Ad-Dharmi (SC) Punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC Community.

All family settled in the US.

**Please send biodata and pictures as: Email: jrjeet1993@gmail.com**

# 'ਬੋਲੇ ਸੋ ਨਿਰਭੈਅ' ਦੇ ਜੈਕਾਰਿਆ ਨਾਲ ਗੂੰਜਿਆ ਇਟਲੀ ‘ਚ ਜਿਲਾ ਵਿਚੈਸਾ ਦਾ ਕਸਬਾ ਮੈਨਤੂਕੀਓ ਮਾਜ਼ੂਰੇ

## ਨਗਰ ਕੀਰਤਨ ‘ਚ ਹਜਾਰਾਂ ਦੀ ਗਿਣਤੀ ’ਚ ਸੰਗਤਾਂ ਨੇ ਕੀਤੀ ਸ਼ਿਰਕਤ













ਰੋਮ (ਇਟਲੀ), (ਟੇਕ ਚੰਦ ਜਗਤਪੁਰ)-ਸ੍ਰੀ ਗੁਰੂ ਰਵਿਦਾਸ ਟੈਂਪਲ ਮੈਨਤੈਕੀਓਮਾਜ਼ੂਰੇ ਵਿਚੈਸ਼ਾ ਵਲੋ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 674 ਵੇਂ ਆਗਮਨ ਪੁਰਬ ਤੇ ਵਿਸ਼ੇਸ਼ ਨਗਰ ਕੀਰਤਨ ਦਾ ਆਯੋਜਿਨ ਕੀਤਾ ਗਿਆ। ਅਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਦੀ ਛਤਰ-ਛਾਇਆ ਹੇਠ ਸਜਾਏ ਗਏ ਨਗਰ ਕੀਰਤਨ ਵਿਚ ਸੰਗਤਾਂ ਹਜਾਰਾਂ ਦੀ ਗਿਣਤੀ ‘ਚ ਪਹੁੰਚੀਆਂ। ਇਸ ਨਗਰ ਕੀਰਤਨ ਵਿਚ ਸੰਤ ਕ੍ਰਿਸ਼ਨ ਨਾਥ ਚਹੇੜੂ ਵਾਲੇ ਅਤੇ ਸੰਤ 108 ਗੁਰਦੀਪ ਗਿਰੀ ਜੀ ਪਠਾਨਕੋਟ ਵਾਲੇ ਉਚੇਚੇ ਤੌਰ ਤੇ ਸ਼ਾਮਲ ਹੋਏ। ਸ੍ਰੀ ਅਮਰੀਕ ਦੋਲੀਕੇ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਮਨੈਰਬੀਓ ਬਰੇਸ਼ੀਆ,ਸ੍ਰੀ ਅਸ਼ੋਕ ਕੁਮਾਰ ਚੰਦੜ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਪਾਰਮਾ ਪਿਚੈਂਸਾ, ਸ੍ਰੀ ਅਸ਼ਵਨੀ ਕੁਮਾਰ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਪ੍ਰਚਾਰ ਸਭਾ ਕਰੇਮੋਨਾ, ਡਾ ਖੁਸ਼ੀ ਰਾਮ ਸੁੰਮਨ, ਤਰਵੀਜੋ, ਸਰਬਜੀਤ ਵਿਰਕ,ਸ੍ਰੀ ਕਸ਼ਮੀਰ ਲਾਲ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਪਲ ਰਿਜੋਮਿਲੀਆ, ਅਰੇਸੋ, ਬੈਰਗਾਮੋ ਅਤੇ ਹੋਰ ਵੱਖ ਕਮੇਟੀਆਂ ਦੇ ਅਹੁਦੇਦਾਰ ਸੰਗਤਾਂ ਸਮੇਤ ਬੱਸਾਂ ਵਿਚ ਪਹੁੰਚੇ। ਨਗਰ ਕੀਰਤਨ ਦੀ ਸੁਰੂਆਤ ਬੋਲੇ ਸੋ ਨਿਰਭੈਅ ਦੇ ਜੈਕਾਰਿਆਂ ਨਾਲ ਹੋਈ। ਨਗਰ ਕੀਰਤਨ ‘ਚ ਇਟਾਲੀਅਨ ਬੈਂਡ ਵਾਜਿਆਂ ਦੀਆਂ ਧੂੰਨਾਂ ਵੀ ਸੰਗਤਾਂ ਨੂੰ ਮੰਤਰ-ਮੁੰਗਧ ਕਰ ਰਹੀਆਂ ਸਨ। ਸੰਗਤਾਂ ਲਈ ਸਮੋਸੇ, ਪਕੌੜੇ, ਆਈਸ ਕਰੀਮ, ਗੋਲ-ਗੱਲੇ, ਜੂਸ, ਗਜਰੇਲਾ, ਕੁਲਚੇ, ਅਤੇ ਫਲ-ਫਰੂਟ ਦੇ ਸਟਾਲ ਲਾਏ ਗਏ।ਲੰਗਰ ਵੀ ਅਟੁੱਟ ਵਰਤ-ਾਇਆ ਗਿਆ।ਇਟਲੀ ਦੇ ਚਰਚਿਤ ਗਾਇਕ ਸੋਡੀ ਮੱਲ ਅਤੇ ਪੰਮਾ ਲਧਾਣਾ ਨੇ ਵੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਉਸਤਤ ਆਪਣੇ ਵੱਖ-ਵੱਖ ਸ਼ਬਦਾਂ ਰਾਹੀ ਕੀਤੀ। ਭਾਈ ਸਤਨਾਮ ਸਿੰਘ ਨੇ ਵੀ ਕੀਰਤਨ ਰਾਹੀ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਕਮੇਟੀ ਵਲੋ ਆਈਆਂ ਸ਼ਖਸ਼ੀਅਤਾਂ ਦਾ ਮਾਨ ਸਨਮਾਨ ਵੀ ਕੀਤਾ ਗਿਆ। ਗਾਇਕ ਬੱਬੂ ਜਲੰਧਰੀਆਂ ਵਲੋ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਤੇ ਚਰਨਜੀਤ ਸਿੰਘ ਲੱਖਪੁਰ, ਗੀਤਕਾਰ ਰੱਤੂ ਰੰਧਾਵਾ, ਨਵਦੀਪ ਸਿੰਘ ਜਗਤਪੁਰ, ਚਮਨ ਲਾਲ ਸਾਹਲੋ, ਬਲਜੀਤ ਬਖਲੌਰ, ਨਿਰਮਲ ਦਾਦਰਾ, ਜਸਵਿੰਦਰ ਚੁੰਬਰ, ਮਨਜੀਤ ਭਟੋਆ ਆਦਿ ਸਖਸ਼ੀਅਤਾਂ ਹਾਜਰ ਸਨ।

****






# ਚੰਦਰਮਾ ਤੇ ਦਿਨ 'ਚ ਦਿਖਦੇ ਹਨ ਤਾਰੇ ਪਰ ਇਹ ਟਿਮਟਿਮਾਉਂਦੇ ਨਹੀਂ

ਅਕਸਰ ਹੀ ਜਦੋਂ ਅਸੀਂ ਰਾਤ ਨੂੰ ਆਕਾਸ਼ ਵੱਲ ਨੂੰ ਦੇਖਦੇ ਹਾਂ ਤਾਂ ਸਾਨੂੰ ਬਹੁਤ ਸਾਰੇ ਤਾਰੇ ਦਿਖਾਈ ਦਿੰਦੇ ਹਨ। ਜੇਕਰ ਰਾਤ ਮੱਸਿਆ ਦੀ ਹੋਵੇ ਭਾਵ ਪੂਰੀ ਤਰ੍ਹਾਂ ਹਨੇਰਾ ਹੋਵੇ ਤਾਂ ਸਾਨੂੰ ਤਾਰੇ ਜਿਆਦਾ ਚਮਕਦਾਰ ਅਤੇ ਜਿਆਦਾ ਗਿਣਤੀ ਵਿੱਚ ਦਿਖਾਈ ਦਿੰਦੇ ਹਨ। ਪਿੱਛੇ ਜਿਹੇ ਸਾਡੇ ਵਿਗਿਆਨੀਆਂ ਨੇ ਚੰਦਰਯਾਨ-3 ਰਾਹੀਂ ਚੰਦਰਮਾ ਨੂੰ ਫਤਿਹ ਕੀਤਾ ਹੈ। ਉਸ ਸਮੇਂ ਤੋਂ ਇਸਨੂੰ ਜਾਣਨ ਦੀ, ਦੇਖਣ ਦੀ 'ਤੇ ਉਥੋਂ ਦੁਨੀਆ ਕਿਹੋ ਜਿਹੀ ਦਿਖਾਈ ਦਿੰਦੀ ਹੈ ਇਹ ਦੇਖਣ ਸਮਝਣ ਦੀ ਲਲਕ ਜਿਹੀ ਲੱਗੀ ਹੋਈ ਹੈ। ਇਸ ਸਭ ਨੂੰ ਦੇਖਦੇ ਸੋਚਦੇ ਹੋਏ ਦਿਮਾਗ ਵਿੱਚ ਕਈ ਤਰ੍ਹਾਂ ਦੇ ਪ੍ਰਸ਼ਨ ਉਠਦੇ ਹਨ ਕਿ ਜਿਵੇਂ ਅਸੀਂ ਧਰਤੀ ਤੋਂ ਰਾਤ ਨੂੰ ਤਾਰਿਆਂ ਨੂੰ ਦੇਖਦੇ ਹਾਂ ਕੀ ਚੰਦਰਮਾ ਤੇ ਵੀ ਸਾਨੂੰ ਤਾਰੇ ਦਿਖਾਈ ਦਿੰਦੇ ਹਨ ? ਧਰਤੀ ਤੋਂ ਦੇਖਣ ਤੇ ਸਾਨੂੰ ਤਾਰੇ ਟਿਮਟਿਮਾਉਂਦੇ ਹੋਏ ਦਿਖਾਈ ਦਿੰਦੇ ਹਨ। ਕੀ ਚੰਦਰਮਾ ਤੇ ਵੀ ਅਜਿਹਾ ਹੀ ਵਰਤਾਰਾ ਹੋਵੇਗਾ? ਉਥੇ ਵੀ ਸਾਨੂੰ ਤਾਰੇ ਜਗਦੇ ਬੁਝਦੇ ਟਿਮਟਿਮਾਉਂਦੇ ਦਿਖਾਈ ਦੇਣਗੇ?

ਇਸ ਸਭ ਨੂੰ ਸਮਝਣ ਦੇ ਲਈ ਸਾਨੂੰ ਸਭ ਤੋਂ ਪਹਿਲਾਂ ਇਹ ਜਾਨਣਾ ਜਰੂਰੀ ਹੈ ਕਿ ਕੀ ਤਾਰੇ ਆਖਰ ਹੁੰਦੇ ਕੀ ਹਨ? ਅਤੇ ਕੀ ਇਹ ਅਸਲ ਵਿਚ ਟਿਮਟਿਮਾਉਂਦੇ ਆਉਂਦੇ ਹਨ? ਸਾਨੂੰ ਜਿੰਨੇ ਵੀ ਤਾਰੇ ਦਿਖਾਈ ਦਿੰਦੇ ਹਨ ਅਸਲ ਵਿੱਚ ਇਹ ਸਾਰੇ ਸੂਰਜ ਹੀ ਹਨ ਸਾਡਾ ਸੂਰਜ ਵੀ ਇੱਕ ਤਾਰਾ ਹੈ। ਪਰ ਦੂਜੇ ਤਾਰਿਆਂ ਦੇ ਮੁਕਾਬਲੇ ਬਹੁਤ ਜਿਆਦਾ ਨੇੜੇ ਹੋਣ ਦੇ ਕਾਰਨ ਇਹ ਸਾਨੂੰ ਇਨਾ ਵੱਡਾ ਅਤੇ ਚਮਕਦਾਰ ਦਿਖਾਈ ਦਿੰਦਾ ਹੈ। ਦੂਜੇ ਪਾਸੇ ਦਿਖਣ ਵਾਲੇ ਸਾਰੇ ਤਾਰੇ ਸਾਡੇ ਤੋਂ ਬਹੁਤ ਜਿਆਦਾ ਦੂਰ ਹਨ ਇੰਨੀ ਜਿਆਦਾ ਦੂਰ ਹਨ ਕਿ ਇਹਨਾਂ ਤੋਂ ਸਾਡੇ ਤੱਕ ਪ੍ਰਕਾਸ਼ ਪਹੁੰਚਣ ਨੂੰ ਵੀ ਕਈ ਕਈ ਵਰ੍ਹੇ ਲੱਗ ਜਾਂਦੇ ਹਨ। ਤੁਹਾਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਵੇਗੀ ਕਿ ਇਹਨਾਂ ਵਿੱਚੋਂ ਕੋਈ ਵੀ ਤਾਰਾ ਜਗਮਗ ਜਗਮਗ ਨਹੀਂ ਕਰਦਾ ਭਾਵ ਟਿਮਟਿਮਾਉਂਦਾ ਨਹੀਂ। ਇਹਨਾਂ ਦੇ ਸਾਨੂੰ ਟਿਮਟਿਮਾਉਂਦੇ ਦਿਖਣ ਦਾ ਕਾਰਨ ਅਸਲ ਵਿੱਚ ਇੱਕ ਵਾਯੂਮੰਡਲੀ ਵਰਤਾਰਾ ਹੈ। ਸਾਡੀ ਧਰਤੀ ਕੋਲ ਵਾਯੂਮੰਡਲ ਹੈ। ਜਦੋਂ ਸੂਰਜ ਦਾ ਪ੍ਰਕਾਸ਼ ਧਰਤੀ ਵੱਲ ਆਉਂਦਾ ਹੈ ਤਾਂ ਇਸ ਨੂੰ ਇਸ ਵਾਯੂਮੰਡਲ ਵਿੱਚੋਂ ਦੀ ਹੋ ਕੇ ਲੰਘਣਾ ਪੈਂਦਾ ਹੈ ਇਸ ਦੌਰਾਨ ਇਹ ਕਦੇ ਸੰਘਣੇ ਮਾਧਿਅਮ ਵਿੱਚੋਂ ਅਤੇ ਕਦੇ ਵਿਰਲੇ ਮਾਧਿਅਮ ਵਿੱਚੋਂ ਲੰਘਦਾ ਹੈ। (ਸੰਘਣਾ ਮਤਲਬ ਜਿੱਥੇ ਹਵਾ, ਗੈਸਾਂ ਜਿਆਦਾ ਹੋਣ ਅਤੇ ਵਿਰਲਾ ਮਤਲਬ ਜਿੱਥੇ ਇਹਨਾਂ ਦੀ ਸੰਘਣਤਾ ਘੱਟ ਹੋਵੇ) ਜਦੋਂ ਪ੍ਰਕਾਸ਼ ਇੱਕ ਮਾਧਿਅਮ ਤੋਂ ਦੂਜੇ ਮਾਧਿਅਮ ਵਿੱਚ ਜਾਂਦਾ ਹੈ ਤਾਂ ਇਹ ਆਪਣਾ ਰਸਤਾ ਬਦਲ ਲੈਂਦਾ ਹੈ। ਭਾਵ ਪ੍ਰਕਾਸ਼ ਦਾ ਅਪਵਰਤਨ ਹੋ ਜਾਂਦਾ ਹੈ। ਜਦੋਂ ਇਹ ਵਿਰਲੇ ਤੋਂ ਸੰਘਣੇ ਮਾਧਿਅਮ ਵਿੱਚ ਜਾਂਦਾ ਹੈ ਤਾਂ ਅਭਿਲੰਬ ਵੱਲ ਭਾਵ ਅੰਦਰ ਨੂੰ ਮੁੜ ਜਾਂਦਾ ਹੈ ਅਤੇ ਜਦੋਂ ਸੰਘਣੇ ਮਾਧਿਅਮ ਤੋਂ ਵਿਰਲੇ ਮਾਧਿਅਮ ਵੱਲ ਜਾਂਦਾ ਹੈ ਤਾਂ ਅਭਿਲੰਬ ਤੋਂ ਪਰ੍ਹਾਂ ਭਾਵ ਰਸਤਾ ਬਦਲ ਕੇ ਬਾਹਰ ਵੱਲ ਨੂੰ ਚਲਾ ਜਾਂਦਾ ਹੈ। ਇਸੇ ਕਰਕੇ ਪ੍ਰਕਾਸ਼ ਦੇ ਕਦੇ ਇਧਰ ਕਦੇ ਉਧਰ ਹੋ ਕੇ ਸਾਡੀ ਅੱਖ ਤੱਕ ਪਹੁੰਚਣ ਤੇ ਇਹ ਟੁੱਟ-ਟੁੱਟ ਕੇ ਪਹੁੰਚਦਾ ਜਾਪਦਾ ਹੈ। ਇਸੇ ਕਾਰਨ ਉਹ ਤਾਰਾ ਜਿਸ ਤੋਂ ਇਹ ਪ੍ਰਕਾਸ਼ ਆ ਰਿਹਾ ਹੁੰਦਾ ਹੈ ਸਾਨੂੰ ਟਿਮਟਿਮਾਉਂਦਾ ਹੋਇਆ ਦਿਖਾਈ ਦਿੰਦਾ ਹੈ। ਇਹ ਸਾਰਾ ਕੁਝ ਵਾਯੂਮੰਡਲ ਵਿਚ ਮੌਜੂਦ ਗੈਸਾਂ ਹਵਾ ਆਦਿ ਦੇ ਕਾਰਨ ਹੀ ਹੈ।

ਹੁਣ ਚੰਦਰਮਾ ਦੀ ਗੱਲ ਕਰਦੇ ਹਾਂ। ਚੰਦਰਮਾ ਤੇ ਧਰਤੀ ਵਾਂਗ ਵਾਯੂਮੰਡਲ ਹੈ ਹੀ ਨਹੀਂ। ਵਾਯੂਮੰਡਲ ਦੀ ਅਣਹੋਂਦ ਦੇ ਕਾਰਨ ਚੰਦਰਮਾ 'ਤੇ ਸੂਰਜ ਤੋਂ ਆਣ ਵਾਲੇ ਪ੍ਰਕਾਸ਼ ਦਾ ਅਪਵਰਤਨ ਹੁੰਦਾ ਹੀ ਨਹੀਂ। ਭਾਵ ਨਾ ਇਸ ਨੂੰ ਵਿਰਲੇ ਤੋਂ ਸੰਘਣੇ ਮਾਧਿਅਮ ਵੱਲ ਜਾਣਾ ਪੈਂਦਾ ਹੈ ਅਤੇ ਨਾ ਸੰਘਣੇ ਤੋਂ ਵਿਰਲੇ ਵੱਲ। ਜਿਸ ਕਾਰਨ ਪ੍ਰਕਾਸ਼ ਸਿੱਧਾ ਵੇਖਣ ਵਾਲੇ ਦੀ ਅੱਖ ਤੱਕ ਪਹੁੰਚਦਾ ਹੈ ਅਤੇ ਨਿਰਵਿਘਨ ਲਗਾਤਾਰ ਪਹੁੰਚਦਾ ਹੈ। ਇਸੇ ਕਾਰਨ ਤਾਰਾ ਉੱਥੇ ਟਿਮਟਿਮਾਉਂਦਾ ਹੋਇਆ ਦਿਖਾਈ ਨਹੀਂ ਦਿੰਦਾ।

ਸੂਰਜ ਦਾ ਪ੍ਰਕਾਸ਼ ਜਦੋਂ ਧਰਤੀ ਤੋਂ ਟਕਰਾ ਕੇ ਵਾਪਸ ਮੁੜਦਾ ਹੈ ਭਾਵ ਪਰਾਵਰਤਿਤ ਹੁੰਦਾ ਹੈ ਤਾਂ ਵਾਯੂਮੰਡਲ ਵਿੱਚ ਇਸ ਦਾ ਖੰਡਰਾਓ ਹੋ ਜਾਂਦਾ ਹੈ ਜਿਸ ਕਾਰਨ ਧਰਤੀ ਤੋਂ ਬਾਹਰੋਂ ਪੁਲਾੜ ਵਿੱਚ ਦੇਖਣ ਤੇ ਸਾਨੂੰ ਇੱਥੇ ਜਿਆਦਾ ਚਮਕ ਦਿਖਾਈ ਦਿੰਦੀ ਹੈ। ਚੰਦਰਮਾ ਤੇ ਅਜਿਹਾ ਕੁਝ ਨਹੀਂ ਹੁੰਦਾ ਇਸੇ ਕਾਰਨ ਚੰਦਰਮਾ ਤੋਂ ਧਰਤੀ ਨੂੰ ਦੇਖਣ ਤੇ ਧਰਤੀ ਚੰਦਰਮਾ ਤੋਂ ਕਈ ਗੁਣਾਂ ਜਿਆਦਾ ਚਮਕਦਾਰ ਦਿਖਾਈ ਦਿੰਦੀ ਹੈ। ਇਸੇ ਕਾਰਨ ਸਾਨੂੰ ਦਿਨ ਵਿੱਚ ਧਰਤੀ ਉੱਤੇ ਤਾਰੇ ਦਿਖਾਈ ਨਹੀਂ ਦਿੰਦੇ। ਜਦਕਿ ਜੇ ਅਸੀਂ ਦਿਨ ਵਿੱਚ ਚੰਦਰਮਾ ਤੇ ਚੰਦਰਮਾ ਦੀ ਸਤਾ ਤੇ ਖੜ ਕੇ ਦੇਖੀਏ ਤਾਂ ਸਾਨੂੰ ਉੱਥੇ ਤਾਰੇ ਦਿਖਾਈ ਦੇਣਗੇ। ਭਾਵ ਚੰਦਰਮਾ ਤੇ ਦਿਨ ਵਿੱਚ ਵੀ ਤਾਰੇ ਦਿਖਾਈ ਦਿੰਦੇ ਹਨ ਅਤੇ ਚੰਦਰਮਾ ਤੇ ਤਾਰੇ ਟਿਮਟਿਮਾਉਂਦੇ ਹੋਏ ਵੀ ਦਿਖਾਈ ਨਹੀਂ ਦਿੰਦੇ।

**ਸੰਜੀਵ ਝਾਂਜੀ, ਜਗਰਾਉਂ +91 80049 10000**

# ਭੋਜਨ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਉਪਰਾਲਾ ਕਰਨਾ ਯਕੀਨੀ ਬਣਾਇਆ ਜਾਵੇ: ਏਡੀਸੀ (ਜ) ਰਾਜੀਵ ਵਰਮਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ ਅੱਜ ਜ਼ਿਲ੍ਹਾ ਪੱਧਰੀ ਸਲਾਹਕਾਰੀ ਕਮੇਟੀ ਦੀ ਮੀਟਿੰਗ ਆਯੋਜਿਤ ਹੋਈ, ਜਿਸ ਵਿਚ ਸਿਹਤ ਵਿਭਾਗ ਤੇ ਫੂਡ ਤੇ ਡਰੱਗ ਐਡਮਨਿਸਟ੍ਰੇਸ਼ਨ ਵਿਭਾਗ ਸਮੇਤ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਪ੍ਰਤੀਨਿਧੀਆਂ ਨੇ ਭਾਗ ਲਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਸਿਹਤ ਵਿਭਾਗ ਤੇ ਫੂਡ ਤੇ ਡਰੱਗ ਐਡਮਨਿਸਟ੍ਰੇਸ਼ਨ ਵਿਭਾਗ ਸਮੇਤ ਵੱਖ-ਵੱਖ ਸਰਕਾਰੀ ਵਿਭਾਗਾਂ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਭੋਜਨ ਸੁਰੱਖਿਆ ਐਕਟ ਤਹਿਤ ਆਮ ਲੋਕਾਂ ਦੀ ਸਿਹਤ ਸੁਰੱਖਿਆ ਲਈ ਭੋਜਨ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਉਪਰਾਲਾ ਕਰਨਾ ਯਕੀਨੀ ਬਣਾਇਆ ਜਾਵੇ। ਸਿਹਤ ਵਿਭਾਗ ਤੇ ਫੂਡ ਸੇਫਟੀ ਵਿੰਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਭੋਜਨ ਸੁਰੱਖਿਆ ਐਕਟ ਤਹਿਤ ਆਮ ਲੋਕਾਂ ਵਿਚ ਪੌਸ਼ਟਿਕ ਤੇ ਸਾਫ-ਸੁਥਰੇ ਖਾਣੇ ਦੀ ਮਹੱਤਤਾ ਦੱਸਣ ਲਈ ਵੱਧ ਤੋਂ ਵੱਧ ਜਾਗਰੂਕਤਾ ਕੈਂਪ ਆਯੋਜਿਤ ਕੀਤੇ ਜਾਣ। ਇਸ ਦੇ ਨਾਲ ਹੀ ਸੈਂਪਲਿੰਗ ਦੇ ਕੰਮ ਵਿਚ ਵੀ ਤੇਜ਼ੀ ਲਿਆਂਦੀ ਜਾਵੇ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਸਰਕਾਰੀ ਸਕੂਲਾਂ ਅਤੇ ਆਂਗਣਵਾੜੀਆਂ ਵਿਚ ਮਿਡ-ਡੇ-ਮੀਲ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਨਿਰੰਤਰ ਜਾਂਚ ਚੈਕ ਕੀਤਾ ਜਾਵੇ ਅਤੇ ਮਿਡ-ਡੇ-ਮੀਲ ਬਣਾਉਣ ਲਈ ਕੱਚੇ ਮਟੀਰੀਆ ਦੀ ਸਹੀ ਢੰਗ ਨਾਲ ਸਟੋਰੇਜ ਕੀਤੀ ਜਾਵੇ। ਉਨ੍ਹਾਂ ਫੂਡ ਸੇਫਟੀ ਟੀਮ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਜਾਗਰੂਕਤਾ ਗਤੀਵਿਧੀਆਂ ਦੀ ਮੀਡੀਆ ਕਵਰੇਜ ਕਰਨਾ ਵੀ ਯਕੀਨੀ ਬਣਾਇਆ ਜਾਵੇ। ਉਨ੍ਹਾਂ ਸਿੱਖਿਆ ਵਿਭਾਗ ਦੇ ਪ੍ਰਤੀਨਿਧੀਆਂ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਵੀ ਸਰਕਾਰੀ ਸਕੂਲਾਂ ਅਤੇ ਆਂਗਣੜੀਆਂ ਵਿਚ ਮਿਡ-ਡੇ-ਮੀਲ ਬਣਾਉਣ ਲਈ ਰਸੋਈ ਵਿਚ ਸਾਫ-ਸਫਾਈ ਪ੍ਰਬੰਧਾਂ ਨੂੰ ਬਿਹਤਰ ਬਣਾਇਆ ਜਾਵੇ ਤਾਂ ਜੋ ਬੱਚਿਆਂ ਦੇ ਖਾਣੇ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ।



ਉਨ੍ਹਾਂ ਜ਼ਿਲ੍ਹਾ ਮੰਡੀ ਅਫਸਰ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਮੰਡੀਆ ਵਿਚ ਸਾਫ-ਸਫਾਈ ਦੇ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ ਜਾਵੇ। ਉਨ੍ਹਾਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਹਦਾਇਤ ਕੀਤੀ ਕਿ ਆਂਗਣਵੜੀਆਂ ਦੀ ਫੂਡ ਸੇਫਟੀ ਐਕਟ ਤਹਿਤ ਰਜਿਸਟ੍ਰੇਸ਼ਨ ਕਰਵਾਉਣੀ ਯਕੀਨੀ ਬਣਾਈ ਜਾਵੇ। ਮੀਟਿੰਗ ਦੇ ਅੰਤ ਵਿਚ ਭਗਤ ਜੀ ਅਤੇ ਡੌਲਫਿਨ ਰੈਸਟੋਰੈਂਟਸ ਨੂੰ ਹਾਈਜੀਨ ਰੇਟਿੰਗ ਦੇ ਸਰਟੀਫਿਕੇਟ ਵੀ ਵੰਡੇ ਗਏ। ਇਸ ਮੌਕੇ ਸਿਵਲ ਸਰਜਨ ਡਾ. ਜਸਪ੍ਰੀਤ ਕੌਰ, ਫੂਡ ਕਮਿਸ਼ਨਰ ਰਾਖੀ ਵਿਨਾਇਕ, ਫੂਡ ਸੇਫਟੀ ਅਫਸਰ ਸੰਗੀਤਾ ਸਹਿਦੇਵ ਅਤੇ ਬਿਕਰਮਜੀਤ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call: 530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

LUCAS OIL LUCAS INJECTOR CLEANER $28.99

NEW & USED TIRES

WASH, LUBE, BRAKES

Call: 650-642-0697

3525 Highway 99, West Corning, CA 96021

Across the Street from TA Truck Stop

# ਕੰਵਲਪ੍ਰੀਤ ਕੌਰ ਨੇ ਸੋਨੇ ਦੇ ਤਿੰਨ ਤਗਮੇ ਜਿੱਤ ਕੇ ਬਣਾਇਆ ਨਵਾਂ ਰਿਕਾਰਡ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਹੁਸ਼ਿਆਰਪੁਰ ਦੀ ਜੂਡੋ ਚੈਮਪੀਅਨ ਕੰਵਲਪ੍ਰੀਤ ਕੌਰ ਨੇ ਮਾਲਟਾ ਵਿਖੇ ਹੋਈ ਕੌਮਨਵੈਲਥ ਚੈਮਪੀਅਨਸ਼ਿਪ-2024 ਵਿੱਚ ਦੇਸ਼ ਦੀ ਨੁਮਾਇੰਦਗੀ ਕਰਦੇ ਹੋਏ ਵੱਖ-ਵੱਖ ਕੈਟਾਗਿਰੀ ਵਿਚ ਤਿੰਨ ਸੋਨੇ ਦੇ ਤਗਮੇ ਜਿੱਤਦੇ ਹੋਏ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ। ਕੰਵਲਪ੍ਰੀਤ ਕੌਰ ਦੀ ਇਸ ਸ਼ਾਨਦਾਰ ਜਿੱਤ 'ਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ (ਆਈ।ਏ।ਐਸ) ਨੇ ਕੰਵਲਪ੍ਰੀਤ, ਉਸਦੇ ਮਾਤਾ-ਪਿਤਾ ਅਤੇ ਕੋਚ ਸਾਹਿਬਾਨ ਨੂੰ ਵਧਾਈ ਦਿੱਤੀ ਹੈ। ਜ਼ਿਕਰਯੋਗ ਹੈ ਕਿ ਕੰਵਲਪ੍ਰੀਤ ਕੌਰ ਦੇਸ਼ ਦੀ ਪਹਿਲੀ ਜੂਡੋ ਖਿਡਾਰਨ ਹੈ, ਜਿਸਨੇ ਸਾਰਿਆਂ ਤਿੰਨ ਕੈਟਾਗਿਰੀਆਂ ਕੈਡਟ, ਜੂਨੀਅਰ ਅਤੇ ਸੀਨੀਅਰ ਵਿੱਚ ਸੋਨੇ ਦਾ ਤਗਮਾ ਜਿੱਤ ਕੇ ਇੱਕ ਨਵਾਂ ਰਿਕਾਰਡ ਬਣਾਇਆ ਹੈ।

# ਬੈਂਗਲੁਰੂ 'ਚ ਹਾਥੀਆਂ ਦੀ ਮੌਤ, ਟੂਟੀਆਂ ਸੁੱਕਣ ਕਾਰਨ ਰਿਹਾਇਸ਼ੀ ਸੁਸਾਇਟੀਆਂ ਨੇ ਕੀਤਾ ਵਿਰੋਧ ਪ੍ਰਦਰਸ਼ਨ



ਬੈਂਗਲੁਰੂ 'ਚ ਚੱਲ ਰਹੇ ਪਾਣੀ ਦੇ ਸੰਕਟ ਕਾਰਨ ਦੋ ਹਾਥੀਆਂ ਦੀ ਮੌਤ ਹੋ ਗਈ ਹੈ। ਪਾਣੀ ਦੇ ਸੰਕਟ ਕਾਰਨ ਰਿਹਾਇਸ਼ੀ ਸੁਸਾਇਟੀਆਂ ਵਿੱਚ ਨਵੀਂ ਬੇਚੈਨੀ ਫੈਲ ਗਈ ਹੈ ਕਿਉਂਕਿ ਕਈ ਖੇਤਰਾਂ ਦੀਆਂ ਟੂਟੀਆਂ ਸੁੱਕ ਰਹੀਆਂ ਹਨ। ਕਿਹਾ ਜਾਂਦਾ ਹੈ ਕਿ ਦੋ ਨਰ ਹਾਥੀ ਬੈਂਗਲੁਰੂ ਮੈਟਰੋਪੋਲੀਟਨ ਖੇਤਰ ਤੋਂ ਸਿਰਫ 35 ਕਿਲੋਮੀਟਰ ਦੂਰ ਰਾਮਨਗਰ ਜ਼ਿਲ੍ਹੇ ਵਿੱਚ ਮਰਨ ਤੋਂ ਪਹਿਲਾਂ ਪਾਣੀ ਦੀ ਭਾਲ ਵਿੱਚ 50 ਕਿਲੋਮੀਟਰ ਤੋਂ ਵੱਧ ਭਟਕਦੇ ਰਹੇ ਸਨ। ਰਿਪੋਰਟਾਂ ਅਨੁਸਾਰ, ਹੀਟ ਸਟ੍ਰੋਕ ਅਤੇ ਸੰਭ-ਾਵਿਤ ਡੀਹਾਈਡਰੇਸ਼ਨ ਨੇ ਇਨ੍ਹਾਂ ਦੋ ਹਾਥੀਆਂ ਦੀ ਜਾਨ ਲੈ ਲਈ।

ਜੰਗਲਾਤ ਅਧਿਕਾਰੀਆਂ ਨੇ ਕਿਹਾ ਕਿ ਇਨ੍ਹਾਂ ਦੋ ਜਾਨਵਰਾਂ ਦੀ ਮੌਤ ਉਨ੍ਹਾਂ ਖਤਰਿਆਂ ਨੂੰ ਦਰਸਾਉਂਦੀ ਹੈ ਜੋ ਜੰਗਲੀ ਜੀਵਾਂ ਨੂੰ ਪਾਣੀ ਦੀ ਕਮੀ ਅਤੇ ਤੀਬਰ ਗਰਮੀ, ਖਾਸ ਤੌਰ 'ਤੇ ਖੁਸ਼ਕ ਦੌਰ ਵਿੱਚ ਸਾਹਮਣਾ ਕਰਨਾ ਪੈਂਦਾ ਹੈ। ਪਹਿਲੇ ਹਾਥੀ ਦੀ ਲਾਸ਼, ਇੱਕ 30 ਸਾਲਾ ਨਰ, ਯਲਾਵਨਾਥ ਪਿੰਡ ਵਿੱਚ ਲੱਭੀ ਗਈ ਸੀ, ਅਤੇ ਦੂਜੇ ਹਾਥੀ ਦੀ ਲਾਸ਼ ਕੁਝ ਕਿਲੋਮੀਟਰ ਦੂਰ ਬੇਟਾਹੱਲੀ ਵਿੱਚ ਲੱਭੀ ਗਈ ਸੀ। ਇੰਡੀਅਨ ਇੰਸਟੀਚਿਊਟ ਆਫ ਸਾਇੰਸ ਬੈਂਗਲੁਰੂ ਦੇ ਸੈਂਟਰ ਫਾਰ ਈਕੋਲੋਜੀਕਲ ਸਟੱਡੀਜ਼ ਦੇ ਵਿਗਿਆਨੀਆਂ ਨੇ ਅੰਦਾਜ਼ਾ ਲਗਾਇਆ ਕਿ ਹਾਥੀਆਂ ਦੀ ਮੌਤ ਸੁੱਕੇ ਚਾਰੇ ਕਾਰਨ ਹੋ ਸਕਦੀ ਹੈ।

**ਬੈਂਗਲੁਰੂ ਦੇ ਰਿਹਾਇਸ਼ੀ ਇਲਾਕਿਆਂ 'ਚ ਨਵਾਂ ਵਿਰੋਧ ਪ੍ਰਦਰਸ਼ਨ ਸ਼ੁਰੂ**

ਇਸ ਦੌਰਾਨ ਜਦੋਂ ਕਈ ਰਿਹਾਇਸ਼ੀ ਇਲਾਕਿਆਂ ਦੀਆਂ ਪਾਣੀ ਦੀ ਘਾਟ ਕਾਰਨ ਟੂਟੀਆਂ ਸੁੱਕ ਗਈਆਂ ਤਾਂ ਨਵਾਂ ਵਿਰੋਧ ਸ਼ੁਰੂ ਹੋ ਗਿਆ। ਸੈਂਟਰਲ ਬੈਂਗਲੁਰੂ ਦੇ ਸ਼ਾਪੂਰਜੀ ਪਾਰਕਵੈਸਟ ਇਲਾਕੇ ਵਿੱਚ ਰਹਿਣ ਵਾਲੇ ਲੋਕਾਂ ਨੇ ਇੱਕ ਵੱਡੇ ਵਿਰੋਧ ਵਿੱਚ ਬਿਲਡਰ ਤੋਂ ਮੰਗ ਕੀਤੀ ਕਿ ਉਨ੍ਹਾਂ ਨੂੰ ਪਾਣੀ ਦਿੱਤਾ ਜਾਵੇ। ਉਨ੍ਹਾਂ ਨੇ ਆਪਣੀਆਂ ਰੋਜ਼ਾਨਾ ਲੋੜਾਂ ਲਈ ਪਾਣੀ ਨਾ ਮਿਲਣ ਦੀ ਸ਼ਿਕਾਇਤ ਕੀਤੀ। ਉਨ੍ਹਾਂ 'ਸਾਨੂੰ ਪਾਣੀ ਚਾਹੀਦਾ ਹੈ' ਵਰਗੇ ਨਾਅਰੇ ਲਾਏ ਅਤੇ ਦਾਅਵਾ ਕੀਤਾ ਕਿ ਬਿਲਡਰ ਨੇ ਫਲੈਟ ਵੇਚਣ ਸਮੇਂ ਨਿਰਵਿਘਨ ਪਾਣੀ ਦੇਣ ਦਾ ਵਾਅਦਾ ਕੀਤਾ ਸੀ। ਇਹਨਾਂ ਘਟਨਾਵਾਂ ਦੀ ਰੋਸ਼ਨੀ ਵਿੱਚ, ਕਰਨਾਟਕ ਸਰਕਾਰ ਨੇ ਐਲਾਨ ਕੀਤਾ ਕਿ ਟ੍ਰੀਟਡ ਪਾਣੀ, ਜੋ ਕਿ ਸਾਰੀਆਂ ਗੈਰ-ਜ਼ਰੂਰੀ ਵਰਤੋਂ ਲਈ ਵਰਤਿਆ ਜਾ ਸਕਦਾ ਹੈ, ਨੂੰ ਸ਼ਹਿਰ ਦੀ ਪਾਣੀ ਦੀ ਕਮੀ ਦੇ ਸੰਭਾਵੀ ਹੱਲ ਵਜੋਂ ਮੰਨਿਆ ਜਾ ਰਿਹਾ ਹੈ।

# ਲੁਧਿਆਣਾ ਤੇ ਜਲੰਧਰ ਤੋਂ ਆਮ ਆਦਮੀ ਪਾਰਟੀ 16 ਨੂੰ ਉਮੀਦਵਾਰਾਂ ਦਾ ਐਲਾਨ ਕਰੇਗੀ

**ਚੰਡੀਗੜ੍ਹ–**ਆਮ ਆਦਮੀ ਪਾਰਟੀ (ਓਅਪ) 16 ਅਪ੍ਰੈਲ ਨੂੰ ਲੁਧਿਆਣਾ ਅਤੇ ਜਲੰਧਰ ਲਈ ਆਪਣੇ ਲੋਕ ਸਭਾ ਉਮੀਦਵਾਰਾਂ ਦਾ ਐਲਾਨ ਕਰੇਗੀ। 'ਆਪ' ਪੰਜਾਬ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਐਕਸ ਅਕਾਊਂਟ ਰਾਹੀਂ ਇਹ ਗੱਲ ਸਾਂਝੀ ਕੀਤੀ ਹੈ। 'ਆਪ' ਪੰਜਾਬ 'ਚ 9 ਲੋਕ ਸਭਾ ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ। ਪਾਰਟੀ ਨੇ ਆਪਣੀ ਪਹਿਲੀ ਸੂਚੀ ਵਿੱਚ ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਅਰ, ਅੰਮ੍ਰਿਤਸਰ ਤੋਂ ਕੁਲਦੀਪ ਸਿੰਘ ਧਾਲੀਵਾਲ, ਖਡੂਰ ਸਾਹਿਬ ਤੋਂ ਲਾਲਜੀਤ ਸਿੰਘ ਭੁੱਲਰ, ਬਠਿੰਡਾ ਤੋਂ ਗੁਰਮੀਤ ਸਿੰਘ ਖੁੱਡੀਆਂ ਅਤੇ ਪਟਿਆਲਾ ਤੋਂ ਡਾ ਬਲਬੀਰ ਸਿੰਘ ਅਤੇ ਫਰੀਦਕੋਟ ਤੋਂ ਕਰਮਜੀਤ ਸਿੰਘ ਅਨਮੋਲ ਅਤੇਫਤਿਹਗੜ੍ਹ ਤੋਂ ਗੁਰਪ੍ਰੀਤ ਸਿੰਘ ਜੀਪੀ ਨੂੰ ਉਮੀਦਵਾਰ ਐਲਾਨਿਆ ਹੈ। ਪਾਰਟੀ ਨੇ ਪੰਜਾਬ ਵਿੱਚ ਪੰਜ ਕੈਬਨਿਟ ਮੰਤਰੀਆਂ ਨੂੰ ਮੈਦਾਨ ਵਿੱਚ ਉਤਾਰਿਆ ਹੈ। ਪਾਰਟੀ ਨੇ ਆਪਣੀ ਦੂਜੀ ਸੂਚੀ ਵਿੱਚ ਪੰਜਾਬ ਵਿੱਚ ਆਪਣੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੂੰ ਆਨੰਦਪੁਰ ਸਾਹਿਬ ਅਤੇ ਡਾ ਰਾਜ ਕੁਮਾਰ ਚੱਬੇਵਾਲ ਨੂੰ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਉਮੀਦਵਾਰ ਐਲਾਨਿਆ ਹੈ। 16 ਅਪ੍ਰੈਲ ਨੂੰ ਆਪਣੀ ਤੀਜੀ ਸੂਚੀ ਵਿੱਚ ਪਾਰਟੀ ਦੋ ਹੋਰ ਉਮੀਦਵਾਰਾਂ ਦਾ ਐਲਾਨ ਕਰੇਗੀ। ਜਲੰਧਰ ਐਸਸੀ ਰਾਖਵੀਂ ਸੀਟ ਹੈ ਅਤੇ 9 ਵਿਧਾਨ ਸਭਾ ਹਲਕੇ ਹਨ। 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਨੇ ਚਾਰ ਹਲਕਿਆਂ ਤੋਂ ਜਿੱਤ ਪ੍ਰਾਪਤ ਕੀਤੀ ਸੀ।

# ਹੈਪੇਟਾਈਟਸ ਕਾਰਨ ਹਰ ਰੋਜ਼ ਹੋ ਰਹੀਆਂ ਨੇ 3500 ਮੌਤਾਂ

**ਜਨੇਵਾ–** ਵਿਸ਼ਵ ਸਿਹਤ ਸੰਗਠਨ (ਡਬਲਿਊਐੱਚਓ) ਨੇ ਅੱਜ ਕਿਹਾ ਹੈ ਕਿ ਵਾਇਰਲ ਹੈਪੇਟਾਈਟਸ ਕਾਰਨ ਜਾਨ ਗੁਆਉਣ ਵਾਲਿਆਂ ਦੀ ਗਿਣਤੀ ਵੱਧ ਰਹੀ ਹੈ ਅਤੇ ਇਸ ਕਾਰਨ ਹਰ ਰੋਜ਼ 3,500 ਅਤੇ ਵਿਸ਼ਵ ਪੱਧਰ 'ਤੇ ਹਰ ਸਾਲ 13 ਲੱਖ ਲੋਕਾਂ ਦੀ ਮੌਤ ਹੋ ਰਹੀ ਹੈ। ਸੰਗਠਨ ਨੇ ਆਪਣੀ 2024 ਦੀ ਵਿਸ਼ਵ ਹੈਪੇਟਾਈਟਸ ਰਿਪੋਰਟ ਵਿੱਚ ਕਿਹਾ ਹੈ ਕਿ 187 ਦੇਸ਼ਾਂ ਦੇ ਨਵੇਂ ਅੰਕੜੇ ਦੱਸਦੇ ਹਨ ਕਿ ਵਾਇਰਲ ਹੈਪੇਟਾਈਟਸ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ 2019 ਵਿੱਚ 11 ਲੱਖ ਤੋਂ ਵੱਧ ਕੇ 2022 ਵਿੱਚ 13 ਲੱਖ ਹੋ ਗਈ। ਰਿਪੋਰਟ ਅਨੁਸਾਰ ਇਨ੍ਹਾਂ 'ਚੋਂ 83 ਪ੍ਰਤੀਸ਼ਤ ਮੌਤਾਂ ਹੈਪੇਟਾਈਟਸ ਬੀ ਕਾਰਨ ਹੋਈਆਂ ਹਨ ਅਤੇ 17 ਪ੍ਰਤੀਸ਼ਤ ਹੈਪੇਟਾਈਟਸ ਸੀ ਕਾਰਨ ਹੋਈਆਂ ਹਨ। ਹੈਪੇਟਾਈਟਸ ਬੀ ਅਤੇ ਸੀ ਦੀ ਲਾਗ ਦੇ ਲਗਪਗ ਦੋ ਤਿਹਾਈ ਮਾਮਲੇ ਬੰਗਲਾਦੇਸ਼, ਚੀਨ, ਇਥੋਪੀਆ, ਭਾਰਤ, ਇੰਡੋਨੇਸ਼ੀਆ, ਨਾਇਜੀਰੀਆ, ਪਾਕਿਸਤਾਨ, ਫਿਲੀਪੀਨਜ਼, ਰੂਸ ਅਤੇ ਵੀਅਤਨਾਮ ਵਿੱਚ ਹਨ।







## ਪਠਾਨਕੋਟ ਸਮਾਚਾਰ – ਰਾਜਿੰਦਰ ਸਿੰਘ ਰਾਜਨ

# ਵੋਟਰ ਜਾਗਰੂਕਤਾ ਪ੍ਰੋਗਰਾਮ ਸਵੀਪ ਅਧੀਨ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਲਗਾਤਾਰ ਜਾਰੀ-ਗੁਰਪ੍ਰੀਤ ਸਿੰਘ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਜਿਲ੍ਹਾ ਚੋਣ ਅਫਸਰ ਕਮ-ਡਿਪਟੀ ਕਮਿਸਨਰ ਪਠਾਨਕੋਟ ਸ੍ਰੀ ਆਦਿੱਤਿਆ ਉੱਪਲ ਦੇ ਦਿਸਾ ਨਿਰਦੇਸਾਂ ਹੇਠ ਲੋਕ ਸਭਾ ਚੋਣਾਂ-2024 ਨੂੰ ਧਿਆਨ ਵਿੱਚ ਰੱਖਦਿਆਂ ਵੋਟਰ ਜਾਗਰੁਕਤਾ ਪ੍ਰੋਗਰਾਮ ਸਵੀਪ ਅਧੀਨ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ ਅਤੇ ਲੋਕਾਂ ਤੱਕ ਪਹੁੰਚ ਕਰਕੇ ਲੋਕਾਂ ਨੂੰ ਵੋਟ ਪਾਉਂਣ ਦੇ ਲਈ ਜਾਗਰੁਕ ਕੀਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਸ. ਗੁਰਪ੍ਰੀਤ ਸਿੰਘ ਜਿਲ੍ਹਾ ਨੋਡਲ ਅਫਸਰ ਸਵੀਪ-ਕਮ-ਭੂਮੀ ਰੱਖਿਆ ਅਫਸਰ ਪਠਾਨਕੋਟ ਵੱਲੋਂ ਕੀਤਾ ਗਿਆ।



ਉਨ੍ਹਾਂ ਦੱਸਿਆ ਕਿ ਜਿਲ੍ਹਾ ਪਠਾਨਕੋਟ ਅੰਦਰ ਵੋਟਰ ਜਾਗਰੁਕਤਾ ਪ੍ਰੋਗਰਾਮ ਅਧੀਨ ਲੋਕਾਂ ਦੇ ਘਰ੍ਹਾਂ ਤੱਕ ਡੋਰ ਟੂ ਡੋਰ ਪਹੁੰਚ ਕਰਕੇ ਅਤੇ ਪਿੰਡਾਂ ਦੀ ਸੱਥਾਂ ਵਿੱਚ ਪਹੁੰਚ ਕੇ ਲੋਕਾਂ ਨੂੰ ਵੱਧ ਤੋਂ ਵੱਧ ਵੋਟ ਪਾਉਂਣ ਦੇ ਲਈ ਜਾਗਰੁਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਿਲ੍ਹਾ ਪੱਧਰ ਤੇ ਬਣਾਈ ਸਵੀਪ ਟੀਮ ਵੱਲੋਂ ਆਉਂਣ ਵਾਲੇ ਦਿਨ੍ਹਾਂ ਵਿੱਚ ਕੀਤੀਆਂ ਜਾ ਰਹੀਆਂ ਸਵੀਪ ਗਤੀਵਿਧੀਆਂ ਨੂੰ ਲੈ ਕੇ ਅੱਜ ਇੱਕ ਵਿਸੇਸ ਮੀਟਿੰਗ ਵੀ ਆਯੋਜਿਤ ਕੀਤੀ ਗਈ ਅਤੇ ਆਉਂਣ ਵਾਲੇ ਦਿਨ੍ਹਾਂ ਵਿੱਚ ਕੀਤੇ ਜਾ ਰਹੇ ਸਵੀਪ ਪ੍ਰੋਗਰਾਮਾਂ ਦੇ ਬਾਰੇ ਵਿੱਚ ਵੀ ਚਰਚਾ ਕੀਤੀ ਗਈ। ਉਨ੍ਹਾਂ ਦੱਸਿਆ ਕਿ ਵੋਟਰ ਜਾਗਰੁਕਤਾ ਪ੍ਰੋਗਰਾਮ ਅਧੀਨ ਜਿੱਥੇ ਲੋਕਾਂ ਨੂੰ ਵੋਟ ਪਾਉਂਣ ਦੀ ਪ੍ਰੀਕ੍ਰਿਆਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ ਉੱਥੇ ਹੀ ਉਨ੍ਹਾਂ ਦੀ ਵੋਟ ਦੀ ਮਹੱਤਤਾ ਬਾਰੇ ਵੀ ਦੱਸਿਆ ਜਾਂਦਾ ਹੈ। ਇਸ ਤੋਂ ਇਲਾਵਾ ਲੋਕਾਂ ਨੂੰ ਉਨ੍ਹਾਂ ਦੇ ਵੋਟ ਪਾਉਂਣ ਦੇ ਅਧਿਕਾਰ ਤੋਂ ਵੀ ਜਾਣੂ ਕਰਵਾਇਆ ਜਾਂਦਾ ਹੈ।

# 40 ਵਿਦਿਆਰਥੀਆਂ ਵੱਲੋਂ ਜ਼ਿਲ੍ਹਾ ਰੋਜ਼ਾਗਰ ਅਤੇ ਕਾਰੋਬਾਰ ਬਿਊਰੋ ਦਾ ਕੀਤਾ ਗਿਆ ਦੌਰਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਸ਼੍ਰੀ ਨਵਜੋਤਪਾਲ ਸਿੰਘ ਰੰਧਾਵਾ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸ਼ਹੀਦ ਭਗਤ ਸਿੰਘ ਨਗਰ ਦੀ ਯੋਗ ਅਗਵਾਈ ਅਤੇ ਸ਼੍ਰੀ ਰਾਜੀਵ ਵਰਮਾ ਵਧੀਕ ਡਿਪਟੀ ਕਮਿਸ਼ਨਰ (ਜ) ਜੀ ਦੀ ਰਹਿਨੁਮਾਈ ਹੇਠ ਜਿਲ੍ਹਾ ਬਿਊਰੋ ਆਫ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਇਲਾਕੇ ਦੇ ਨੌਜਵਾਨਾਂ ਨੂੰ ਰੋਜ਼ਗਾਰ, ਸਵੈ—ਰੋਜ਼ਗਾਰ ਦੇ ਨਾਲ ਨਾਲ ਕਿੱਤਾ ਵਿਉਂਤਬੰਦੀ ਅਤੇ ਭਵਿੱਖ ਵਿੱਚ ਰੋਜ਼ਗਾਰ ਪ੍ਰਾਪਤੀ ਲਈ ਇੱਕ ਸਹੀ ਸੇਧ ਦੇਣ ਵਿੱਚ ਸਹਾਈ ਹੋ ਰਿਹਾ ਹੈ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਜਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਸੰਜੀਵ ਕੁਮਾਰ ਵੱਲੋਂ ਦੱਸਿਆ ਗਿਆ ਕਿ ਬਿਓਰੋ ਵੱਲੋਂ ਸਮੇਂ ਸਮੇਂ ਤੇ ਵਿੱਦਿਅਕ ਸੰਸਥਾਵਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਰੋਜ਼ਗਾਰ ਅਤੇ ਕੈਰੀਅਰ ਸਬੰਧੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਕੈਂਪ ਲਗਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਅੱਜ ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ ਗੜ੍ਹਸ਼ੰਕਰ ਵੱਲੋਂ ਬੀ।ਐਡ (ਏਕੀਕ੍ਰਿਤ) ਦੇ ਲਗਭਗ 40 ਵਿਦਿਆਰਥੀਆਂ ਵੱਲੋਂ ਬਿਊਰੋ ਦਾ ਦੌਰਾ ਕੀਤਾ ਗਿਆ। ਜਿਲ੍ਹਾ ਰੋਜ਼ਗਾਰ ਅਫ਼ਸਰ ਵੱਲੋਂ ਵਿਦਿਆਰਥੀਆਂ ਨੂੰ ਬਿਊਰੋ ਵਿੱਚ ਆਉਣ ਤੇ ਜੀ ਆਇਆ ਆਖਦਿਆਂ ਹੋਇਆ ਉਹਨਾਂ ਨੂੰ ਅਧਿਆਪਨ ਦੇ ਖੇਤਰ ਦੇ ਨਾਲ ਨਾਲ ਹੋਰ ਸਬੰਧਤ ਖੇਤਰਾਂ ਵਿੱਚ ਜਿੱਥੇ ਉਹ ਨੌਕਰੀ ਲਈ ਯੋਗ ਹਨ, ਬਾਰੇ ਜਾਣਕਾਰੀ ਦਿੱਤੀ ਗਈ, ਜਸਵੀਰ ਸਿੰਘ ਕੈਰੀਅਰ ਕਾਊਂਸਲਰ ਵੱਲੋਂ ਵਿਦਿਆਰਥੀਆਂ ਨੂੰ ਬਿਊਰੋ ਦੀਆਂ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਵਿਦਿਆਰਥੀਆਂ ਦਾ ਸਾਈਕੋਮੈਟ੍ਰਿਕ ਟੈਂਸਟ (ਪ੍ਰਸਨੈਲਟੀ) ਕੀਤਾ ਗਿਆ ਅਤੇ ਉਹਨਾਂ ਨੂੰ ਉਸ ਦੇ ਅਨੁਸਾਰ ਕਰੀਅਰ ਆਪਸ਼ਨਸ ਬਾਰੇ ਦੱਸਿਆ ਗਿਆ। ਪਲੇਸਮੈਂਟ ਅਫ਼ਸਰ ਅਮਿਤ ਕੁਮਾਰ ਵੱਲੋਂ ਵਿਦਿਆਰਥੀਆਂ ਨੂੰ ਵੱਖ—ਵੱਖ ਤਰ੍ਹਾਂ ਦੀਆਂ ਨੌਕਰੀਆਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਇਹਨਾਂ ਨੌਕਰੀਆਂ ਸਬੰਧੀ ਵੈਬਸਾਈਟਸ ਦੇ ਨਾਲ ਨਾਲ ਵਿੱਦਿਅਕ ਯੋਗਤਾ ਅਤੇ ਉਮਰ ਹੱਦਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਸ਼੍ਰੀਮਤੀ ਹਿਨਾ ਭਾਟੀਆ, ਯੰਗ ਪ੍ਰੋਫੈਸ਼ਨਲ ਵੱਲੋਂ ਵਿਦਿਆਰਥੀਆਂ ਨੂੰ ਨੈਸ਼ਨਲ ਕੈਰੀਅਰ ਪੋਰਟਲ ਦੀ ਮਹੱਤਤਾ ਅਤੇ ਪੋਰਟਲ ਤੇ ਉਪਲਬਧ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਗਈ।ਇਸ ਮੌਕੇ ਕਾਲਜ ਵੱਲੋਂ ਪ੍ਰੋ. ਨਰੇਸ਼ ਕੁਮਾਰੀ ਅਤੇ ਪ੍ਰੋ। ਮਨੀਸ਼ਾ ਰਾਣੀ ਵੀ ਹਾਜ਼ਰ ਸਨ।



## ਬਾਬਾ ਸਾਹਿਬ ਮਹਾਨ

ਮੇਰਾ ਬਾਬਾ ਬੜਾ ਮਹਾਨ ਜੋ ਸੰਗਲ ਤੋੜ ਗਿਆ
ਮੂੰਹ ਜੁਲਮਾਂ ਦੇ ਭੀਮ ਕਲਮ ਨਾਲ ਮੋੜ ਗਿਆ

ਲਿਖਤਾਂ ਲਿਖੀਆਂ ਐਸੀਆਂ ਤੋੜ ਪਖੰਡਾਂ ਨੂੰ
ਕੂੜ ਦੀਆਂ ਲਾਹ ਸੁੱਟ ਗਿਆ ਸਿਰ ਤੋਂ ਪੰਡਾਂ ਨੂੰ
ਇੱਕੋ ਝਟਕੇ ਕੁਫ਼ਰ ਦੀ ਘੰਡ ਮਰੋੜ ਗਿਆ
ਮੂੰਹ ਜੁਲਮਾਂ ਦੇ ਭੀਮ ....

ਕਹਿਣੀ ਕਰਨੀ ਵਿੱਚ ਕੋਈ ਫਰਕ ਨਾ ਛੱਡਿਆ ਏ
ਨਫਰਤਾਂ ਵਾਲਾ ਧੌਣ ਚੋਂ ਕੀਲਾ ਕੱਢਿਆ ਏ
ਵਹਿਮ ਭਰਮ ਸਭ ਜੰਤਰ ਮੰਤਰ ਰੋੜ੍ਹ ਗਿਆ
ਮੂੰਹ ਜੁਲਮਾਂ ਦੇ ਭੀਮ ....

ਹੱਕਾਂ ਦੇ ਲਈ ਅੜ ਗਿਆ ਵਾਂਗ ਚੱਟਾਨਾਂ ਦੇ
ਰੁਖ ਮੋੜ ਤੇ ਕਲਮ ਦੇ ਨਾਲ ਤੂਫ਼ਾਨਾਂ ਦੇ
ਭੇਦ ਭਾਵ ਦਾ ਲਿਖਤਾਂ ਵਿੱਚ ਲਾਹ ਕੋਹੜ ਗਿਆ
ਮੂੰਹ ਜੁਲਮਾਂ ਦੇ ਭੀਮ ....

'ਚੁੰਬਰਾ' ਕਿਆ ਸੀ ਕਹਿਣੇ ਭੀਮ ਪੈਗੰਬਰ ਦੇ
ਧਰਤੀ ਤੇ ਲਾਹ ਦੱਸ ਗਿਆ ਤਾਰੇ ਅੰਬਰ ਦੇ
ਸੰਘਣੀਆਂ ਛਾਵਾਂ ਦੇਣ ਲਈ ਬਣ ਓਹ ਬੋਹੜ ਗਿਆ
ਮੂੰਹ ਜੁਲਮਾਂ ਦੇ ਭੀਮ ....



– ਕੁਲਦੀਪ ਚੁੰਬਰ


NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS

Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834


# ਅਰਦਾਸ ਵਿਚੋਂ "ਜਿਨਾਂ ਪੁੱਠੀਆਂ ਖੱਲਾਂ ਲੁਹਾਈਆਂ" ਪੰਕਤੀਆਂ ਕੱਟਣ ਤੇ ਸਿੱਖ ਸੰਗਤਾਂ ਵਿਚ ਭਾਰੀ ਰੋਸ

## ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਦੇ ਬਲਾਕ ਪ੍ਰਧਾਨ ਬਿੱਟੂ ਮਲਕਪੁਰ ਨੇ ਪਟਿਆਲਾ ਵਿਖੇ ਪਿੰਡ ਬਾਹਰਨ ਵਿਖੇ ਲਗਾਈ ਹਾਜ਼ਰੀ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)–** ਅਰਦਾਸ ਵਿਚੋਂ "ਜਿਨਾਂ ਪੁੱਠੀਆਂ ਖੱਲਾਂ ਲੁਹਾਈਆਂ" ਪੰਕਤੀਆਂ ਕੱਟਣ ਤੇ ਸਿੱਖ ਸੰਗਤਾਂ ਨੂੰ ਪੁੱਜੀ ਗਹਿਰੀ ਠੇਸ ਦੇ ਮੱਦੇ ਨਜ਼ਰ ਬੀਤੇ ਦਿਨੀ ਹਰਦੇਵ ਸਿੰਘ ਬੋਪਾਰਾਏ ਤੇ ਸਾਥੀਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੂੰ ਅਰਦਾਸ ਵਿਚ ਦੁਬਾਰਾ ਸੋਧ ਕਰਨ ਲਈ ਇਕ ਮੰਗ ਪੱਤਰ ਦਿੱਤਾ ਗਿਆ ਸੀ। ਉਸ ਤੋਂ ਪ੍ਰਭਾਵਿਤ ਹੋ ਕੇ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਦੇ ਬਲਾਕ ਪ੍ਰਧਾਨ ਗੁਰਮੀਤ ਸਿੰਘ ਬਿੱਟੂ ਮਲਕਪੁਰ ਨੇ ਵੀ ਕੌਮ ਦੇ ਮਹਾਨ ਸ਼ਹੀਦ ਬਾਬਾ ਜੈ ਸਿੰਘ ਖਲਕਟ, ਪੁੱਠੀ ਖੱਲ ਪਿੰਡ ਬਾਹਰਨ ਜਿਲਾ ਪਟਿਆਲਾ ਵਿਖੇ ਆਪਣੀ ਹਾਜ਼ਰੀ ਲਗਵਾਈ ਅਤੇ ਕਿਹਾ ਕਿ ਸਿੱਖ ਕੌਮ ਦੇ ਮਹਾਨ ਸ਼ਹੀਦ ਬਾਬਾ ਜੈ ਸਿੰਘ ਖਲਕਟ ਜਿਨਾਂ ਨੇ ਸਿੱਖੀ ਦੀਆਂ ਕਦਰਾਂ ਕੀਮਤਾਂ ਨੂੰ ਨੂੰ ਬਚਾਉਣ ਲਈ ਆਪਣੀ ਪੁੱਠੀ ਖੱਲ ਲੂਹਾ ਕੇ ਸ਼ਹੀਦੀ ਦਿੱਤੀ। ਪਰ ਮੌਜੂਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਰਦਾਸ ਵਿਚੋਂ ਉਨਾਂ ਦਾ ਨਾਂ ਹੀ ਕੱਟ ਦਿੱਤਾ ਜੋ ਬੜੀ ਹੀ ਮੰਦਭਾਗੀ ਗੱਲ ਹੈ। ਜੋ ਅਰਦਾਸ ਵਿਚੋਂ "ਜਿਨਾਂ ਪੁੱਠੀਆਂ ਖੱਲਾਂ ਲੁਹਾਈਆਂ" ਪੰਕਤੀਆਂ ਕੱਟ ਕੇ ਸਿੱਖ ਕੌਮ ਦੇ ਹਿਰਦਿਆਂ ਨੂੰ ਗਹਿਰੀ ਠੇਸ ਪਹੁੰਚਾਈ ਹੈ। ਬਿੱਟੂ ਮਲਕਪੁਰ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ, ਮਾਈ ਭਾਗੋ ਐਜੂਕੇਸ਼ਨਲ ਵੈਲਫੇਅਰ ਸੋਸਾਇਟੀ, ਸ੍ਰੀ




ਗੁਰੂ ਰਵਿਦਾਸ ਯੂਥ ਕਲੱਬ ਇਆਲੀ ਖੁਰਦ, ਡਾਕਟਰ ਅੰਬੇਡਕਰ ਇੰਟਰਨੈਸ਼ਨਲ ਸੰਗਠਨ, ਭਾਈ ਘਨੱਈਆ ਜੀ ਜਲ ਬਚਾਓ ਜਲ ਪੂਰਤੀ ਸੰਗਠਨ, ਸ਼ਹੀਦ ਬਾਬਾ ਜੈ ਸਿੰਘ ਜੀ ਖਲਕਟ ਐਜੂਕੇਸ਼ਨ ਐਂਡ ਵੈਲਫੇਅਰ ਇੰਟਰਨੈਸ਼ਨਲ ਸੁਸਾਇਟੀ ਦੇ ਕੌਮੀ ਪ੍ਰਧਾਨ ਹਰਦੇਵ ਸਿੰਘ ਬੋਪਰਾਏ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਰਾਹੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਦਿੱਤੇ ਲਿਖਤੀ ਪੱਤਰ ਤੇ ਗੌਰ ਕਰਕੇ ਇਨਾਂ ਪੰਕਤੀਆਂ ਨੂੰ ਪਹਿਲਾਂ ਵਾਂਗ ਅਰਦਾਸ ਵਿਚ ਮੁੜ ਸ਼ਾਮਿਲ ਕੀਤਾ ਜਾਵੇ। ਉਨਾਂ ਕਿਹਾ ਕਿ ਸਿੱਖ ਕੌਮ ਦੇ ਮਹਾਨ ਸ਼ਹੀਦ ਦਾ ਜ਼ਿਕਰ ਅਰਦਾਸ ਵਿਚ ਪਹਿਲਾਂ ਤੋਂ ਹੁੰਦਾ ਆਇਆ ਹੈ। ਪਰ ਬੜੇ ਦੁੱਖ ਦੀ ਗੱਲ ਹੈ, ਕਿ ਕੌਮ ਦੀ ਸ਼੍ਰੋਮਣੀ ਸੰਸਥਾ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵੱਲੋਂ ਛਪਵਾਏ ਗਏ ਨਵੇਂ ਗੁਟਕਾ ਸਾਹਿਬ ਵਿਚੋਂ ਭਾਈ ਸਾਹਿਬ ਸ਼ਹੀਦ ਬਾਬਾ ਜੈ ਸਿੰਘ ਖਲਕਟ ਨਾਲ ਸੰਬੰਧਿਤ ਪੰਕਤੀਆਂ ਨੂੰ ਹਟਾ ਦਿੱਤਾ ਗਿਆ ਹੈ। ਉਨਾਂ ਕਿਹਾ ਕਿ ਮਹਾਨ ਸ਼ਹੀਦ ਬਾਬਾ ਜੈ ਸਿੰਘ ਖਲਕਟ ਦੀ ਕੁਰਬਾਨੀ ਤਾਂ ਰਹਿੰਦੀ ਦੁਨੀਆਂ ਤੱਕ ਸਿੱਖ ਕੌਮ ਦੇ ਮੁਖਾਰਬਿੰਦ ਤੇ ਚੜੀ ਰਹਿਣੀ ਚਾਹੀਦੀ ਹੈ। ਉਨਾਂ ਦੀ ਇਸ ਲਾਸਾਨੀ ਕੁਰਬਾਨੀ ਨੂੰ ਬੜੀ ਜਲਦੀ ਭੁੱਲ ਜਾਣਾ, ਇਕ ਸਵਾਲੀਆ ਚਿੰਨ ਖੜਾ ਹੋ ਜਾਂਦਾ ਹੈ। ਲੇਕਿਨ ਅਸੀਂ ਸੰਗਤਾਂ ਨੂੰ ਸਿੱਖੀ ਨਾਲ ਜੋੜਨਾ ਹੈ, ਤੋੜਨਾ ਨਹੀਂ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸਰਦਾਰ ਰਜਿੰਦਰ ਸਿੰਘ ਜੋਧਾਂ, ਸਾਬਕਾ ਸਰਪੰਚ ਡਾਕਟਰ ਰੁਪਿੰਦਰ ਸਿੰਘ ਸੁਧਾਰ, ਕੋਰ ਕਮੇਟੀ ਮੈਂਬਰ ਸੁਖਰਾਜ ਸਿੰਘ ਥਰੀਕੇ, ਗੁਲਜਾਰਜੀਤ ਸਿੰਘ ਲਵਲੀ ਅਤੇ ਮਾਸਟਰ ਸੁਰਿੰਦਰ ਸਿੰਘ ਪ੍ਰਤਾਪ ਸਿੰਘ ਵਾਲਾ, ਇਨਪੈਕਟਰ ਸਰਦਾਰ ਨਾਜ਼ਰ ਸਿੰਘ, ਸਰਦਾਰ ਠਾਕੁਰ ਸਿੰਘ ਪੰਚ, ਸਾਬਕਾ ਪੰਚ ਕਰਮਜੀਤ ਸਿੰਘ, ਸਰਦਾਰ ਰਣਜੀਤ ਸਿੰਘ, ਜਗਜੀਤ ਸਿੰਘ ਬਿੱਟੂ ਮਲਕਪੁਰ ਬੇਟ, ਜੀਵਨ ਸਿੰਘ ਤਲਵਾੜਾ, ਬਲਵੀਰ ਸਿੰਘ ਵੜੈਚ ਪ੍ਰਤਾਪ ਸਿੰਘ ਵਾਲਾ ਆਦਿ ਵੀ ਹਾਜ਼ਰ ਸਨ।

# 70 ਫੀਸਦੀ ਤੋਂ ਵੱਧ ਵੋਟਾਂ ਪੁਆਉਣ ਦੇ ਉਦੇਸ਼ ਦੇ ਮੱਦੇਨਜ਼ਰ ਜ਼ਿਲ੍ਹੇ ਵਿੱਚ ਵੱਡੇ ਪੱਧਰ 'ਤੇ ਕਰਵਾਈਆਂ ਜਾ ਰਹੀਆਂ ਹਨ ਸਵੀਪ ਗਤੀਵਿਧੀਆਂ - ਕੋਮਲ ਮਿੱਤਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਜ਼ਿਲ੍ਹੇ ਦੇ ਸਮੂਹ ਵਿਧਾਨ ਸਭਾ ਹਲਕਿਆਂ ਵਿੱਚ ਲਗਾਤਾਰ ਸਵੀਪ ਗਤੀਵਿਧੀਆਂ ਤਹਿਤ ਵੋਟ ਸਬੰਧੀ ਜਾਗਰੂਕਤਾ ਫੈਲਾਈ ਜਾ ਰਹੀ ਹੈ। ਇਸ ਦਾ ਉਦੇਸ਼ 70 ਫੀਸਦੀ ਤੋਂ ਵੱਧ ਵੋਟਿੰਗ ਦੇ ਟੀਚੇ ਨੂੰ ਪ੍ਰਾਪਤ ਕਰਨਾ ਅਤੇ ਵੋਟ ਪ੍ਰਤੀਸ਼ਤ ਨੂੰ ਵਧਾਉਣਾ ਹੈ। ਉਹ ਅੱਜ ਐਸ.ਡੀ ਕਾਲਜ ਹੁਸ਼ਿਆਰਪੁਰ ਵਿਖੇ ਸਵੀਪ ਮੇਲੇ ਤਹਿਤ ਵੋਟਰ ਜਾਗਰੂਕਤਾ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਐਸ।ਡੀ।ਐਮ-ਕਮ-ਸਹਾਇਕ ਰਿਟਰਨਿੰਗ ਅਫ਼ਸਰ ਪ੍ਰੀਤਇੰਦਰ ਸਿੰਘ ਬੈਂਸ ਅਤੇ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਵੀ ਹਾਜ਼ਰ ਸਨ। ਇਸ ਦੌਰਾਨ ਕਾਲਜ ਵਿੱਚ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ, ਚੱਬੇਵਾਲ, ਹੁਸ਼ਿਆਰਪੁਰ ਅਤੇ ਸ਼ਾਮਚੁਰਾਸੀ ਦੇ ਕੈਂਪਸ ਅੰਬੈਸਡਰਾਂ ਅਤੇ ਕੈਂਪਸ ਨੋਡਲ ਸਵੀਪ ਅਫ਼ਸਰਾਂ ਦੀ ਸਾਂਝੀ ਵਰਕਸ਼ਾਪ ਵੀ ਲਗਾਈ ਗਈ। ਜ਼ਿਲ੍ਹਾ ਚੋਣ ਅਫ਼ਸਰ ਨੇ ਕਾਲਜ ਪ੍ਰਬੰਧਕ ਕਮੇਟੀ ਦੀ ਚੇਅਰਪਰਸਨ ਹੇਮਾ ਸ਼ਰਮਾ ਵੱਲੋਂ ਕਾਲਜ ਵਿੱਚ ਕਰਵਾਈਆਂ ਜਾ ਰਹੀਆਂ ਵੋਟ ਜਾਗਰੂਕਤਾ ਗਤੀਵਿਧੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਵੀਪ ਗਤੀਵਿਧੀਆਂ ਰਾਹੀਂ ਲੋਕਾਂ, ਨੌਜਵਾਨਾਂ ਅਤੇ ਖਾਸ ਕਰਕੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਵੋਟ ਦੇ ਅਧਿਕਾਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾ ਰਹੀ ਹੈ ਤਾਂ ਜੋ ਉਹ ਆਪਣੀ ਕੀਮਤੀ ਵੋਟ ਦੀ ਵਰਤੋਂ ਕਰਨ ਤੋਂ ਵਾਂਝੇ ਨਾ ਰਹਿ ਜਾਣ। ਉਨ੍ਹਾਂ ਕਿਹਾ ਕਿ ਮਜ਼ਬੂਤ ਲੋਕਤੰਤਰ ਲਈ ਵੋਟ ਬਹੁਤ ਜ਼ਰੂਰੀ ਹੈ ਅਤੇ ਹਰ ਵੋਟ ਦਾ ਆਪਣਾ ਮਹੱਤਵ ਹੈ ਅਤੇ ਹਰੇਕ ਯੋਗ ਵਿਅਕਤੀ ਨੂੰ ਵੋਟ ਵਾਲੇ ਦਿਨ ਆਪਣੀ ਵੋਟ ਜ਼ਰੂਰ ਪਾਉਣੀ ਚਾਹੀਦੀ ਹੈ। ਇਸ ਦੌਰਾਨ ਉਨ੍ਹਾਂ ਕਾਲਜ ਵਿੱਚ ਵੋਟ ਜਾਗਰੂਕਤਾ ਸਬੰਧੀ ਕਰਵਾਏ ਗਏ ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ, ਮਹਿੰਦੀ ਅਤੇ ਹੋਰ ਮੁਕਾਬਲਿਆਂ ਦੀ ਸ਼ਲਾਘਾ ਕਰਦਿਆਂ ਕਾਲਜ ਪ੍ਰਿੰਸੀਪਲ ਪ੍ਰਸ਼ਾਂਤ ਸੇਠੀ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਮੁਕਾਬਲੇ ਜਿੱਥੇ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਦੇ ਹਨ, ਉੱਥੇ ਹੀ ਉਨ੍ਹਾਂ ਦੇ ਸਰਬਪੱਖੀ ਵਿਕਾਸ ਅਤੇ ਲੋਕਾਂ ਦੇ ਵੋਟ ਦੇ ਅਧਿਕਾਰ ਦੇ ਪ੍ਰਤੀ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੀ ਵੋਟ ਦਾ ਇਸਤੇਮਾਲ ਕਰਕੇ ਚੋਣ ਪ੍ਰਕਿਰਿਆ ਦਾ ਹਿੱਸਾ ਬਣਨ ਦੀ ਅਪੀਲ ਕਰਦਿਆਂ ਈ।ਵੀ।ਐਮ। ਮਸ਼ੀਨਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਵੀ ਕਿਹਾ। ਉਨ੍ਹਾਂ ਦੱਸਿਆ ਕਿ ਲੋਕ ਸਭਾ ਚੋਣਾਂ ਵਿੱਚ 100 ਫੀਸਦੀ ਵੀਵੀਪੈਟ ਮਸ਼ੀਨਾਂ ਦੀ ਵਰਤੋਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਚੋਣ ਸਬੰਧੀ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਹੈਲਪਲਾਈਨ ਨੰਬਰ 1950 'ਤੇ ਦਿੱਤੀ ਜਾ ਸਕਦੀ ਹੈ, ਜਦਕਿ ਚੋਣ ਕਮਿਸ਼ਨ ਵੱਲੋਂ ਸੀ-ਵਿਜੀਲ ਮੋਬਾਈਲ ਐਪਲੀਕੇਸ਼ਨ ਲਾਂਚ ਕੀਤੀ ਗਈ ਹੈ ਅਤੇ ਇਸ ਰਾਹੀਂ ਵੀ ਕੋਈ ਵਿਅਕਤੀ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ ਸ਼ਿਕਾਇਤ ਕਰ ਸਕਦਾ ਹੈ, ਜਿਸ ਨੂੰ 100 ਮਿੰਟਾਂ ਵਿੱਚ ਹੱਲ ਕੀਤਾ ਜਾ ਸਕਦਾ ਹੈ। ਕੋਮਲ ਮਿੱਤਲ ਨੇ ਕਿਹਾ ਕਿ ਜਿਨ੍ਹਾਂ ਵਿਦਿਆਰਥੀਆਂ ਦੀ ਉਮਰ 18 ਸਾਲ ਹੋ ਗਈ ਹੈ, ਉਹ ਫਾਰਮ ਨੰਬਰ 6 ਭਰ ਕੇ ਜਾਂ ਆਨਲਾਈਨ ਆਪਣੀ ਵੋਟ ਬਣਾ ਸਕਦੇ ਹਨ। ਪ੍ਰੋਗਰਾਮ ਵਿੱਚ ਪੀਜੀ ਡਿਪਾਰਟਮੈਂਟ ਆਫ਼ ਕਾਮਰਸ ਵੱਲੋਂ ਟਰੇਡ ਹਾਲ ਕਾਰਨੀਵਲ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਖਾਣ-ਪੀਣ ਦੀਆਂ ਵਸਤੂਆਂ, ਖੇਡਾਂ, ਨੇਲ ਆਰਟ ਆਦਿ ਸਬੰਧੀ ਸਟਾਲ ਲਗਾਏ। ਇਸ ਦੌਰਾਨ ਨਗਰ ਨਿਗਮ ਹੁਸ਼ਿਆਰਪੁਰ ਦੀ ਟੀਮ ਜਿਸ ਵਿੱਚ ਮੀਨਾ ਕੁਮਾਰੀ, ਜਸਵਿੰਦਰ ਕੌਰ ਅਤੇ ਜੋਤੀ ਕਾਲੀਆ ਸ਼ਾਮਲ ਸਨ, ਜਿਨ੍ਹਾਂ ਨੇ ਕੂੜੇ ਤੋਂ ਬਣੀ ਜੈਵਿਕ ਖਾਦ ਦਾ ਸਟਾਲ ਲਗਾ ਕੇ ਵਿਦਿਆਰਥੀਆਂ ਨੂੰ ਸਫਾਈ ਪ੍ਰਤੀ ਜਾਗਰੂਕ ਕੀਤਾ।




ਇਸ ਦੇ ਨਾਲ ਹੀ ਵਿਦਿਆਰਥੀਆਂ ਨੇ ਨੁੱਕੜ ਨਾਟਕ, ਗਿੱਧਾ, ਮਿਮਿਕਰੀ, ਡਾਂਸ ਅਤੇ ਗੀਤਾਂ ਸਮੇਤ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਸਭ ਨੂੰ ਵੋਟ ਪਾਉਣ ਬਾਰੇ ਜਾਗਰੂਕ ਕੀਤਾ। ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਸਕੱਤਰ ਗੋਪਾਲ ਸ਼ਰਮਾ, ਸੰਯੁਕਤ ਸਕੱਤਰ ਤਿਲਕ ਰਾਜ ਸ਼ਰਮਾ, ਖਜ਼ਾਨਚੀ ਨੈਸ਼ਨਲ ਐਵਾਰਡੀ ਪ੍ਰਮੋਦ ਸ਼ਰਮਾ, ਪ੍ਰਿੰਸੀਪਲ ਪ੍ਰਸ਼ਾਂਤ ਸੇਠੀ, ਰਾਕੇਸ਼ ਕੁਮਾਰ, ਸੰਦੀਪ ਸੂਦ, ਅੰਕੁਰ ਸ਼ਰਮਾ, ਇੰਦਰਜੀਤ ਸਿੰਘ, ਰੇਖਾ ਰਾਣੀ, ਮੇਨਕਾ ਭੱਟੀ, ਚੋਣ ਕਾਨੂੰਗੋ ਹਰਪ੍ਰੀਤ ਕੌਰ, ਨਰਿੰਦਰ ਸਿੰਘ, ਸੰਜੀਵ ਅਰੋੜਾ, ਹਰਪ੍ਰੀਤ ਕੌਰ, ਹਰਸ਼ਿੰਦਰ ਪਾਲ, ਹਰੀਸ਼, ਰਜਨੀਸ਼ ਗੁਲਿਆਣੀ, ਨੀਰਜ ਧੀਮਾਨ, ਕਾਲਜ ਦੇ ਸਵੀਪ ਨੋਡਲ ਅਫਸਰ ਪ੍ਰੋ. ਨੇਹਾ, ਐਸ। ਡੀ ਕਾਲਜੀਏਟ ਪੰਡਿਤ ਅੰਮ੍ਰਿਤ ਆਨੰਦ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਡਾ।ਰਾਧਿਕਾ ਰਤਨ, ਪ੍ਰੋ. ਸੌਰਭ ਠਾਕੁਰ ਅਤੇ ਕਾਲਜ ਦਾ ਸਮੁੱਚਾ ਸਟਾਫ਼ ਹਾਜ਼ਰ ਸੀ।

# 47 ਸਾਲ ਬਾਅਦ ਵਿਦਿਆਰਥੀ-ਅਧਿਆਪਕ ਮਿਲਣੀ ਹੋਈ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਰਕਾਰੀ ਹਾਈ ਸਕੂਲ ਰਾਮਪੁਰ ਬਿਲੜੋਂ ਤੋਂ 1977 ਵਿੱਚ ਦਸਵੀਂ ਪਾਸ ਕਰਨ ਵਾਲੇ ਵਿਦਿਆਰਥੀਆਂ ਅਤੇ ਉਸ ਸਮੇਂ ਦਸਵੀਂ ਜਮਾਤ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਵਿਸ਼ੇਸ਼ ਮਿਲਣੀ ਓਸਿਸ ਹੋਟਲ ਗੜ੍ਹਸ਼ੰਕਰ ਵਿਖੇ ਐਨ।ਆਰ।ਆਈ। ਸੱਤਪਾਲ ਚੋਪੜਾ ਬਿਲੜੋਂ ਹਾਲ ਵਾਸੀ ਯੂ।ਐਸ।ਏ। ਦੇ ਯਤਨਾਂ ਸਦਕਾ ਹੋਈ। ਇਸ ਮੌਕੇ ਸੱਤਪਾਲ ਚੋਪੜਾ ਨੇ ਕਿਹਾ ਕਿ ਅਧਿਆਪਕ ਦਾ ਹਰੇਕ ਇਨਸਾਨ ਦੇ ਜੀਵਨ ਅੰਦਰ ਵਿਸ਼ੇਸ਼ ਮਹੱਤਵ ਹੁੰਦਾ ਹੈ। ਇਹਨਾਂ ਸਤਿਕਾਰਯੋਗ ਅਧਿਆਪਕਾਂ ਦੀ ਪ੍ਰੇਰਨਾ ਸਦਕਾ ਹੀ ਅੱਜ ਅਸੀ ਦੇਸ਼-ਵਿਦੇਸ਼ 'ਚ ਆਪੋ-ਆਪਣੇ ਕਾਰੋਬਾਰਾਂ ਵਿੱਚ ਸੈਟਲ ਹੋਏ ਹਾਂ। ਇਸ ਕਰਕੇ ਵਿਦਿਆਰਥੀਆਂ ਨੂੰ ਵੀ ਆਪਣੇ ਅਧਿਆਪਕਾਂ ਅਤੇ ਮਾਪਿਆਂ ਦਾ ਸਤਿਕਾਰ ਕਰਨਾ ਚਾਹਦਾ ਹੈ। ਇਸ ਮੌਕੇ ਉਨ੍ਹਾਂ ਹਾਜਰ ਸਮੂਹ ਵਿਦਿਆਰਥੀਆਂ ਦੀ ਜਾਣ ਪਹਿਚਾਣ ਕਰਵਾਉਣ ਉਪਰੰਤ ਉਨ੍ਹਾਂ ਦੇ ਜੀਵਨ ਦੇ ਸਫਰ ਅਤੇ ਚੱਲ ਰਹੇ ਕਾਰੋਬਾਰ ਵਾਰੇ ਵੀ ਇੱਕ ਦੂਸਰੇ ਨਾਲ ਯਾਦਗਾਰੀ ਪੱਲ ਸਾਂਝੇ ਕੀਤੇ। ਇਸ ਮੌਕੇ ਉਸ ਸਮੇਂ ਇਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਮਾਸਟਰ ਨੰਦ ਲਾਲ ਹਾਜੀਪੁਰ ਅਤੇ ਮਾਸਟਰ ਗੁਰਨਾਮ ਸਿੰਘ ਭੋਗਪੁਰ ਨੇ ਕਿਹਾ ਕਿ ਅੱਜ ਸਾਨੂੰ ਬਹੁਤ ਹੀ ਖੁਸ਼ੀ ਹੋ ਰਹੀ ਹੈ, ਕਿ ਸਾਡੇ ਪਾਸੋਂ ਪੜ੍ਹੇ ਵਿਦਿਆਰਥੀਆਂ ਨੇ ਆਪਣੇ ਰੁਝੇਵਿਆਂ ਭਰੀ ਜਿੰਦਗੀ ਵਿੱਚੋ ਸਮਾਂ ਕੱਢ ਕੇ ਸਾਨੂੰ ਅਤੇ ਸਾਰੇ ਜਮਾਤੀਆਂ ਨੂੰ ਯਾਦ ਕੀਤਾ ਹੈ। ਇਸ ਮੌਕੇ ਉਨ੍ਹਾਂ ਆਪਣੇ ਵਿਦਿਆਰਥੀਆਂ ਦੀ ਚੜ੍ਹਦੀਕਲਾ ਲਈ ਅਰਦਾਸ ਵੀ ਕੀਤੀ। ਇਸ ਮੌਕੇ ਹਾਜਰ ਸਮੂਹ ਵਿਦਿਆਰਥੀਆਂ ਨੇ ਆਪਣੇ ਪੁਰਾਣੇ ਅਧਿਆਪਕਾਂ ਦਾ ਸਨਮਾਨ ਵੀ ਕੀਤਾ। ਇਸ ਮੌਕੇ ਸ੍ਰੀ ਸੱਤਪਾਲ ਚੋਪੜਾ ਬਿਲੜੋ, ਡਾਕਟਰ ਵਿਜੈ ਕੁਮਾਰ ਭੱਟੀ, ਰਵੀ ਭੂਸ਼ਨ, ਬਸ਼ੀਰ ਮੁਹੰਮਦ, ਕੇਵਲ ਸਿੰਘ, ਜਸਵੰਤ ਸਿੰਘ, ਨਿਰਮਲ ਕੁਮਾਰ, ਨਾਜਰ ਸਿੰਘ, ਰਵੇਲ ਕੁਮਾਰ, ਕੁਲਵਿੰਦਰ ਕੌਰ, ਊਸ਼ਾ ਰਾਣੀ ਅਤੇ ਆਰ।ਐਸ।ਪਠਾਨੀਆ ਅਤੇ ਹੋਰ ਸਾਥੀ ਵਿਦਿਆਰਥੀ ਵੀ ਹਾਜਰ ਸਨ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਫੁੱਟਬਾਲ ਟੂਰਨਾਮੈਂਟ ਪਿੰਡ ਗੋਬਿੰਦ ਪੁਰ - ਜਗਤਪੁਰ ਦੀ ਏ ਟੀਮ ਅਤੇ ਬਖਲੌਰ ਦੀ ਟੀਮ ਨੇ ਜਿੱਤ ਦੇ ਝੰਡੇ ਗੱਡੇ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨ ਛੂਹ ਪ੍ਰਾਪਤ ਪਿੰਡ ਗੋਬਿੰਦਪੁਰ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ। ਜਿਸ ਵਿੱਚ ਵੱਖ ਵੱਖ ਪਿੰਡਾਂ ਨੇ ਭਾਗ ਲਿਆ। ਜਿਨ੍ਹਾਂ ਵਿੱਚ ਗੋਬਿੰਦਪੁਰ ਫੁੱਟਬਾਲ ਦੀ ਟੀਮ, ਗੁਜ਼ਰਪੁਰ ਫੁੱਟਬਾਲ ਦੀ ਟੀਮ, ਪੱਦੀ ਮੱਟਵਾਲੀ ਫੁੱਟਬਾਲ ਦੀ ਟੀਮ, ਪੂੰਨੀਆ ਦੀ ਫੁੱਟਬਾਲ ਟੀਮ, ਮਾਹਿਲ ਗਹਿਲਾਂ ਦੀ ਫੁੱਟਬਾਲ ਟੀਮ, ਝਿੰਗੜਾਂ, ਝਿੱਕਾ, ਪੱਲੀ ਝਿੱਕੀ, ਉੱਚਾ ਲਧਾਣਾ, ਚਾਹਣਬੂ ਜੱਟਾਂ, ਬਖਲੌਰ ਅਤੇ ਜਗਤ ਪੁਰ ਫੁੱਟਬਾਲ ਦੀਆਂ ਟੀਮਾਂ ਨੇ ਭਾਗ ਲਿਆ। ਕਾਫੀ ਲੰਬੀ ਜਦੋ–ਜਹਿਦ ਕਰਕੇ ਜਗਤਪੁਰ ਦੀ ਫੁੱਟਬਾਲ ਦੀ ਏ ਟੀਮ ਅਤੇ ਗੋਬਿੰਦਪੁਰ ਦੀਆਂ ਟੀਮਾਂ ਫਾਈਨਲ ਵਿੱਚ ਪਹੁੰਚ ਗਈਆ ਅਤੇ ਕਾਫੀ ਜੱਦੋ–ਜਹਿਦ ਦੇ ਬਾਅਦ ਜਗਤਪੁਰ ਦੀ ਟੀਮ ਨੇ ਦੋ ਗੋਲ ਕਰਕੇ ਆਪਣੀ ਜਿੱਤ ਦੇ ਝੰਡੇ ਗੱਡ ਦਿੱਤੇ। ਜਿਨ੍ਹਾਂ ਨੂੰ ਉਤਾਰਨਾ ਬਹੁਤ ਮੁਸ਼ਕਿਲ ਹੋ ਗਿਆ। ਪਿੰਡ ਪੁਨੀਆ ਦੀ ਬੀ ਟੀਮ ਅਤੇ ਬਖਲੌਰ ਦੀ ਬੀ ਟੀਮਾਂ ਵਿਚਕਾਰ ਖੇਡਿਆ ਗਿਆ ਮੈਚ ਵੀ ਖਿੱਚ ਦਾ ਕੇਂਦਰ ਬਣਿਆ ਹੋਇਆ ਸੀ। ਦੋਨਾਂ ਟੀਮਾਂ ਵਿਚਕਾਰ ਇੱਕ –ਇੱਕ ਗੋਲ ਦੀ ਬਰਾਬਰੀ ਸੀ। ਫੈਸਲਾ ਫਿਰ ਪਨੈਲਟੀਆ ਤੇ ਹੋਇਆ। ਜਿਸ ਵਿੱਚ ਬਖਲੌਰ ਨੇ ਆਪਣੀ ਜਿੱਤ ਦੇ ਝੰਡੇ ਆਸਾਨੀ ਨਾਲ ਗੱਡ ਦਿੱਤੇ। ਇਸ ਮੈਚ ਵਿੱਚ ਐਨ ਆਰ ਆਈ ਵੀਰ ਨੇ ਬੱਚਿਆਂ, ਬੱਚੀਆਂ ਦੀਆਂ ਦੌੜਾਂ ਕਰਾਈਆਂ ਅਤੇ ਔਰਤਾਂ ਆਪਣੇ ਸਿਰ ਤੇ ਘੜਾ ਰੱਖ ਕੇ ਤੇਜ਼ ਤੇਜ਼ ਤੁਰਨ ਤੇ ਪਹਿਲੀਆਂ ਤਿੰਨ ਔਰਤਾਂ ਨੂੰ ਇਨਾਮ ਦੇਕੇ ਨਵੀਂ ਪਿਰਤ ਪਾਈ। ਮੁਰਗਾ ਛੱਡ ਕੇ ਪੰਜਾਹ ਸਾਲ ਤੋਂ ਉੱਪਰ ਉਮਰ ਵਾਲੇ ਨੂੰ ਫੜਨ ਲਈ ਕਿਹਾ ਗਿਆ। ਇਸ ਤਰ੍ਹਾਂ ਪਿੰਡ ਗੋਬਿੰਦਪੁਰ ਦੀ ਪੰਚਾਇਤ ਅਤੇ ਐਨ ਆਰ ਆਈ ਵੀਰਾਂ ਨੇ ਪਹਿਲੇ ਨੰਬਰ ਤੇ ਦੂਜੇ ਨੰਬਰ ਤੇ ਆਉਣ ਵਾਲੀਆਂ ਟੀਮਾਂ ਨੂੰ ਸ਼ੀਲਡਾਂ ਅਤੇ ਨਗਦ ਰਾਸ਼ੀ ਦੇ ਕੇ ਏ ਅਤੇ ਬੀ ਟੀਮ ਨੂੰ ਸਨਮਾਨਿਤ ਕੀਤਾ। ਮੈਚ ਵਿੱਚ ਯੋਗਦਾਨ ਪਾਉਣ ਵਾਲਿਆਂ ਨੂੰ ਵਿਸ਼ੇਸ਼ ਤੌਰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਮਰਜੀਤ ਕਲੇਰ ਸਰਪੰਚ, ਰਾਜਿੰਦਰ ਸਿੰਘ, ਅਮਨਦੀਪ ਸਿੰਘ, ਕੁਲਦੀਪ ਰਾਮ,ਜੁਝਾਰ ਸਿੰਘ, ਜਸਵੰਤ ਸਿੰਘ, ਪੰਚ ਹਰਬੰਸ ਸਿੰਘ, ਅਵਤਾਰ ਸਿੰਘ ਤਾਰੀ, ਰਣਜੀਤ ਸਿੰਘ, ਐਨ ਆਰ ਆਈ ਗੁਰਜੀਤ ਸਿੰਘ, ਗੁਰਮੁੱਖ ਸਿੰਘ ਪਿੰਡ ਦੇ ਸਾਬਕਾ ਸਰਪੰਚ ਅਤੇ ਨੰਬਰਦਾਰ ਅਤੇ ਨਗਰ ਨਿਵਾਸੀ ਬੱਚਿਆਂ ਦੀ ਕਾਫੀ ਰੌਣਕ ਸੀ।



# ਜਿਲ੍ਹਾ ਮੈਜਿਸਟਰੇਟ ਵੱਲੋਂ ਕਣਕ ਦੇ ਸੀਜਨ ਨੂੰ ਲੈ ਕੇ ਵੱਖ ਵੱਖ ਪਾਬੰਦੀਆਂ ਦੇ ਕੀਤੇ ਹੁਕਮ ਜਾਰੀ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ ਆਦਿੱਤਿਆ ਉੱਪਲ ਨੇ ਕਣਕ ਦੀ ਕਟਾਈ ਦੇ ਸੀਜਨ ਨੂੰ ਲੈ ਕੇ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਜਿਲ੍ਹਾ ਮੈਜਿਸਟਰੇਟ ਪਠਾਨਕੋਟ ਨੇ ਕਣਕ ਦੀ ਕਟਾਈ ਦੇ ਸੀਜਨ ਨੂੰ ਲੈ ਕੇ ਜਾਣਕਾਰੀ ਦਿੰਦਿਆ ਦੱਸਿਆ ਕਿ ਕਣਕ ਦੀ ਕਟਾਈ ਦਾ ਸੀਜਨ ਸ਼ੁਰੂ ਹੋਣ ਵਾਲਾ ਹੈ। ਆਮ ਤੌਰ ਤੇ ਵੇਖਣ ਵਿੱਚ ਆਇਆ ਹੈ ਕਿ ਕਣਕ ਦੀ ਕਟਾਈ ਲਈ ਕੰਬਾਇਨਾਂ ਦੀ ਵਰਤੋਂ 24 ਘੰਟੇ ਕੀਤੀ ਜਾਂਦੀ ਹੈ। ਇਸ ਲਈ ਰਾਤ ਸਮੇਂ ਕੰਬਾਇਨਾਂ ਚੱਲਣ ਨਾਲ ਜਾਨੀ ਮਾਲੀ ਨੁਕਸਾਨ ਹੋਣ ਦਾ ਅਤੇ ਦੁਰਘਟਨਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਕੰਬਾਇਨਾਂ ਨਾਲ ਰਾਤ ਦੇ ਸਮੇਂ ਹਰੀ ਕਣਕ ਜੋ ਕਿ ਚੰਗੀ ਤਰ੍ਹਾਂ ਸੁੱਕੀ ਨਹੀਂ ਹੁੰਦੀ ਉਸਦੀ ਕਟਾਈ ਕਰ ਦਿੱਤੀ ਜਾਂਦੀ ਹੈ ਅਤੇ ਇਸ ਕਰਕੇ ਹਰੀ ਕੱਟੀ ਹੋਈ ਕਣਕ ਸੁੱਕਣ ਤੇ ਕਾਲੀ ਪੈ ਜਾਂਦੀ ਹੈ, ਸਿੱਟੇ ਵੱਜੋਂ ਕਿਸਾਨਾਂ ਨੂੰ ਸਿੱਧੇ ਤੋਰ ਤੇ ਨੁਕਸਾਨ ਝੱਲਣਾ ਪੈਂਦਾ ਹੈ। ਇਸ ਤੋਂ ਇਲਾਵਾ ਇਹ ਵੀ ਵੇਖਣ ਵਿੱਚ ਆਉਂਦਾ ਹੈ ਕਿ ਬਹੁਤ ਸਾਰੀਆਂ ਪੁਰਾਣੀਆਂ ਹੋ ਚੁੱਕੀਆ ਕੰਬਾਇਨਾਂ ਵੀ ਕਟਾਈ ਲਈ ਵਰਤੀਆਂ ਜਾਂਦੀਆ ਹਨ, ਜਿਹਨਾਂ ਨਾਲ ਕਣਕ ਦੀ ਕਵਾਲਿਟੀ ਖਰਾਬ ਹੋ ਜਾਂਦੀ ਹੈ ਅਤੇ ਕਈ ਕੰਬਾਇਨਾਂ ਵਿੱਚ ਮਕੈਨੀਕਲ ਨੁਕਸ ਹੋਣ ਕਾਰਨ ਵੀ ਕਣਕ ਦੀ ਕਵਾਲਿਟੀ ਪ੍ਰਭਾਵਿਤ ਹੁੰਦੀ ਹੈ, ਇਸ ਕਾਰਨ ਖਰੀਦ ਏਜੰਸੀਆਂ ਵੱਲੋਂ ਕਣਕ ਦੀ ਖਰੀਦ ਕਰਨ ਤੋਂ ਮਨਾਹੀ ਕੀਤੀ ਜਾਂਦੀ ਹੈ। ਇਸ ਨਾਲ ਜਿੱਥੇ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ, ਉਥੇ ਅਸਿੱਧੇ ਤੌਰ ਤੇ ਦੇਸ਼ ਦੇ ਕਣਕ ਉਤਪਾਦਨ ਤੇ ਵੀ ਮਾੜਾ ਅਸਰ ਪੈਂਦਾ ਹੈ।



ਉਨ੍ਹਾਂ ਕਿਹਾ ਕਿ ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਫੌਜਦਾਰੀ ਸੰਘਤਾ 1973(1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜਿਲ੍ਹਾ ਪਠਾਨਕੋਟ ਅੰਦਰ ਸ਼ਾਮ 07:00 ਵਜੇ ਤੋਂ ਲੈ ਕੇ ਸਵੇਰੇ 08:00 ਵਜੇ ਤੱਕ ਕੰਬਾਇਨਾਂ ਨਾਲ ਕਣਕ ਦੀ ਕਟਾਈ ਤੇ ਪੂਰਣ ਪਾਬੰਦੀ ਲਗਾਈ ਜਾਂਦੀ ਹੈ। ਇਸ ਤੋਂ ਇਲਾਵਾ ਜਿਲ੍ਹਾ ਪਠਾਨਕੋਟ ਅੰਦਰ ਕਣਕ ਦੀ ਕਟਾਈ ਵਾਲੀਆਂ ਕੰਬਾਇਨਾਂ ਦੇ ਮਾਲਕਾ ਨੂੰ ਇਹ ਹਦਾਇਤ ਵੀ ਕੀਤੀ ਜਾਂਦੀ ਹੈ ਕਿ ਹਾਰਵੈਸਟਰ ਕੰਬਾਇਨ ਦੀ ਵਰਤੋਂ ਕਰਨ ਤੋਂ ਪਹਿਲਾਂ ਇਸਦੀ ਖੇਤੀਬਾੜੀ ਵਿਭਾਗ ਕੋਲੋਂ ਇੰਸਪੈਕਸ਼ਨ ਕਰਵਾਉਣੀ ਲਾਜ਼ਮੀ ਹੋਵੇਗੀ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਕਣਕ ਦੇ ਸੀਜਨ ਦੌਰਾਨ ਕਣਕ ਦੀ ਕਟਾਈ ਉਪਰੰਤ ਕਈ ਕਿਸਾਨਾਂ ਵੱਲੋਂ ਫਸਲ ਦੀ ਰਹਿੰਦ–ਖੂੰਹਦ (ਨਾੜ) ਨੂੰ ਅੱਗ ਲਗਾ ਦਿੱਤੀ ਜਾਂਦੀ ਹੈ, ਜਿਸ ਕਰਕੇ ਵਾਤਾਵਰਣ ਪ੍ਰਦੂਸਿਤ ਹੁੰਦਾ ਹੈ ਤੇ ਜਨਤਾ ਦੀ ਸਿਹਤ ਦੇ ਵੀ ਮਾੜਾ ਅਸਰ ਪੈਂਦਾ ਹੈ ਅਤੇ ਜਮੀਨ ਦੀ ਉਪਜਾਊ ਤਾਕਤ ਵੀ ਘੱਟਦੀ ਹੈ। ਇਸ ਤੋਂ ਇਲਾਵਾ ਜਮੀਨ ਦੀ ਉਪਰਲੀ ਸਤਾ ਨੂੰ ਅੱਗ ਲਾਉਣ ਨਾਲ ਜ਼ਮੀਨ ਵਿੱਚ ਮੌਜੂਦ ਕਈ ਲਾਭਦਾਇਕ ਜੀਵਾਣੂ ਵੀ ਮਰ ਜਾਦੇ ਹਨ ਅਤੇ ਆਲੇ ਦੁਆਲੇ ਦੇ ਖੇਤਾਂ ਵਿੱਚ ਖੜੀ ਫਸਲ ਦੇ ਨਾਲ ਨਾਲ ਪਿੰਡਾਂ ਵਿੱਚ ਵੀ ਅੱਗ ਲੱਗਣ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਤਰ੍ਹਾਂ ਦੀ ਲਗਾਈ ਜਾਂਦੀ ਅੱਗ ਨਾਲ ਪੈਦਾ ਹੋਣ ਵਾਲੇ ਧੂੰਏ ਕਾਰਨ ਸੜਕ ਉੱਪਰ ਹਾਦਸੇ ਵਾਪਰਨ ਨਾਲ ਲੋਕਾਂ ਦਾ ਜਾਨੀ–ਮਾਲੀ ਨੁਕਸਾਨ ਹੋਣ ਦਾ ਡਰ ਵੀ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਤੱਥਾਂ ਨੂੰ ਧਿਆਨ ਵਿੱਚ ਰੱਖਦਿਆਂ ਜਿਲ੍ਹਾ ਪਠਾਨਕੋਟ ਅੰਦਰ ਕਣਕ ਦੀ ਰਹਿੰਦ–ਖੂੰਹਦ (ਨਾੜ) ਨੂੰ ਅੱਗ ਲੱਗਾਉਣ/ਸਾੜਨ ਤੇ ਪੂਰਨ ਤੌਰ ਤੇ ਪਾਬੰਦੀ ਲਗਾਈ ਜਾਂਦੀ ਹੈ।

# 11 ਅਤੇ 12 ਅਪ੍ਰੈਲ ਨੂੰ ਮਨਾਇਆ ਜਾਵੇਗਾ ਥਰੀਕੇ ਵਿਖੇ ਡਾਕਟਰ ਅੰਬੇਡਕਰ ਜੀ ਦਾ ਜਨਮ ਦਿਨ



**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)–** ਡਾਕਟਰ ਭੀਮ ਰਾਓ ਅੰਬੇਡਕਰ ਦੇ 133 ਵੇਂ ਜਨਮ ਦਿਵਸ ਨੂੰ ਸਮਰਪਿਤ 11 ਅਤੇ 12 ਅਪ੍ਰੈਲ ਨੂੰ ਪਿੰਡ ਥਰੀਕੇ ਵਿਖੇ ਨੌਜਵਾਨ ਸਭਾ ਅਤੇ ਸਮੂਹ ਸੰਗਤ ਵੱਲੋਂ ਸਮਾਜਿਕ ਅਤੇ ਧਾਰਮਿਕ ਸਮਾਗਮ ਕਰਵਾਇਆ ਜਾ ਰਿਹਾ ਹੈ।

ਇਸ ਨੌਜਵਾਨ ਸਭਾ ਦੇ ਆਗੂ ਹਰਦੀਪ ਸਿੰਘ ਹੈਪੀ ਨੇ ਦੱਸਿਆ ਕਿ ਸਮਾਜਿਕ ਪ੍ਰੋਗਰਾਮ ਵਿੱਚ ਨਾਟਕ ਮੰਡਲੀ ਪ੍ਰਗਤੀ ਕਲਾ ਕੇਂਦਰ ਲਾਂਧੜਾ ਜਲੰਧਰ ਵੱਲੋਂ 11 ਅਪ੍ਰੈਲ ਦਿਨ ਵੀਰਵਾਰ ਨੂੰ ਡਾਕਟਰ ਭੀਮ ਰਾਓ ਅੰਬੇਦਕਰ ਦੇ ਜੀਵਨ ਨੂੰ ਸਮਰਪਿਤ ਨਾਟਕ ਮੇਲਾ ਸ਼ਾਮ 7 ਵਜੇ ਤੋਂ ਰਾਤ 9 ਵਜੇ ਤੱਕ ਹੋਵੇਗਾ। ਇਸ ਨਾਟਕ ਦੌਰਾਨ ਸਮਾਜ ਪ੍ਰਤੀ ਚਿੰਤਕ ਅਤੇ ਬੁੱਧੀਜੀਵੀ ਰਜਿੰਦਰ ਮੂਲ ਨਿਵਾਸੀ ਵਿਸ਼ੇਸ਼ ਤੌਰ ਤੇ ਹਾਜਰੀ ਲਗਵਾਉਣਗੇ ਅਤੇ ਬਾਬਾ ਸਾਹਿਬ ਜੀ ਦੇ ਜੀਵਨ ਤੇ ਚਾਨਣਾ ਪਾਉਣਗੇ। ਧਾਰਮਿਕ ਦੀਵਾਨ 12 ਅਪ੍ਰੈਲ ਦਿਨ ਸ਼ੁਕਰਵਾਰ ਨੂੰ ਬਾਬਾ ਬਲਰਾਮ ਸਿੰਘ ਜੀ ਸ੍ਰੀ ਖੁਰਾਲਗੜ੍ਹ ਸਾਹਿਬ ਵਾਲਿਆਂ ਦੇ ਕੀਰਤਨ ਦੀਵਾਨ ਸ਼ਾਮ 7 ਵਜੇ ਤੋਂ 9 ਵਜੇ ਤੱਕ ਸਜਾਏ ਜਾਣਗੇ।

ਇਸ ਸਮੇਂ ਹੋਰਨਾ ਤੋਂ ਇਲਾਵਾ ਸੁਖਮਿੰਦਰ ਸਿੰਘ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਹਰਦੀਪ ਸਿੰਘ, ਕਰਮਜੋਤ ਸਿੰਘ, ਦਿਲਪ੍ਰੀਤ ਸਿੰਘ, ਚਰਨਜੀਤ ਸਿੰਘ, ਯੁਵਰਾਜ ਸਿੰਘ, ਜਤਿੰਦਰ ਸਿੰਘ ਤੇ ਜਗਜੀਤ ਸਿੰਘ ਆਦਿ ਹਾਜ਼ਰ ਸਨ।

# ਡਾ ਭੀਮ ਰਾਓ ਜੀ ਦੇ ਜਨਮ ਦਿਵਸ ਤੇ ਮੁਫ਼ਤ ਮੈਡੀਕਲ ਕੈਂਪ ਲਗਾਇਆ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਭਾਰਤ ਰਤਨ ਡਾ ਭੀਮ ਰਾਓ ਅੰਬੇਡਕਰ ਸਾਹਿਬ ਜੀ ਦੇ ਜਨਮ ਦਿਨ ਨੂੰ ਸਮਰਪਿਤ ਪਿੰਡ ਰਟੈਂਡਾ ਵਿਖੇ ਸਤਿਗੁਰ ਰਵਿਦਾਸ ਮਹਾਰਾਜ ਦੇ



ਗੁਰਦੁਆਰਾ ਸਾਹਿਬ ਵਿੱਚ ਆਈ ਵੀ ਵਾਈ ਹਸਪਤਾਲ ਦੇ ਸਟਾਫ ਦੇ ਸਹਿਜੋਗ ਨਾਲ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ ਇਸ ਕੈਂਪ ਵਿੱਚ ਵੱਖ ਵੱਖ ਬਿਮਾਰੀਆਂ ਮਾਹਰ ਡਾਕਟਰਾਂ ਚ ਡਾ ਵਿਕਰਾਂਤ, ਡਾ ਰੰਜੀਸ਼ ਡਾ ਵਿਕਰਾਂਤ ਨੇ ਲੋੜਵੰਦ ਮਰੀਜਾਂ ਦਾ ਮੁਫਤ ਚੈੱਕਅਪ ਕਰਕੇ ਫ੍ਰੀ ਦਵਾਈ ਦਿਤੀ ਇਸ ਮੌਕੇ ਕਮੇਟੀ ਪ੍ਰਧਾਨ ਕਿਸ਼ਨ ਸਿੰਘ ਤੇ ਬਸਪਾ ਦੇ ਉਪ ਪ੍ਰਧਾਨ ਸੋਮ ਨਾਥ ਨੇ ਆਖਿਆ ਕਿ ਡਾ ਭੀਮ ਰਾਓ ਅੰਬੇਡਕਰ ਸਾਹਿਬ ਸਾਰੇ ਦੇਸ਼ ਵਾਸੀਆਂ ਲਈ ਮਹਾਨ ਯੁਗਪੁਰਸ਼ ਸਾਬਿਤ ਹੋਏ ਕਿਉਕਿ ਬਾਬਾ ਸਾਹਿਬ ਨੇ ਨਿਰਸਵਾਰਥ ਦੇਸ਼ ਵਾਸੀਆਂ ਨੂੰ ਸੰਵਿਧਾਨ ਲਿਖਕੇ ਦਿੱਤਾ ਤਾਂ ਜੋ ਲੋਕ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਉਨਾ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਜੀਵਨ ਬਾਰੇ ਜਾਣਕਾਰੀ ਦਿਤੀ ਗਈ ਤੇ ਡਾਕਟਰਾਂ ਦੀ ਟੀਮ ਦਾ ਤੇ ਕੈਂਪ ਵਿੱਚ ਪਹੁੰਚੇ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਰਪੰਚ ਅਮਨਪ੍ਰੀਤ ਮਹਿੰਮੀ, ਸੋਹਣ ਲਾਲ, ਬੱਗਾ ਸਿੰਘ, ਬਿਲੂ, ਹੈਪੀ, ਪਵਨ ਕੁਮਾਰ ਆਦਿ ਹਾਜ਼ਰ ਸਨ।


# ਸਾਹਿਤ ਸਭਾ ਜਲਾਲਾਬਾਦ ਵਲੋਂ ਕਰਵਾਇਆ ਗਿਆ ਰੂ-ਬ-ਰੂ ਅਤੇ ਸਨਮਾਨ ਸਮਾਗਮ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)–**ਪੰਜਾਬ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੀ ਅਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲੀ ਜਲਾਲਾਬਾਦ ਦੀ ਸਹਿਤ ਸਭਾ ਵੱਲੋਂ ਬੀਤੇ ਦਿਨ ਰੂ–ਬ–ਰੂ ਅਤੇ ਸਨਮਾਨ ਸਮਾਗਮ ਐਫੀਸ਼ੈਂਟ ਕਾਲਜ ਵਿਖੇ ਅਯੋਜਿਤ ਗਿਆ। ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਪ੍ਰਸਿੱਧ ਸ਼ਾਇਰ ਜਨਾਬ ਡਾ।ਸੰਦੇਸ਼ ਤਿਆਗੀ ਜੀ,ਜਨਾਬ ਜਗਜੀਤ ਕਾਫ਼ਿਰ ਜੀ, ਵਿਸ਼ੇਸ਼ ਮਹਿਮਾਨ ਉੱਘੇ ਸਮਾਜਸੇਵੀ ਸਵੀਟਾ ਮਦਾਨ ਜੀ,ਸਾਹਿਤਕਾਰ ਸ਼੍ਰੀ ਪ੍ਰਕਾਸ਼ ਦੋਸ਼ੀ ਜੀ, ਸਾਹਿਤ ਸਭਾ ਦੇ ਪ੍ਰਧਾਨ ਸੰਤੋਖ ਸਿੰਘ ਬਰਾੜ, ਜਨਰਲ ਸੱਕਤਰ ਮੀਨਾ ਮਹਿਰੋਕ, ਖਜਾਨਚੀ ਨੀਰਜ ਛਾਬੜਾ ਸ਼ਾਮਿਲ ਸਨ।ਮੰਚ ਦਾ ਸੰਚਾਲਨ ਸਾਹਿਤ ਸਭਾ ਦੇ ਜਨਰਲ ਸਕੱਤਰ ਮੀਨਾ ਮਹਿਰੋਕ ਦੁਆਰਾ ਕੀਤਾ ਗਿਆ। ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਸੰਤੋਖ ਸਿੰਘ ਬਰਾੜ ਨੇ ਆਏ ਹੋਏ ਮੁੱਖ ਸਾਹਿਤਕਾਰਾਂ,ਵਿਸ਼ੇਸ਼ ਮਹਿਮਾਨਾਂ ਦਾ ਅਤੇ ਹਾਜ਼ਰ ਆਏ ਮੈਂਬਰਜ ਸਾਹਿਬਾਨ ਜੀ ਨੂੰ ਜੀ ਆਇਆ ਆਖਿਆ।ਸਭਾ ਦੇ ਸਾਬਕਾ ਪ੍ਰਧਾਨ ਪ੍ਰਵੇਸ਼ ਖੰਨਾ ਜੀ ਅਤੇ ਪ੍ਰੀਤੀ ਬਬੂਟਾ ਜੀ ਨੇ ਦੋਵਾਂ ਸਾਹਿਤਕਾਰਾਂ ਦੇ ਸਾਹਿਤਕ ਸਫ਼ਰ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਜਿੱਥੇ ਜਨਾਬ ਜਗਜੀਤ ਕਾਫ਼ਿਰ ਜੀ ਨੇ ਆਪਣੀ ਸ਼ਾਇਰੀ ਨਾਲ ਸਰੋਤਿਆਂ ਕੋਲੋਂ ਵਾਹ ਵਾਹ ਖੱਟੀ, ਉਥੇ ਹੀ ਜਨਾਬ ਡਾ. ਸੰਦੇਸ਼ ਤਿਆਗੀ ਦੁਆਰਾ ਆਪਣੀਆਂ ਰਚਨਾਵਾਂ ਅਤੇ ਆਪਣੇ ਖੂਬਸੂਰਤ ਅੰਦਾਜ਼ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਵਿਸ਼ੇਸ਼ ਮਹਿਮਾਨ ਸ਼੍ਰੀ ਸਵੀਟਾ ਮਦਾਨ ਜੀ ਅਤੇ ਸ਼੍ਰੀ ਪ੍ਰਕਾਸ਼ ਦੋਸ਼ੀ ਜੀ ਨੇ ਜਿੱਥੇ ਸਾਹਿਤ ਸਭਾ ਵੱਲੋਂ ਇਸ ਕੀਤੇ ਗਏ ਉਪਰਾਲੇ ਨੂੰ ਸਲਾਹਿਆ ਉੱਥੇ ਹੀ ਉਹਨਾਂ ਨੇ ਆਉਣ ਵਾਲੇ ਸਮੇਂ ਵਿੱਚ ਵੀ ਸਾਹਿਤ ਸਭਾ ਨੂੰ ਹਰ ਤਰਾਂ ਦਾ ਸਾਥ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਆਏ ਹੋਏ ਮੁੱਖ ਸ਼ਾਇਰਾਂ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਸਭਾ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਸਮਾਗਮ ਵਿੱਚ ਸੁਧਾ ਤਿਆਗੀ ਸ਼੍ਰੀ ਗੰਗਾਨਗਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।ਇਸ ਤੋਂ ਇਲਾਵਾ ਬਲਬੀਰ ਸਿੰਘ ਰਹੇਜਾ, ਪ੍ਰਵੇਸ਼ ਖੰਨਾ, ਤਿਲਕ ਰਾਜ ਕਾਹਲ, ਸੰਦੀਪ ਝਾਂਬ, ਪ੍ਰੀਤੀ ਬਬੂਟਾ, ਗੋਪਾਲ ਬਜਾਜ, ਕੁਲਦੀਪ ਬਰਾੜ ਸਾਰੇ ਸਾਬਕਾ ਪ੍ਰਧਾਨ, ਸੂਬਾ ਸਿੰਘ ਨੰਬਰਦਾਰ, ਰੋਸ਼ਨ ਲਾਲ ਅਸੀਜਾ,ਰਜਿੰਦਰ ਸਿੱਧੂ,ਅਰਚਨਾ ਗਾਬਾ, ਸੁਰੇਸ਼ ਗਾਬਾ, ਸੋਨੀਆ ਬਜਾਜ, ਦੀਪਕ ਨਾਰੰਗ, ਦਵਿੰਦਰ ਕੁੱਕੜ ਜ਼ਿਲਾ ਪ੍ਰਧਾਨ ਬੀ ਵੀ ਪੀ, ਸੰਜੀਵ ਛਾਬੜਾ, ਚਮਕੌਰ ਸਿੰਘ, ਗੁਰਚਰਨਜੀਤ ਸਿੰਘ, ਸੁਖਦੀਪ ਸਿੰਘ, ਜਸਵੰਤ ਸਿੰਘ, ਰਾਜ ਕੁਮਾਰ ਗਗਨੇਜਾ, ਅਮਨਪ੍ਰੀਤ, ਭੁਪਿੰਦਰ ਕੰਬੋਜ, ਵਿਨੇ ਸ਼ਰਮਾ, ਅਕਾਸ਼ ਖੰਨਾ, ਨਰੇਸ਼ ਅਰੋੜਾ, ਪਾਰਸ ਕੁਬੇਰ ਕੇਸਰੀ ਅਤੇ ਵਿਦਿਆਰਥੀ ਹਾਜ਼ਰ ਹੋਏ।



# ਗ਼ਦਰ ਪਾਰਟੀ ਸਥਾਪਨਾ ਦਿਵਸ ਸਮਾਗਮ 21 ਨੂੰ ਡਾ. ਦੇਵਿੰਦਰ ਸ਼ਰਮਾ ਹੋਣਗੇ ਮੁੱਖ ਬੁਲਾਰੇ

**ਜਲੰਧਰ–** ਸਾਡੇ ਮੁਲਕ ਨੂੰ ਹਰ ਵੰਨਗੀ ਦੀ ਗ਼ੁਲਾਮੀ, ਵਿਤਕਰੇ ਅਤੇ ਅਨਿਆਂ ਤੋਂ ਮੁਕਤ ਕਰਕੇ ਆਜ਼ਾਦ, ਖੁਸ਼ਹਾਲ, ਜਮਹੂਰੀ, ਧਰਮ-ਨਿਰਪੱਖ ਸਮਾਜ ਸਿਰਜਣ ਦੇ ਮਹਾਨ ਆਦਰਸ਼ ਨੂੰ ਪ੍ਰਨਾਈ ਗ਼ਦਰ ਪਾਰਟੀ ਦੇ 111ਵੇਂ ਜਨਮ ਦਿਹਾੜੇ (1913-2024) ਮੌਕੇ 21 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 10:45 ਵਜੇ ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਣੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ 'ਚ ਵਿਚਾਰ-ਚਰਚਾ ਸਮਾਗਮ ਕੀਤਾ ਜਾਏਗਾ।



ਇਹ ਜਾਣਕਾਰੀ ਪ੍ਰੈਸ ਨਾਲ ਸਾਂਝੀ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ. ਤੇਜਿੰਦਰ ਵਿਰਲੀ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ ਅਤੇ ਲੋਕਾਂ ਦੇ ਨਾਂਅ ਗ਼ਦਰ ਪਾਰਟੀ ਦੀ ਪ੍ਰਸੰਗਕਤਾ ਉਭਾਰਦਾ ਸੁਨੇਹਾ ਸਾਂਝਾ ਕਰਨਗੇ। ਇਸ ਸਮਾਗਮ ਦੇ ਮੁੱਖ ਵਕਤਾ ਖੇਤੀ ਅਤੇ ਇਸ ਨਾਲ ਜੁੜੇ ਖਾਧ ਪਦਾਰਥਾਂ ਵਰਗੇ ਕੇਂਦਰੀ ਬਹੁ-ਮੁੱਦਿਆਂ ਦੇ ਨਾਮਵਰ ਵਿਗਿਆਨੀ ਡਾ. ਦੇਵਿੰਦਰ ਸ਼ਰਮਾ 'ਕਿਸਾਨ ਸੰਕਟ: ਇਤਿਹਾਸ ਅਤੇ ਸਮਕਾਲ' ਵਿਸ਼ੇ ਦੇ ਬਹੁ-ਪੱਖਾਂ ਉਪਰ ਰੌਸ਼ਨੀ ਪਾਉਣਗੇ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਕਿਸਾਨ ਮਜ਼ਦੂਰ ਸੰਸਥਾਵਾਂ ਅਤੇ ਸਭਨਾਂ ਮਿਹਨਤਕਸ਼ ਤਬਕਿਆਂ ਦੇ ਕਾਮਿਆਂ, ਵਿਦਵਾਨਾਂ, ਖੋਜਕਾਰਾਂ, ਲੇਖਕਾਂ, ਪੱਤਰਕਾਰਾਂ ਤੇ ਸੰਘਰਸ਼ਸ਼ੀਲ ਲੋਕ-ਹਿੱਸਿਆਂ ਨੂੰ ਵਿਸ਼ੇਸ਼ ਤੌਰ 'ਤੇ ਇਸ ਸਮਾਗਮ 'ਚ ਸ਼ਿਰਕਤ ਕਰਨ ਦੀ ਅਪੀਲ ਕੀਤੀ ਹੈ।

# ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾਪੂਰਵਕ ਮਨਾਇਆ



**ਫਗਵਾੜਾ 4 ਅਪ੍ਰੈਲ (ਬੀ. ਕੇ. ਰੱਤੂ)–** ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰੈਂਕਫੁਰਟ ਜਰਮਨੀ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 647ਵਾਂ ਆਗਮਨ ਪੁਰਬ ਬਹੁਤ ਸ਼ਰਧਾ ਸਤਿਕਾਰ ਪ੍ਰੇਮ ਭਾਈਚਾਰੇ ਨਾਲ ਮਨਾਇਆ ਗਿਆ। ਜਿਸ ਵਿੱਚ ਸਤਿਗੁਰੂ ਰਵਿਦਾਸ ਅੰਮ੍ਰਿਤਬਾਣੀ ਦੇ ਜਾਪ ਕੀਤੇ ਗਏ ਗੁਰੂ ਘਰ ਦੇ ਕੀਰਤਨੀਏ ਜੱਥੇ ਭਾਈ ਸਾਹਿਬ ਲਖਵਿੰਦਰ ਸਿੰਘ ਜੀ ਨੇ ਕ੍ਰਾਂਤੀਕਾਰੀ ਕੀਰਤਨ ਨਾਲ ਸੰਗਤਾਂ ਨੂੰ ਗੁਰੂ ਮਹਾਰਾਜ ਜੀ ਦੇ ਪਾਵਨ ਸੰਦੇਸ਼ ਨਾਲ ਜੋੜਿਆ ਗਿਆ। ਕੀਰਤਨ ਉਪਰੰਤ ਪ੍ਰਸਿੱਧ ਗਾਇਕ ਬੂਟਾ ਮਹੁੰਮਦ ਨੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾਈ। ਉਪਰੰਤ ਊਸ਼ਾ ਰਾਜ ਜਰਮਨ ਜੀ ਨੇ ਗੁਰੂ ਰਵਿਦਾਸ ਜੀ ਦੇ ਕ੍ਰਾਂਤੀਕਾਰੀ ਸੰਦੇਸ਼ ਤੇ ਅਮਲ ਕਰਕੇ ਰਾਜਸੱਤਾ ਉਪਰ 2024 ਵਿੱਚ ਭਾਰਤ ਵਾਸੀਆਂ ਨੂੰ ਕਾਬਜ ਹੋਣ ਪੁਰ-ਜੋਰ ਅਪੀਲ ਕੀਤੀ ਗਈ।ਇਸ ਮੌਕੇ ਮਿਸ਼ਨਰੀ ਗੀਤਕਾਰ ਰੱਤੂ ਰੰਧਾਵਾ ਜੀ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ।

ਇਸ ਸਮਾਗਮ ਵਿੱਚ ਅਨੇਕਾਂ ਪੁਸਤਕਾਂ ਦੇ ਲਿਖਾਰੀ, ਬਹੁਜਨ ਮਹਾਪੁਰਸ਼ਾਂ ਦੇ ਜੀਵਨ, ਮਿਸ਼ਨ, ਸੰਘਰਸ਼ ਉਪਰ ਨਿਰੰਤਰ ਕਲਮ ਚਲਾਉਣ ਵਾਲੇ ਲੇਖਕ ਰਾਜੇਸ਼ ਭਬਿਆਣਾ ਦੀ ਗਿਆਰ੍ਹਵੀਂ ਪੁਸਤਕ ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ ਗੁਰੂ ਮਹਾਰਾਜ ਜੀ ਦੀ ਹਾਜ਼ਰੀ ਵਿੱਚ ਸੰਗਤਾਂ ਵਿੱਚ ਲੋਕ ਅਰਪਣ ਕੀਤੀ ਗਈ। ਇਸ ਮੌਕੇ ਸ੍ਰੀਮਾਨ ਮਹਿੰਦਰ ਭੱਟੀ, ਸ੍ਰੀਮਾਨ ਸਤਨਾਮ ਮੱਲ, ਸ੍ਰੀਮਾਨ ਗੁਰਦੀਪ ਹੀਰ, ਸ੍ਰੀਮਾਨ ਮੱਖਣ ਕਲੇਰ, ਸ੍ਰੀਮਾਨ ਰਾਜ ਕੁਮਾਰ ਘੇੜਾ, ਸ੍ਰੀਮਾਨ ਤਿਲਕ ਰਾਜ ਸ੍ਰੀਮਾਨ ਮਨਮੋਹਨ ਜੱਖੂ, ਸ੍ਰੀਮਾਨ ਸੁਦੇਸ਼ ਕੁਮਾਰ, ਸ੍ਰੀਮਾਨ ਕਿਸ਼ਨ ਭਾਟੀਆ, ਸ੍ਰੀਮਾਨ ਮੰਗਾ ਦਕੋਹਾ, ਸ੍ਰੀਮਾਨ ਹਰਪਾਲ ਲਾਖਾ, ਸ੍ਰੀਮਾਨ ਰੱਤੂ ਰੰਧਾਵਾ, ਸ੍ਰੀਮਾਨ ਬੂਟਾ ਮੁਹੰਮਦ, ਸ੍ਰੀਮਾਨ ਦੇਸ ਰਾਜ ਸ੍ਰੀਮਤੀ ਊਸ਼ਾ ਰਾਜ। ਇਸ ਸਮਾਗਮ ਵਿੱਚ ਸਮੁੱਚੇ ਯੂਰੋਪ ਦੀ ਸੰਗਤ ਨੇ ਸਮਾਗਮ ਵਿੱਚ ਹਾਜ਼ਰੀ ਲਗਵਾਈ।ਇਸ ਪ੍ਰੋਗਰਾਮ ਦੀ ਪੀ. ਟੀ. ਸੀ. ਨਿਊਜ਼ ਤੇ ਪਰਾਈਮ ਏਸ਼ੀਆ ਵਲੋਂ ਕਵਰੇਜ਼ ਕੀਤੀ ਗਈ।

# ਪ੍ਰਵਾਸੀ ਪਿਆਰਾ ਸਿੰਘ ਵਲੋਂ ਢਾਹਾਂ-ਕਲੇਰਾਂ ਹਸਪਤਾਲ ਵਿਖੇ ਆਪਣੇ ਪਿੰਡ ਸ਼ੇਖੂਪੁਰ ਲਈ ਫਰੀ ਬੈਂਡ ਸੇਵਾ ਦਾ ਆਰੰਭ

**ਨਵਾਂਸ਼ਹਿਰ (ਤਰਲੋਚਨ ਸਿੰਘ ਦੁਪਾਲ ਪੁਰ)** ਸੱਤ ਸੁਮੰਦਰੋਂ ਪਾਰ ਵੱਸਦੇ ਪੰਜਾਬੀਆਂ ਦੇ ਦਿਲਾਂ ਵਿਚ ਆਪਣੇ ਜੱਦੀ ਪਿੰਡਾਂ ਲਈ ਅਤਿਅੰਤ ਮੋਹ ਪਿਆਰ ਵਸਦਾ ਹੈ।ਇਸ ਦੀ ਮਿਸਾਲ ਅੱਜ ਉਸ ਵੇਲੇ ਮਿਲੀ ਜਦ ਪਿੰਡ ਸ਼ੇਖੂ ਪੁਰ ਨਵਾਂਸ਼ਹਿਰ) ਦੇ ਵਸਨੀਕ ਅਤੇ ਹੁਣ ਅਮਰੀਕਾ ਵਸਦੇ ਸ. ਪਿਆਰਾ ਸਿੰਘ ਨਿਊਜਰਸੀ ਅਤੇ ਉਨ੍ਹਾਂ ਦੇ ਭਰਾਵਾਂ ਹਰਦਿਆਲ ਸਿੰਘ, ਅਜੀਤ ਸਿੰਘ ਅਤੇ ਬਲਵੀਰ ਸਿੰਘ ਵਲੋਂ ਆਪਣੇ ਗੁਰਪੁਰਵਾਸੀ ਮਾਤਾ -ਪਿਤਾ ਬੀਬੀ ਅਮਰ ਕੌਰ ਅਤੇ ਭਾਈ ਧਰਮ ਸਿੰਘ ਜੀ ਦੀ ਮਿੱਠੀ ਯਾਦ ਵਿੱਚ ਢਾਹਾਂ-ਕਲੇਰਾਂ ਟ੍ਰਸਟ ਦੇ ਪ੍ਰਬੰਧ ਹੇਠਾਂ ਚੱਲ ਰਹੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ-ਕਲੇਰਾਂ ਵਿਖੇ ਪਿੰਡ ਸ਼ੇਖੂਪੁਰ ਦੇ ਦਾਖਲ ਹੋਣ ਵਾਲੇ ਮਰੀਜ਼ਾਂ ਲਈ ਫਰੀ ਬੈਂਡ ਸਹੂਲਤ ਪ੍ਰਦਾਨ ਕਰਨ ਲਈ ਦੋ ਲੱਖ ਰੁਪਏ ਦਾ ਚੈਂਕ ਸੰਸਥਾ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ ਢਾਹਾਂ ਨੂੰ ਭੇਂਟ ਕੀਤਾ ਗਿਆ।

ਇਹ ਨੇਕ ਕਾਰਜ ਨਵਾਂ ਸ਼ਹਿਰ ਦੇ ਗੁਰਦਵਾਰਾ ਸ਼ਹੀਦ ਬਾਬਾ ਦੀਪ ਸਿੰਘ ਵਿਖੇ ਸ. ਪਿਆਰਾ ਸਿੰਘ ਨਿਊਜਰਸੀ (ਅਮਰੀਕਾ) ਦੇ ਭਰਾਤਾ ਸ। ਅਜੀਤ ਸਿੰਘ ਗਿੱਦਾ ਦੇ ਘਰ ਉਨ੍ਹਾਂ ਦੇ ਦੋ ਪੋਤਰਿਆਂ ਕਾਕਾ ਨਿਸ਼ਾਨਵੀਰ ਸਿੰਘ ਪੁੱਤਰ ਜਸਪ੍ਰੀਤ ਸਿੰਘ ਅਤੇ ਕਾਕਾ ਜਗਮੀਤ ਸਿੰਘ ਪੁੱਤਰ ਸ। ਬਲਜਿੰਦਰ ਸਿੰਘ ਦੇ ਜਨਮ ਦੀ ਖੁਸ਼ੀ ਵਿੱਚ ਰੱਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਮੌਕੇ ਕੀਤਾ ਗਿਆ। ਇਸ ਮੌਕੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਮੁੱਖ ਪ੍ਰਬੰਧਕ ਸ। ਕੁਲਵਿੰਦਰ ਸਿੰਘ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ-ਕਲੇਰਾਂ ਨੇ ਪਿੰਡ ਸ਼ੇਖੂਪੁਰ ਲਈ ਬੈਂਡ ਫਰੀ



ਕਰਵਾਉਣ ਲਈ ਕੀਤੇ ਗਏ ਨੇਕ ਉੱਦਮ ਦੀ ਭਾਰੀ ਸ਼ਲਾਘਾ ਕੀਤੀ।

ਇਸ ਮੌਕੇ ਮਾਸਟਰ ਗੁਰਚਰਨ ਸਿੰਘ ਬਸਿਆਲਾ ਨੇ ਸਟੇਜ ਸੰਚਾਲਨ ਕਰਦਿਆਂ ਦੱਸਿਆ ਕਿ ਸ਼ੇਖੂ ਪੁਰੀ ਪ੍ਰਵਾਰ ਵਲੋਂ ਢਾਹਾਂ-ਕਲੇਰਾਂ ਟ੍ਰਸਟ ਵੱਲੋਂ ਚਲਾਏ ਜਾ ਰਹੇ ਵੱਖ ਵੱਖ ਮੈਡੀਕਲ ਅਤੇ ਵਿਦਿਅਕ ਕਾਰਜਾਂ ਵਿਚ ਵੱਡਮੁੱਲਾ ਸਹਿਯੋਗ ਕੀਤਾ ਜਾਵੇਗਾ। ਇਸ ਮੌਕੇ ਸਮੂਹ ਪਰਿਵਾਰ ਵੱਲੋਂ ਸੰਤ ਬਾਬਾ ਸੁੱਚਾ ਸਿੰਘ ਮੁੱਖੀ ਕਾਰਸੇਵਾ ਕਿਲ੍ਹਾ ਅਨੰਦਗੜ੍ਹ ਸ੍ਰੀ ਅਨੰਦਪੁਰ ਸਾਹਿਬ ਨੂੰ ਇਕਵੰਜਾ ਹਜ਼ਾਰ ਰੁਪਏ, ਗੁਰਦਵਾਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਨਵਾਂਸ਼ਹਿਰ ਦੀ ਇਮਾਰਤ ਉਸਾਰੀ ਲਈ ਪ੍ਰਧਾਨ ਨਰਿੰਦਰ ਸਿੰਘ ਰੰਧਾਵਾ ਨੂੰ ਇਕਵੰਜਾ ਹਜ਼ਾਰ ਰੁਪਏ, ਇੰਟਰਨੈਸ਼ਨਲ ਪੰਜਾਬੀ ਫਾਊਂਡੇਸ਼ਨ ਕੈਨੇਡਾ ਦੇ ਮੁੱਖੀ ਗੁਰਚਰਨ ਸਿੰਘ ਬਨਵੈਤ ਨੂੰ ਇਕਵੰਜਾ ਹਜ਼ਾਰ ਰੁਪਏ, ਉਪਕਾਰ ਸੁਸਾਇਟੀ ਦੇ ਪ੍ਰਧਾਨ ਜਸਪਾਲ ਸਿੰਘ ਗਿੱਦਾ ਅਤੇ ਗੁਰੂ ਨਾਨਕ ਸੇਵਾ ਮਿਸ਼ਨ ਨਵਾਂਸ਼ਹਿਰ ਦੇ ਪ੍ਰਧਾਨ ਸੁਰਜੀਤ ਸਿੰਘ ਰਿਟਾ: ਡੀਜੀਐਮ ਟੈਲੀਕਾਮ ਨੂੰ ਵੀ ਉਨ੍ਹਾਂ ਵਲੋਂ ਕੀਤੀਆਂ ਜਾ ਰਹੀ ਮਾਨਵੀ ਸੇਵਾਵਾਂ ਲਈ ਮਾਇਆ ਭੇਂਟ ਕੀਤੀ ਗਈ। ਇਸ ਮੌਕੇ ਭਾਈ ਗੁਰਬਖਸ਼ ਸਿੰਘ ਖਾਲਸਾ ਜੂਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ, ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ ਮੈਂਬਰ ਸ਼੍ਰੋਮਣੀ ਕਮੇਟੀ, ਤਰਲੋਚਨ ਸਿੰਘ 'ਦੁਪਾਲ ਪੁਰ' ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ, ਜਸਪਾਲ ਸਿੰਘ ਗਿੱਦਾ ਉਪਕਾਰ ਸੁਸਾਇਟੀ, ਹਰਵਿੰਦਰ ਸਿੰਘ ਸੋਇਤਾ, ਹਰਬੰਸ ਸਿੰਘ ਸੋਇਤਾ, ਲਖਬੀਰ ਸਿੰਘ ਡੀਐਸਪੀ, ਦੀਦਾਰ ਸਿੰਘ ਡੀਐਸਪੀ, ਭਗਤ ਸਿੰਘ ਲੰਗੜੋਆ, ਅਵਤਾਰ ਸਿੰਘ ਲੁਧਿਆਣਾ, ਅਮਰੀਕ ਸਿੰਘ, ਬਲਦੇਵ ਸਿੰਘ ਬਰਨਾਲਾ, ਡਾ ਅਵਤਾਰ ਸਿੰਘ ਦੇਨੋਵਾਲ ਕਲਾਂ, ਮਾਸਟਰ ਮੇਜਰ ਸਿੰਘ ਯੂ ਐਸ ਏ, ਜਸਪਾਲ ਸਿੰਘ ਵਿਰਕ ਨਿਆਰਾ ਪੈਟ੍ਰੋਲ ਪੰਪ ਨਵਾਂ ਸ਼ਹਿਰ ਵਾਲ਼ੇ, ਕਰਮ ਸਿੰਘ ਸਿਆਟਲ, ਸਤਵੀਰ ਸਿੰਘ ਪੱਲੀ ਝਿੱਕੀ, ਸੁਰਜੀਤ ਸਿੰਘ ਸੌਨਾ ਗਲੋਬਲ ਪੰਜਾਬੀ ਟੀ. ਵੀ, ਦਿਲਬਾਗ ਸਿੰਘ ਝਿੱਕਾ ਹਰਗੋਪਾਲ ਸਿੰਘ ਸਾਬਕਾ ਐਮ ਐਲ ਏ, ਬਲਜਿੰਦਰ ਸਿੰਘ ਭੌਰਾ, ਗੁਰਮੇਲ ਸਿੰਘ ਬਸਿਆਲਾ, ਗੁਰਨਾਮ ਸਿੰਘ, ਸਿੱਖ ਮਿਸ਼ਨਰੀ ਜਤਿੰਦਰਪਾਲ ਸਿੰਘ ਗੜ੍ਹਸ਼ੰਕਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਸਮਾਜਿਕ, ਧਾਰਮਿਕ, ਸਿਆਸੀ ਸ਼ਖਸ਼ੀਅਤਾਂ ਤੇ ਪਿੰਡ ਵਾਸੀ ਹਾਜ਼ਰ ਸਨ।

# ਸੇਵਾ-ਮੁਕਤ ਹੋਣ ਤੇ ਪੱਤਰਕਾਰ ਭਾਈਚਾਰੇ ਵੱਲੋ ਡਾਕਟਰ ਨਰੰਜਣ ਪਾਲ ਦਾ ਵਿਸੇਸ ਸਨਮਾਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬੰਗਾ ਵਿਖੇ ਪੱਤਰਕਾਰ ਭਾਈਚਾਰੇ ਵੱਲੋ ਸਿਹਤ ਵਿਭਾਗ ਵਿੱਚ ਬੇਮਿਸਾਲ ਅਤੇ ਬੇਦਾਗ਼ ਸੇਵਾਵਾਂ ਦੇਣ ਉਪਰੰਤ ਬਤੌਰ ਸੀਨੀਅਰ ਮੈਡੀਕਲ ਅਫਸਰ ਵੱਜੋਂ ਸੇਵਾਮੁਕਤ ਹੋਏ ਡਾਕਟਰ ਨਰੰਜਣ ਪਾਲ ਦਾ ਵਿਸੇਸ ਸਨਮਾਨ ਕੀਤਾ ਗਿਆ। ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਜਸਬੀਰ ਸਿੰਘ ਨੂਰਪੁਰ ਅਤੇ ਚੇਅਰਮੈਨ ਹਰਮੇਸ਼ ਵਿਰਦੀ ਵੱਲੋਂ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੀਆਂ ਸਿਹਤ ਵਿਭਾਗ ਵਿੱਚ ਬੇਮਿਸਾਲ ਸੇਵਾਵਾਂ ਕਾਰਨ ਲੱਖਾਂ ਮਰੀਜ਼ਾਂ ਨੂੰ ਵੱਖ ਵੱਖ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਮਿਲਿਆ। ਡਾਕਟਰ ਸਾਹਿਬ ਦੀ ਸਿਹਤਯਾਬੀ ਲਈ



ਪ੍ਰਮਾਤਮਾ ਅੱਗੇ ਅਰਦਾਸ ਕਰਦੇ ਉਹਨਾਂ ਕਿਹਾ ਕਿ ਪੱਤਰਕਾਰ ਭਾਈਚਾਰਾ ਹਮੇਸ਼ਾ ਉਨਾਂ ਦਾ ਸਾਥ ਦੇਵੇਗਾ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਵੱਖ-ਵੱਖ ਅਦਾਰਿਆਂ ਦੇ ਪੱਤਰਕਾਰ ਨਵਕਾਂਤ ਭਰੋਮਜਾਰਾ, ਨਰਿੰਦਰ ਮਾਹੀ, ਰਕੇਸ਼ ਅਰੋੜਾ, ਧਰਮਵੀਰ ਪਾਲ, ਮਨਜਿੰਦਰ ਸਿੰਘ ਮੁਨੀਸ਼ ਚੁੱਗ, ਸੁਰਿੰਦਰ ਕਰਮ, ਰਾਜ ਮਜਾਰੀ ਆਦਿ ਨੇ ਵੀ ਡਾਕਟਰ ਨਿਰੰਜਨ ਪਾਲ ਨੂੰ ਸੇਵਾ ਮੁਕਤੀ ਤੇ ਵਧਾਈ ਅਤੇ ਸ਼ੁਭ ਕਾਮਨਾਵਾਂ ਦਿੱਤੀਆਂ। ਇਸ ਮੋਕੇ ਡਾਕਟਰ ਨਿ-ਰੰਜਨ ਪਾਲ ਨੇ ਪੱਤਰਕਾਰ ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾ ਦੀ ਸਿਹਤ ਵਿਭਾਗ ਵਿੱਚ 27 ਸਾਲ ਦੀ ਡਿਊਟੀ ਦੌਰਾਨ ਪੱਤਰਕਾਰਾਂ ਨਾਲ ਉਨ੍ਹਾਂ ਦੇ ਦੋਸਤਾਨਾ ਸੰਬੰਧ ਰਹੇ ਹਨ ਅਤੇ ਉਨ੍ਹਾ ਵੱਲੋ ਹਮੇਸ਼ਾ ਸਹਿਯੋਗ ਮਿਲਦਾ ਰਿਹਾ।

# ਗਾਇਕਾ ਸੁਲੇਖਾ ਬੰਗੜ ਦਾ ਟਰੈਕ, ਕਿਰਦਾਰ, ਰਿਲੀਜ ਲਈ ਤਿਆਰ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਲੋਕ ਗਾਇਕਾ ਸੁਲੇਖਾ ਬੰਗੜ ਵਲੋ ਆਪਣੀ ਸੁਰੀਲੀ ਆਵਾਜ ਵਿੱਚ ਭਾਰਤ ਸੰਵਿਧਾਨ ਦੇ ਨਿਰਮਾਤਾ ਡਾ ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਤੇ ਸਿੰਗਲ ਟਰੈਕ, ਕਿਰਦਾਰ, ਤਿਆਰ ਕੀਤਾ ਹੈ ਇਸ ਟਰੈਕ ਸਬੰਧੀ ਗੱਲਬਾਤ ਕਰਦਿਆਂ ਗਾਇਕਾ ਸੁਲੇਖਾ ਬੰਗੜ ਨੇ ਦੱਸਿਆ ਕਿ ਇਸ ਟਰੈਕ ਨੂੰ ਬਖਲੌਰੀ ਨੇ ਕਲਮਬੱਧ ਕੀਤਾ ਹੈ ਇਸ ਟਰੈਕ ਦਾ ਸੰਗੀਤ ਤੇ ਵੀਡੀਓ ਪ੍ਰੀਤ ਬਲਿਹਾਰ ਨੇ ਕੀਤਾ ਇਸ ਟਰੈਕ ਨੂੰ ਸੰਗੀਤ ਜਗਤ ਦੀ ਨਾਮਵਰ ਕੰਪਨੀ ਜੀ ਕੇ ਰਿਕਾਰਡ ਦੇ ਲੇਬਲ ਤਹਿਤ ਗੋਪੀ ਕਲੇਰ ਇਟਲੀ ਦੀ ਦੇਖਰੇਖ ਵਿੱਚ ਬਹੁਤ ਜਲਦ ਸਰੋਤਿਆ ਦੇ ਸਨਮੁੱਖ ਕਰ ਦਿਤੀ ਜਾਵੇਗੀ। ਇਸ ਮੌਕੇ ਸੁਲੇਖਾ ਬੰਗੜ ਨੇ ਆਖਿਆ ਕਿ ਮੇਰੀ ਕੌਮ ਬਣਦੇ ਹੱਕ ਦਿਵਾਉਣ ਲਈ ਜਿੰਨਾ ਮਹਾਨ ਰਹਿਬਰਾਂ ਨੇ ਆਪਣਾ ਜੀਵਨ ਕੁਰਬਾਨ ਕਰ ਦਿਤਾ ਤੇ ਸਾਡਾ ਫਰਜ ਏ ਕਿ ਉਹਨਾ ਦੇ ਮਿਸ਼ਨ ਨੂੰ ਪ੍ਰਫੁੱਲਿਤ ਕਰਨ ਲਈ ਲਈ ਵੱਧ ਤੋਂ ਵੱਧ ਆਪਣਾ ਯੋਗਦਾਨ ਪਾਈਏ ਤੇ ਧੰਨਵਾਦ ਏ ਕੈਂਥ ਸਾਬ, ਪ੍ਰੀਤ ਬੰਗੜ ਯੂਕੇ ਲਵੀ ਜੋ ਸਮੇ ਸਮੇ ਤੇ ਬਹੁਤ ਸਹਿਯੋਗ ਦਿੰਦੇ ਹਨ ਤੇ ਆਸ ਕਰਦੀ ਹਾਂ ਕਿ ਰੱਬ ਵਰਗੇ ਸਰੋਤੇ ਇਸ ਟਰੈਕ ਨੂੰ ਮਾਣ ਸਤਿਕਾਰ ਦੇਣਗੇ।



# ਪ੍ਰਕਾਸ਼ ਪੁਰਬ ਮੌਕੇ ਕਰਵਾਇਆ ਸੰਤ ਸਮਾਗਮ



**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਪਿੰਡ ਬਖਲੌਰ ਵਿਖੇ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ 647ਵੇਂ ਆਗਮਨ ਪੁਰਬ ਨੂੰ ਮੁੱਖ ਰੱਖਦੇ ਹੋਏ ਸ਼੍ਰੀ ਗੁਰੂ ਰਵਿਦਾਸ ਮੰਦਰ ਪ੍ਰਬੰਧਕ ਕਮੇਟੀ, ਸਮੂੰਹ ਗ੍ਰਾਮ ਪੰਚਾਇਤ, ਨੌਜਵਾਨ ਪ੍ਰਭਾਤ ਫੇਰੀ ਸਭਾ, ਐਨਆਰਆਈ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮਨਾਇਆ ਗਿਆ।

ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਸਜਾਈ ਗਈ ਜੋ ਨੱਗਰ ਦੀ ਪ੍ਰਕਰਮਾ ਕਰਕੇ ਸਮਾਪਤ ਹੋਈ ਸ਼ੋਭਾ ਯਾਤਰਾ ਦੌਰਾਨ ਸੰਗਤਾਂ ਵਲੋ ਸਤਿਗੁਰ ਜੀ ਦੀ ਬਾਣੀ ਦਾ ਕੀਰਤਨ ਕੀਤਾ ਸੰਗਤਾਂ ਲਈ ਅਨੇਕਾਂ ਪ੍ਰਕਾਰ ਦੇ ਲੰਗਰ ਲਗਾਏ ਗਏ ਉਪਰੰਤ ਡਾ ਅੰਬੇਡਕਰ ਕਮਿਊਨਿਟੀ ਹਾਲ ਵਿੱਚ ਗਾਇਕ ਮਨੀ ਮਾਨ ਵਲੋਂ ਮਿਸ਼ਨਰੀ ਪ੍ਰੋਗਰਾਮ ਪੇਸ਼ ਕੀਤਾ। ਦੂਸਰੇ ਦਿਨ ਸ਼੍ਰੀ ਅੰਮ੍ਰਿਤਬਾਣੀ ਸਤਿਗੁਰ ਰਵਿਦਾਸ ਜੀ ਦੀ ਬਾਣੀ ਦੇ ਜਾਪ ਕੀਤੇ ਗਏ ਤੇ ਭਾਈ ਰੋਸ਼ਨ ਲਾਲ ਵਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਉਪਰੰਤ ਵਿਸ਼ਾਲ ਸੰਤ ਸਮਾਗਮ ਕਰਵਾਇਆ, ਜਿਸ ਵਿੱਚ ਡੇਰਾ ਸੱਚਖੰਡ ਬੱਲਾਂ ਤੋ ਮਹਾਂਪੁਰਸ਼ ਸੰਤ ਲੇਖ ਰਾਜ ਜੀ, ਸੰਤ ਸੁਖਵਿੰਦਰ ਦਾਸ, ਸੰਤ ਪ੍ਰੀਤਮ ਦਾਸ, ਸੰਤ ਮੰਗਲ ਦਾਸ, ਕੀਰਤਨੀ ਜਗਦੀਸ਼ ਮਾਡਵੀ ਆਦਿ ਨੇ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਬਾਣੀ ਨਾਲ ਕਥਾ, ਕੀਰਤਨ ਆਦਿ ਕਰਕੇ ਸਮਾਗਮ 'ਚ ਪੁੱਜੀਆਂ ਸੰਗਤਾਂ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਕਮੇਟੀ ਸਰਪੰਚ, ਬਿਮਲ ਕਿਸ਼ੋਰ ਤੇ ਕਮੇਟੀ ਪ੍ਰਧਾਨ ਪ੍ਰਦੀਪ ਕੁਮਾਰ ਚੁੰਬਰ ਨੇ ਸਾਰੀਆਂ ਦਾਨੀ ਸੰਗਤਾਂ ਦਾ ਧੰਨਵਾਦ ਤੇ ਸਨਮਾਨ ਕੀਤਾ ਤੇ ਪ੍ਰਕਾਸ਼ ਪੁਰਬ ਦੀ ਵਧਾਈ ਦਿਤੀ ਸੰਗਤ ਵਾਸਤੇ ਠੰਡੀ ਰਸ ਤੇ ਗੁਰੂ ਕੇ ਲੰਗਰ ਵਰਤਾਏ ਗਏ।

# ਸਰਬਜੀਤ ਵਿਰਕ ਗਲੋਬਲ ਰਵਿਦਾਸੀਆ ਵੈਲਫੇਅਰ ਆਰਗੇਨਾਈਜੇਸ਼ਨ ਇਟਲੀ ਦੇ ਪ੍ਰਧਾਨ ਨਿਯੁਕਤ

## ਵੱਖ-ਵੱਖ ਸ਼੍ਰੀ ਗੁਰੂ ਰਵਿਦਾਸ ਸਭਾਵਾਂ ਦੇ ਆਹੁਦੇਦਾਰਾਂ ਨੇ ਕੀਤਾ ਇਸ ਨਿਯੁਕਤੀ ਤੇ ਭਰਵਾ ਸਵਾਗਤ

**ਰੋਮ (ਇਟਲੀ), (ਟੇਕ ਚੰਦ ਜਗਤਪੁਰ)–** ਗਲੋਬਲ ਰਵਿਦਾਸੀਆਂ ਵੈਲਫੇਅਰ ਆਰਗੇਨਾਈਜੇਸ਼ਨ ਯੂਰਪ ਵਲੋ ਨਾਮਵਰ ਸਖਸ਼ੀਅਤ ਸਰਬਜੀਤ ਵਿਰਕ ਨੂੰ ਇਟਲੀ ਤੋਂ ਆਰਗੇਨਾਈਜੇਸ਼ਨ ਦੇ ਪ੍ਰਧਾਨ ਨਿਯੁਕਤ ਕੀਤਾ ਹੈ।ਸਰਬਜੀਤ ਵਿਰਕ ਜਿਥੇ ਲੰਮੇ ਸਮੇ ਤੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਭਾਰਤੀ ਸਵਿਧਾਨ ਦੇ ਨਿਰਮਾਤਾ ਡਾ ਬੀ ਆਰ ਅੰਬੇਡਕਰ ਸਾਹਿਬ ਜੀ ਦੀ ਵਿਚਾਰਧਾਰਾ ਦੇ ਪ੍ਰਸਾਰ ਅਤੇ ਪ੍ਰਚਾਰ ਹਿੱਤ ਆਪਣਾ ਪਾ ਰਹੇ ਹਨ। ਉਹ ਸ਼੍ਰੀ ਗੁਰੂ ਰਵਿਦਾਸ ਸਭਾ ਬਰੇਸ਼ੀਆਂ ਦੇ ਪ੍ਰਧਾਨ ਅਤੇ ਡਾ ਬੀ ਆਰ ਅੰਬੇਡਕਰ ਵੈਲਫੇਅਰ ਆਸ਼ੋਸੀਏਸ਼ਨ ਇਟਲੀ ਦੇ ਪ੍ਰਧਾਨ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ। ਇਹ ਨਿਯੁਕਤੀ ਸ਼੍ਰੀ ਕੇਸ਼ਵ ਢੰਡਾ ਚੇਅਰਮੈਨ ਰਵਿਦਾਸੀਆ ਵੈਲਫੇਅਰ ਆਰਗੇਨਾਈਜੇਸ਼ਨ ਯੂਰਪ ਨੇ ਮਨੈਰਵੀਓ ਵਿਖੇ ਵਿਸ਼ੇਸ਼ ਸਮਾਗਮ ਦੋਰਾਨ ਕੀਤੀ।ਇਸ ਨਿਯੁਕਤੀ ਉਪਰੰਤ ਸਰਬਜੀਤ ਵਿਰਕ ਨੇ ਕਿਹਾ ਕਿ ਉਹ ਬਿਨਾ ਕਿਸੇ ਸੁਆਰਥ , ਲੋਭ, ਲਾਲਚ ਤੋਂ ਉਪਰ ਉਠ ਕੇ ਤਨ, ਮਨ ਅਤੇ ਧਨ ਨਾਲ ਇਹ ਜਿੰਮੇਂਵਾਰੀ ਨਿਭਾਂਉਣਗੇ। ਇਟਲੀ ਦੀ ਲਗਭਗ 24 ਦੇ ਕਰੀਬ ਸ਼੍ਰੀ ਗੁਰੂ ਰਵਿਦਾਸ ਸਭਾਵਾਂ ਦਾ ਇਸ ਆਰਗੇਨਾਈਜ਼ੇਸਨ ਨੂੰ ਵੀ .ਪੂਰਾ ਸਹਿਯੋਗ ਰਹੇਗਾ। ਇਸ ਨਿਯੁਕਤੀ ਦਾ ਸਵਾਗਤ ਕਰਨ ਵਾਲਿਆਂ 'ਚ ਸ਼੍ਰੀ ਅਮਰੀਕ



ਲਾਲ ਦੋਲੀਕੇ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਟ੍ਰੈਪਲ ਬਰੇਸ਼ੀਆ, ਸ਼੍ਰੀ ਅਸ਼ੋਕ ਕੁਮਾਰ ਚੰਦੜ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਟ੍ਰੈਪਲ ਪਾਰਮਾ, ਸ਼੍ਰੀ ਅਸ਼ਵਨੀ ਕੁਮਾਰ ਪਧਾਨ ਕਰੇਮੋਨਾ, ਕਸ਼ਮੀਰ ਲਾਲ ਮਹਿੰਮੀ ਪ੍ਰਧਾਨ ਰਿਜੋਮਿਲੀਆ, ਸ਼ਿਵਦਿਆਲ ਪ੍ਰਧਾਨ ਮਾਨਤੋਵਾ, ਡਾ ਖੁਸ਼ੀ ਰਾਮ ਸੁੰਮਨ ਤਰਵੀਜੋ, ਪਰਮਜੀਤ ਮੱਲ ਪ੍ਰਧਾਨ ਵਿਚੈਸਾ, ਬੱਬੂ ਜਲੰਧਰੀਆ, ਪੰਮਾ ਲਧਾਣਾ, ਸੋਡੀ ਮੱਲ, ਕੈਲਾਸ਼ ਬੰਗੜ ਪ੍ਰਧਾਨ ਡਾ ਬੀ ਆਰ ਅੰਬੇਡਕਰ ਐਸੋਸ਼ੀਏਸ਼ਨ ਇਟਲੀ ਦੇ ਨਾਂਅ ਵਰਨਣਯੋਗ ਹਨ।

# ਬਾਬਾ ਸਾਹਿਬ ਡਾ ਅੰਬੇਡਕਰ ਜੀ ਅਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਬਸਪਾ ਆਗੂਆਂ ਵੱਲੋਂ ਮਨਾਇਆ ਗਿਆ



**ਬਰਨਾਲਾ (ਸਤਨਾਮ ਸਿੰਘ ਸਹੂੰਗੜਾ)–** ਅੱਜ ਪਿੰਡ ਫਰਵਾਹੀ ਜਿਲ੍ਹਾ ਬਰਨਾਲਾ ਵਿਖੇ ਕਿਰਤੀ ਲੋਕਾਂ ਦੀ ਅਵਾਜ ਬਸਪਾ ਦੀ ਦਮਦਾਰ ਆਗੂ ਭੈਣ ਰਾਣੀ ਕੌਰ ਫਰਵਾਹੀ ਦੀ ਅਗਵਾਈ ਵਿੱਚ ਬਾਬਾ ਸਾਹਿਬ ਡਾਕਟਰ ਅੰਬਦੇਕਰ ਕਲੱਬ ਫਰਵਾਹੀ ਵੱਲੋਂ ਬਾਬਾ ਸਾਹਿਬ ਡਾ:ਅੰਬਦੇਕਰ ਅਤੇ ਸਾਹਿਬ ਕਾਂਸੀ ਰਾਮ ਜੀ ਦਾ ਜਨਮ ਦਿਨ ਧੂਮਧਾਮ ਨਾਲ ਮਨਾਇਆਂ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸ੍ਰ: ਕਰਮਜੀਤ ਸਿੰਘ ਹਰੀਗੜ੍ਹ ਹੈਂਡ ਕਲੱਰਕ ਐਸ ਐਸ ਪੀ ਦਫ਼ਤਰ ਬਰਨਾਲਾ ਵੱਲੋ ਬਾਬਾ ਸਾਹਿਬ ਦੀ ਜੀਵਨ ਤੇ ਵਿਚਾਰ ਸਾਂਝੇ ਕੀਤੀ ਗਏ। ਪਹਿਲੀ ਕਲਾਂਸ ਤੋਂ ਪੰਜਵੀਂ ਕਲਾਂਸ ਦੇ ਬੱਚਿਆ ਨੂੰ ਜਿਹਨ੍ਹਾਂ ਨੇ ਪਹਿਲੀ, ਦੂਜੀ, ਤੀਜੀ, ਪੂਜੀਸ਼ਨ ਹਾਸ਼ਲ ਕੀਤੀ। ਇਨਾਮ, ਮੈਂਡਲ ਅਤੇ ਕਾਪੀਆ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਖੁਸੀਂ ਸਮੇਂ ਨਗਰ ਨਿਵਾਸੀ ਸੰਗਤਾਂ, ਸਾਬਕਾ ਸਰਪੰਚ ਸੂਬੇਦਾਰ ਕ੍ਰਿਪਾਲ ਸਿੰਘ ਫਰਵਾਹੀ, ਡਾਕਟਰ ਜੱਗਾ ਸਿੰਘ ਫਰਵਾਹੀ ਅਤੇ ਸਾਬਕਾ ਜਰਨਲ ਸਕੱਤਰ ਹਲਕਾਂ ਮਹਿਲ ਕਲਾਂ, ਗੁਰਜੀਤ ਸਿੰਘ ਮਾਹਮਦਪੁਰ, ਬਹਾਦਰ ਸਿੰਘ ਸਾਬਕਾ ਪ੍ਰਧਾਨ ਗੁਰੂ ਘਰ, ਨਰੰਗ ਸਿੰਘ ਸਾਬਕਾ ਪੰਚ ਮਾਹਮਦਪੁਰ, ਦਰਸਨ ਸਿੰਘ ਦਰਸੀ, ਰਾਜ ਸਿੰਘ, ਸੁਰਜੀਤ ਸਿੰਘ ਬਰਨਾਲਾ, ਅਮਰ ਸਿੰਘ ਖੁੱਡੀ, ਬੂਟਾ ਸਿੰਘ ਜੋਧਪੁਰ ਚੀਮਾਂ, ਜਨਕ ਸਿੰਘ ਬਦਰਾਂ ਸਮੇਤ ਵੱਡੀ ਗਿਣਤੀ ਵਿੱਚ ਸਾਥੀ ਸਾਮਲ ਹੋਏ।

ਅੰਤ ਵਿੱਚ ਕਲੱਬ ਵੱਲੋ ਸਾਰੇ ਸਾਥੀਆਂ ਨੂੰ ਸਿਰੋਪਾਓ ਪਾਕੇ ਮਾਨ ਸਤਿਕਾਰ ਕੀਤਾ ਗਿਆ।

# ਵਿਦਿਆਰਥੀਆਂ ਨੇ ਡਿਜ਼ੀਟਲ ਤਕਨੀਕ ਅਤੇ ਧਰਤੀ ਹੇਠਲੇ ਪਾਣੀ ਨੂੰ ਉੱਚੇ ਪੱਧਰ 'ਤੇ ਲਿਆਉਣ ਦੀ ਤਕਨੀਕ ਸਿੱਖੀ - ਜਫਤਾਰ ਅਹਿਮਦ


**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਕੇਸੀ ਪੌਲੀ-ਟੈਕਨਿਕ ਕਾਲਜ ਦੇ ਮਕੈਨੀਕਲ, ਸਿਵਲ, ਕੰਪਿਊਟਰ ਅਤੇ ਨੂੰ ਰਾਈਜਿੰਗ ਮੀਟਰ ਨਾਲ ਚੈਂਕ ਕੀਤਾ ਜਾਂਦਾ ਹੈ, ਜਿਸ ਤੋਂ ਬਾਅਦ ਇਸ ਨੂੰ ਬਾਹਰ ਕੱਢਿਆ ਜਾਂਦਾ ਹੈ। ਇਸਦੇ ਬਾਅਦ



ਇਲੈਕਟਰੀਕਲ ਵਿਭਾਗਾਂ ਦੇ 30 ਵਿਦਿਆਰਥੀਆਂ ਨੇ ਕਾਰਜਕਾਰੀ ਪ੍ਰਿੰਸੀਪਲ ਇੰਜ। ਜਫਤਾਰ ਅਹਿਮਦ ਦੀ ਦੇਖ-ਰੇਖ 'ਚ ਭੱਦੀ ਅਤੇ ਮੋਹਾਲੀ ਦਾ ਉਦਯੋਗਿਕ ਦੌਰਾ ਕੀਤਾ। ਉਨ੍ਹਾਂ ਦੇ ਨਾਲ ਇੰਜ। ਸੋਮ ਰਾਜ ਸ਼ਰਮਾ, ਇੰਜ। ਸੰਤੋਸ਼ ਕੁਮਾਰ, ਇੰਜ। ਦਵਿੰਦਰ ਸਿੰਘ ਅਤੇ ਡਰਾਈਵਰ ਜਗਦੀਸ਼ ਕੁਮਾਰ ਸੁੱਖਾ ਵੀ ਗਏ। ਇਹ ਦੌਰਾ ਇੰਜ। ਜਫਤਾਰ ਅਹਿਮਦ ਅਤੇ ਇੰਜ। ਅਲਕਾ ਭਾਰਦਵਾਜ ਵਲੋਂ ਰਵਾਨਾ ਕੀਤਾ ਗਿਆ। ਇੰਜ. ਸੋਮ ਰਾਜ ਸ਼ਰਮਾ ਨੇ ਦੱਸਿਆ ਕਿ ਵਿਦਿਆਰਥੀ ਪਹਿਲਾਂ ਬਲਾਚੌਰ ਦੇ ਨੇੜੇ ਭੱਦੀ ਲਿਫਟ ਇਰੀਗੇਸ਼ਨ ਸਕੀਮ ਅਧੀਨ ਚੱਲ ਰਹੇ ਪਾਣੀ ਨਾਲ ਸਬੰਧਤ ਪ੍ਰੋਜੈਕਟ ਦੇਖਣ ਗਏ, ਫਿਰ ਥਿੰਕ ਨੈਕਸਟ ਟੈਕਨਾਲੋਜੀ ਮੁਹਾਲੀ ਗਏ। ਭੱਦੀ ਦੇ ਸਾਈਟ ਇੰਜ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੰਪਾਂ ਅਤੇ ਹੋਰ ਉਪਕਰਨਾਂ ਰਾਹੀਂ ਪਾਣੀ ਹੇਠਲੇ ਪੱਧਰ ਤੋਂ ਉੱਚੇ ਪੱਧਰ ਤੱਕ ਲਿਆਂਦਾ ਜਾਂਦਾ ਹੈ। ਇਸ ਦੇ ਲਈ ਵੱਖ-ਵੱਖ ਟਰਾਂਸਫਾਰਮਰਾਂ, ਸੋਲਰ ਪੈਨਲਾਂ, ਮੋਟਰਾਂ, ਪੰਪਾਂ ਆਦਿ ਦੀ ਮਦਦ ਲਈ ਜਾਂਦੀ ਹੈ। ਇਸ ਤੋਂ ਪਹਿਲਾਂ, ਪਾਣੀ ਦੇ ਪੱਧਰ ਵਿਦਿਆਰਥੀ ਥਿੰਕ ਨੈਕਸਟ ਟੈਕਨੋਲੱਜੀ ਮੁਹਾਲੀ ਗਏ, ਉਥੇ ਰਿਸੋਰਸ ਪਰਸਨ ਮੁਨੀਸ਼ ਮਿੱਤਲ ਨੇ ਵਿਦਿਆਰਥੀਆਂ ਨੂੰ ਡਿਜੀਟਲ ਮਾਰਕੀਟਿੰਗ, ਵੈੱਬ ਡਿਜ਼ਾਈਨਿੰਗ, ਵੈੱਬ ਡਿਵੈਲਪਮੈਂਟ, ਪੀ।ਐਲ।ਸੀ।, ਸਕਾਡਾ ਸਲਿਊਸ਼ਨ, ਕੈਡ।, ਕੈਮ ਬਾਰੇ ਪ੍ਰੈਕਟੀਕਲੀ ਟ੍ਰੇਨਿੰਗ ਦਿੱਤੀ। ਮੁਨੀਸ਼ ਮਿੱਤਲ ਨੇ ਕਿਹਾ ਕਿ ਆਧੁਨਿਕ ਯੁੱਗ ਕੰਪਿਊਟਰ ਅਤੇ ਡਿਜੀਟਲ ਤਕਨੀਕ ਦਾ ਯੁੱਗ ਹੈ, ਇਸ ਲਈ ਸਾਨੂੰ ਇਸ ਨਾਲ ਅੱਗੇ ਵਧਣਾ ਚਾਹੀਦਾ ਹੈ। ਇਸ ਕਾਰਨ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਜਾਣਕਾਰੀ ਮਿਲੀ ਹੈ। ਵਿਦਿਆਰਥੀਆਂ ਨੇ ਆਪਣੇ ਕੋਰਸ ਨਾਲ ਸਬੰਧਤ ਸਵਾਲ-ਜਵਾਬ ਵੀ ਪੁੱਛੇ। ਇਸ ਵਿਜਿਟ ਨਾਲ ਵਿਦਿਆਰਥੀਆਂ ਨੇ ਕਾਫੀ ਤਕਨੀਕੀ ਗਿਆਨ ਹਾਸਿਲ ਕੀਤਾ ਹੈ। ਇੰਜ. ਜਫਤਾਰ ਅਹਿਮਦ ਨੇ ਕਿਹਾ ਕਿ ਅਜਿਹੇ ਵਿਜਿਟ ਭਵਿੱਖ 'ਚ ਵੀ ਜਾਰੀ ਰਹਿਣਗੇ। ਇਸ ਨਾਲ ਵਿਦਿਆਰਥੀ ਕੰਪਨੀ 'ਚ ਅਧਿਕਾਰੀਆਂ ਦੇ ਵਿਵਹਾਰ, ਉਨ੍ਹਾਂ ਦੀ ਸ਼ਖਸੀਅਤ ਅਤੇ ਕੰਮ ਕਰਨ ਦੇ ਢੰਗਾਂ ਬਾਰੇ ਨੇੜਿਓਂ ਜਾਣ ਸਕਦੇ ਹਨ।

# ਗਾਇਕਾ ਪ੍ਰੀਆ ਬੰਗਾ ਦਾ ਟਰੈਕ 'ਯੋਧੇ' ਜਲਦ ਹੋਵੇਗਾ ਰਿਲੀਜ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਮਿਸ਼ਨਰੀ ਗਾਇਕਾ ਪ੍ਰੀਆ ਬੰਗਾ ਜੋ ਇਸ ਸਮੇ ਵਿੱਚ ਇੰਗਲੈਂਡ ਗਏ ਹਨ ਉਨਾ ਵਲੋ ਭਾਰਤ ਰਤਨ ਡਾ ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਨ ਤੇ ਸਿੰਗਲ ਟਰੈਕ 'ਯੋਧੇ' ਤਿਆਰ ਕੀਤਾ ਹੈ ਇਸ ਟਰੈਕ ਸਬੰਧੀ ਗੱਲਬਾਤ ਕਰਦਿਆਂ ਪ੍ਰੀਆ ਬੰਗਾ ਨੇ ਦੱਸਿਆ ਕਿ ਇਸ ਟਰੈਕ ਨੂੰ ਸੁੱਖੀ ਜੀਵਨਪੁਰੀਏ ਨੇ ਕਲਮਬੱਧ ਕੀਤਾ ਹੈ ਇਸ ਟਰੈਕ ਦਾ ਸੰਗੀਤ ਬੀਟ ਬ੍ਰੇਕਰਜ ਨੇ ਕੀਤਾ ਇਸ ਦਾ ਵੀਡੀਓ ਐਨ ਬੀ ਸਾਬ ਨੇ ਕੀਤਾ ਇਸ ਟਰੈਕ ਨੂੰ ਸੰਗੀਤ ਜਗਤ ਦੀ




ਨਾਮਵਰ ਕੰਪਨੀ ਆਰ ਵੀ ਰਿਕਾਰਡ ਦੇ ਲੇਬਲ ਤਹਿਤ ਅਮਰਜੀਤ ਵਿਰਦੀ ਯੂਕੇ ਦੀ ਦੇਖਰੇਖ ਵਿੱਚ ਬਹੁਤ ਜਲਦ ਸਰੋਤਿਆ ਦੇ ਸਨਮੁੱਖ ਕਰ ਦਿਤੀ ਜਾਵੇਗੀ। ਇਸ ਮੌਕੇ ਪ੍ਰੀਆ ਬੰਗਾ ਨੇ ਆਖਿਆ ਕਿ ਜਿੰਨਾ ਮਹਾਨ ਰਹਿਬਰਾਂ ਨੇ ਸਾਡੇ ਸਮਾਜ ਨੂੰ ਕਾਮਯਾਬ ਕਰਨ ਲਈ ਆਪਣਾ ਜੀਵਨ ਇਸ ਕੌਮ ਲਈ ਕੁਰਬਾਨ ਕਰ ਦਿਤਾ ਸਾਡਾ ਫਰਜ ਏ ਕਿ ਉਹਨਾ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਉਣ ਲਈ ਵੱਧ ਤੋਂ ਵੱਧ ਆਪਣਾ ਸਹਿਯੋਗ ਦੇਈਏ ਤੇ ਆਸ ਕਰਦੇ ਹਾਂ ਕਿ ਇਸ ਟਰੈਕ ਨੂੰ ਜਰੂਰ ਪਸੰਦ ਕਰਨਗੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪਬਲਿਕ ਸੇਵਾ ਡੈਮੋਕ੍ਰੇਟਿਕ ਫਰੰਟ ਦੀ ਜਨਰਲ ਮੀਟਿੰਗ 'ਚ ਕਾਰਜਕਾਰਣੀ ਦਾ ਕੀਤਾ ਵਿਸਥਾਰ



**ਫਗਵਾੜਾ (ਬੀ.ਕੇ. ਰੱਤੂ)** ਪਬਲਿਕ ਸੇਵਾ ਡੈਮੋਕ੍ਰੇਟਿਕ ਫਰੰਟ ਦੀ ਜਨਰਲ ਮੀਟਿੰਗ ਜੱਥੇਬੰਦੀ ਦੇ ਪ੍ਰਧਾਨ ਜੱਥੇਦਾਰ ਬਹਾਦਰ ਸਿੰਘ ਸੰਗਤਪੁਰ ਦੀ ਅਗਵਾਈ ਹੇਠ ਸਿਟੀ ਹਾਰਟ ਰਿਜੋਰਟ ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਹੋਈ। ਜਿਸ ਵਿਚ ਜਥੇਬੰਦੀ ਦੇ ਚੇਅਰਮੈਨ ਜਥੇਦਾਰ ਸਰੂਪ ਸਿੰਘ ਖਲਵਾੜਾ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਦੌਰਾਨ ਪ੍ਰਧਾਨ ਬਹਾਦਰ ਸਿੰਘ ਸੰਗਤਪੁਰ ਨੇ ਸਮੂਹ ਮੈਂਬਰਾਂ ਦੀ ਸਹਿਮਤੀ ਨਾਲ ਕਾਰਜਾਕਰਣੀ ਦਾ ਵਿਸਥਾਰ ਕਰਦੇ ਹੋਏ ਸੁਖਵੀਰ ਸਿੰਘ ਰਿਟਾ। ਪੁਲਿਸ ਇੰਸਪੈਕਟਰ ਨੂੰ ਸਲਾਹਕਾਰ ਪ੍ਰਸ਼ਾਸਨਿਕ ਮਾਮਲੇ, ਰਿਟਾ. ਮਾਸਟਰ ਹੰਸਰਾਜ ਬੰਗੜ ਨੂੰ ਸਲਾਹਕਾਰ ਵਿਦਿਅਕ ਮਾਮਲੇ, ਡਾ. ਅਸ਼ੋਕ ਭਾਟੀਆ ਨੂੰ ਪੀ।ਆਰ।ਓ। ਅਤੇ ਅਮਰਜੀਤ ਕੌਰ ਨੂੰ ਮਹਿਲਾ ਵਿੰਗ ਦੀ ਸਰਪ੍ਰਸਤ ਐਲਾਨਿਆ ਗਿਆ। ਮੀਟਿੰਗ ਉਪਰੰਤ ਗੱਲਬਾਤ ਕਰਦਿਆਂ ਚੇਅਰਮੈਨ ਸਰੂਪ ਸਿੰਘ ਖਲਵਾੜਾ ਅਤੇ ਪ੍ਰਧਾਨ ਬਹਾਦਰ ਸਿੰਘ ਸੰਗਤਪੁਰ ਨੇ ਦੱਸਿਆ ਕਿ ਜਲਦੀ ਹੀ ਫਰੰਟ ਦਾ ਦਫਤਰ ਖੋਲ੍ਹਿਆ ਜਾਵੇਗਾ। ਉਹਨਾਂ ਪ੍ਰਾਈਵੇਟ ਸਕੂਲਾਂ ਅਤੇ ਪ੍ਰਾਈਵੇਟ ਹੱਸਪਤਾਲਾਂ ਨੂੰ ਤਾੜਨਾ ਕੀਤੀ ਕਿ ਕਿਸੇ ਤਰ੍ਹਾਂ ਦੀ ਲੁੱਟ ਨਾ ਮਚਾਈ ਜਾਵੇ ਅਤੇ ਨਾਲ ਹੀ ਪੰਜਾਬ ਸਰਕਾਰ ਤੋਂ ਵੀ ਮੰਗ ਕੀਤੀ ਕਿ ਨਵੇਂ ਵਿਦਿਅਕ ਸੈਸ਼ਨ ਨੂੰ ਦੇਖਦੇ ਹੋਏ ਪ੍ਰਾਈਵੇਟ ਸਕੂਲਾਂ ਦੀ ਧੱਕੇਸ਼ਾਹੀ ਤੇ ਕੜੀ ਨਜ਼ਰ ਰੱਖੀ ਜਾਵੇ। ਜੇਕਰ ਕੋਈ ਸਕੂਲ ਬੱਚਿਆਂ ਦੀਆਂ ਵਰਦੀਆਂ, ਕਿਤਾਬਾਂ ਸਕੂਲ ਤੋਂ ਹੀ ਖਰੀਦਣ ਲਈ ਮਜਬੂਰ ਕਰਦਾ ਹੈ ਜਾਂ ਸਲਾਨਾ ਫੀਸ ਦੇ ਨਾਮ ਤੇ ਲੁੱਟ ਕਰਦਾ ਹੈ ਤਾਂ ਉਸ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ। ਉਹਨਾਂ ਕਿਹਾ ਕਿ ਕੋਈ ਵੀ ਲੋੜਵੰਦ ਮੱਦਦ ਲਈ ਜੱਥੇਬੰਦੀ ਦੇ ਅਹੁਦੇਦਾਰਾਂ ਨਾਲ ਸੰਪਰਕ ਕਰ ਸਕਦਾ ਹੈ। ਇਸ ਮੌਕੇ ਮੀਤ ਪ੍ਰਧਾਨ ਪਰਮਿੰਦਰ ਸਿੰਘ ਜੰਡੂ, ਮਧੂ ਸੂਦਨ ਸਿੰਘ ਸੰਘਾ, ਪ੍ਰਕਾਸ਼ ਸਿੰਘ ਰਾਣੀਪੁਰ, ਜਸਪਾਲ ਸਿੰਘ ਗਿੱਲ, ਹਰਬਿਲਾਸ ਬਾਲੂ, ਸੁਖਬੀਰ ਕਿੰਨੜਾ, ਤਜਿੰਦਰ ਬਿੱਟਾ, ਸੁਰਿੰਦਰ ਸਿੰਘ ਦਰਵੇਸ਼ ਪਿੰਡ, ਮਾਸਟਰ ਰਾਮ ਲੁਭਾਇਆ, ਗੁਲਜਾਰ ਸਿੰਘ ਸਰਪੰਚ, ਨਿਰਮਲ ਸਿੰਘ ਗੂੜਾ, ਰਾਮਪਾਲ ਸਿੰਘ ਸੁਖਚੈਨ ਨਗਰ, ਰਛਪਾਲ ਸਿੰਘ ਰਾਠੌਰ, ਸੰਸਾਰ ਸਿੰਘ ਮਲਕਪੁਰ, ਮੱਖਣ ਸਿੰਘ, ਹਰਨੇਕ ਸਿੰਘ, ਝਿਰਮਲ ਸਿੰਘ ਭਿੰਡਰ, ਬਲਵੀਰ ਚੰਦ ਪੰਡੋਰੀ, ਹਜਾਰਾ ਸਿੰਘ ਮਲਕਪੁਰ, ਚਰਨ ਸਿੰਘ ਨਰੂੜ, ਕਸ਼ਮੀਰ ਸਿੰਘ ਦਰਵੇਸ਼ ਪਿੰਡ, ਬਾਬਾ ਗੋਨੀ ਜਗਤਪੁਰ, ਡਾ। ਧਰਮਪਾਲ ਆਦਿ ਹਾਜਰ ਸਨ।

# ਆਪ ਦੇ ਮੌਜੂਦਾ ਵਿਧਾਇਕ ਦੇ ਪਿਤਾ ਸੁਰਿੰਦਰ ਕੰਬੋਜ਼ ਹੋਣਗੇ ਫਿਰੋਜ਼ਪੁਰ ਤੋਂ ਬਸਪਾ ਉਮੀਦਵਾਰ - ਬੈਨੀਵਾਲ



**ਫਗਵਾੜਾ (ਬੀ.ਕੇ. ਰੱਤੂ)–** ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਜਾਰੀ ਪ੍ਰੈਸ ਨੋਟ ਵਿੱਚ ਕਿਹਾ ਗਿਆ ਕਿ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਹੁਕਮ ਅਨੁਸਾਰ ਅਤੇ ਪੰਜਾਬ ਹਰਿਆਣਾ ਚੰਡੀਗੜ੍ਹ ਦੇ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਨੀਵਾਲ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਬਸਪਾ ਦੇ ਲੋਕ ਸਭਾ ਫਿਰੋਜ਼ਪੁਰ ਤੋਂ ਉਮੀਦਵਾਰ ਸ਼੍ਰੀ ਸੁਰਿੰਦਰ ਕੰਬੋਜ ਜੀ ਹੋਣਗੇ। ਕੇਂਦਰੀ ਕੋਆਰਡੀਨੇਟਰ ਸ਼੍ਰੀ ਬੈਨੀਵਾਲ ਜੀ ਕਿਹਾ ਕਿ ਜਲਦ ਹੀ ਪੰਜਾਬ ਦੀਆਂ ਸਾਰੀਆਂ ਸੀਟਾਂ ਤੇ ਉਮੀਦਵਾਰ ਘੋਸ਼ਿਤ ਕਰ ਦਿੱਤੇ ਜਾਣਗੇ, ਸਾਰੇ ਉਮੀਦਵਾਰਾਂ ਦੇ ਪੈਨਲ ਤੇ ਅੰਤਿਮ ਫੈਂਸਲਾ ਭੈਣ ਕੁਮਾਰੀ ਮਾਇਆਵਤੀ ਜੀ ਵਲੋਂ ਲਿਆ ਜਾ ਰਿਹਾ ਹੈ। ਬਸਪਾ ਸੂਬਾ ਪ੍ਰਧਾਨ ਸ਼ ਜਸਵੀਰ ਸਿੰਘ ਗੜ੍ਹੀ ਨੇ ਜਾਣਕਾਰੀ ਦਿੰਦਿਆਂ ਕਿਹਾ ਰਾਜਨੀਤੀਕ ਪਿਛੋਕੜ ਨਾਲ ਸਬੰਧਿਤ ਸ਼੍ਰੀ ਸੁਰਿੰਦਰ ਕੰਬੋਜ਼ ਜੀ ਖੁਦ ਸਮਾਜਿਕ ਤੇ ਰਾਜਨੀਤਿਕ ਖੇਤਰ ਨਾਲ ਜੁੜੇ ਹੋਏ ਹਨ। ਸ਼੍ਰੀ ਕੰਬੋਜ਼ ਦਾ ਬੇਟਾ ਜਗਦੀਪ ਗੋਲਡੀ ਕੰਬੋਜ਼ ਜਲਾਲਾਬਾਦ ਵਿਧਾਨ ਸਭਾ ਤੋਂ ਆਮ ਆਦਮੀ ਪਾਰਟੀ ਦਾ ਮੌਜੂਦਾ ਵਿਧਾਇਕ ਹੈ। ਪੰਜਾਬ ਇੰਚਾਰਜ ਸ਼੍ਰੀ ਅਜੀਤ ਸਿੰਘ ਭੈਣੀ ਤੇ ਵਿਧਾਇਕ ਡਾ ਨਛੱਤਰ ਪਾਲ ਨੇ ਕਿਹਾ ਕਿ ਪੰਜਾਬ ਸਰਕਾਰ ਤੋਂ ਵਿਧਾਇਕ ਦੇ ਪਿਤਾ ਦਾ ਮੋਹ ਭੰਗ ਹੋ ਚੁੱਕਾ ਹੈ, ਆਮ ਲੋਕਾਂ ਦਾ ਕੀ ਹਾਲ ਹੋਵੇਗਾ ਇਹ ਲੋਕ ਸਭਾ ਚੋਣਾਂ ਦੇ ਨਤੀਜ਼ਿਆਂ ਚ ਸਪੱਸ਼ਟ ਹੋ ਜਾਵੇਗਾ।

# ਗਾਇਕਾ ਜੈਸਮੀਨ ਨੇ ਗਾਇਆ ਬਾਬਾ ਸਾਹਿਬ ਦੇ ਜਨਮ ਦਿਨ ਨੂੰ ਸਮਰਪਿਤ ਮਿਸ਼ਨਰੀ ਗੀਤ 'ਬਾਬਾ ਸਾਹਿਬ ਦੀ ਧੀ'




**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਤੇ ਬਾਬਾ ਸਾਹਿਬ ਨੂੰ ਸਮਰਪਿਤ ਇੱਕ ਬਿਲਕੁੱਲ ਵੱਖਰਾ ਗੀਤ 'ਬਾਬਾ ਸਾਹਿਬ ਦੀ ਧੀ' ਰਿਲੀਜ਼ ਕੀਤਾ ਗਿਆ। ਜਿਸ ਨੂੰ ਬਹੁਤ ਹੀ ਖੂਬਸੂਰਤ ਅਤੇ ਪਿਆਰੀ ਆਵਾਜ਼ ਜੈਸਮੀਨ ਨੇ ਗਾਇਆ ਹੈ ਹੈ । ਇਸ ਮਿਸ਼ਨਰੀ ਗੀਤ ਨੂੰ ਲਿਖਿਆ ਹੈ ਗੀਤਕਾਰ ਮਾਹਣੀ ਫਗਵਾੜੇ ਵਾਲੇ ਨੇ, ਮਿਊਜ਼ਿਕ ਕੀਤਾ ਹੈ ਅਮਰ ਦਾ ਮਿਊਜ਼ਿਕ ਮਿਰਰ ਨੇ। ਇਸ ਟਰੈਕ ਨੂੰ ਰਿਲੀਜ਼ ਰਾਜਾ ਬੀਟਸ ਯੂ ਐਸ ਏ ਨੇ ਕੀਤਾ ਹੈ ਅਤੇ ਇਸ ਦੇ ਪ੍ਰੋਡਿਊਸਰ ਰੋਹਨ ਹੀਰ ਇਟਲੀ ਹਨ। ਵੀਡੀਓ ਬਾਬਾ ਕਮਲ ਨੇ ਕੀਤੀ ਹੈ। ਉਮੀਦ ਹੈ ਤੁਸੀ ਤੁਸੀ ਇਸ ਗੀਤ ਨੂੰ ਪਸੰਦ ਕਰੋਗੇ ਤੇ ਪਿਆਰ ਦਿਓਗੇ।

# ਭਾਰਤੀਯ ਵਾਲਮੀਕਿ ਧਰਮ ਸਮਾਜ (ਰਜਿ.) ਸ਼ਾਖਾ ਧੀਣਾ, ਜਲੰਧਰ ਵਲੋਂ ਕਰਵਾਏ ਸਮਾਗਮ ਵਿੱਚ ਨਤਮਸਤਕ ਹੋਣ ਪੁੱਜੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ



**ਜਲੰਧਰ, ਫਿਲੌਰ, ਅੱਪਰਾ (ਜੱਸੀ)—** ਭਾਰਤੀਯ ਵਾਲਮੀਕਿ ਧਰਮ ਸਮਾਜ (ਰਜਿ.) ਸ਼ਾਖਾ ਧੀਣਾ, ਜਲੰਧਰ ਵਲੋਂ ਕਰਵਾਏ ਸਮਾਗਮ ਵਿੱਚ ਨਤਮਸਤਕ ਹੋਣ ਪੁੱਜੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ। ਇਸ ਸਮੇਂ ਉਨ੍ਹਾਂ ਨਾਲ ਸ. ਪ੍ਰਗਟ ਸਿੰਘ ਐੱਮ ਐੱਲ ਏ, ਸਾਬਕਾ ਐਸ ਐਸ ਪੀ ਰਜਿੰਦਰ ਸਿੰਘ ਹਲਕਾ ਇੰਚਾਰਜ ਕਰਤਾਰਪੁਰ, ਡਾ. ਨਵਜੋਤ ਦਾਹੀਆ ਹਲਕਾ ਇੰਚਾਰਜ ਨਕੋਦਰ, ਅੰਮ੍ਰਿਤਪਾਲ ਭੌਂਸਲੇ ਫਿਲੌਰ ਆਦਿ ਹੋਰ ਵੀ ਆਗੂ ਹਾਜ਼ਰ ਸਨ। ਇਸ ਮੌਕੇ ਸ. ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਅੱਜ ਜਲੰਧਰ ਵੈਸਟ ਵਿਖੇ ਕੌਂਸਲਰ ਸ੍ਰੀ ਅਨੀਤਾ ਅੰਗੁਰਾਲ ਤੇ ਬਲਵੀਰ ਅੰਗੁਰਾਲ ਦੀ ਰਿਹਾਇਸ਼ ਤੇ ਪਰਿਵਾਰਕ ਮਿਲਣੀ ਲਈ ਪੁੱਜੇ। ਇਸ ਸਮੇਂ ਉਨ੍ਹਾਂ ਨਾਲ ਅੰਮ੍ਰਿਤਪਾਲ ਭੌਂਸਲੇ ਫਿਲੌਰ, ਬਚਨ ਲਾਲ ਸਾਬਕਾ ਡਿਪਟੀ ਮੇਅਰ, ਅਨਮੋਲ ਗਰੋਵਰ,ਸੁਰਿੰਦਰ ਚੌਧਰੀ, ਪਵਨ ਕੁਮਾਰ ਕੌਂਸਲਰ, ਸਾਹਿਲ ਸਹਿਦੇਵ, ਨਵਦੀਪ ਜ਼ਰੇਵਾਲ, ਬਿਸ਼ੰਬਰ ਭਗਤ, ਕਰਨ ਸੁੰਮਨ, ਬੰਟੀ ਨੀਲ ਕੰਠ, ਲੁਭਾਇਆ ਰਾਮ ਥਾਪਾ, ਕਮਲ ਲੋਚ, ਧਵਲ ਖੰਨਾ, ਲਖਵੀਰ ਸਿੰਘ ਕੋਟਲੀ ਆਦਿ ਵੀ ਹਾਜ਼ਰ ਸਨ।

# ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀਆਂ 17ਵੀਆਂ ਜਥੇਬੰਦਕ ਚੋਣਾਂ ਦੌਰਾਨ ਕਰਨੈਲ ਫਿਲੌਰ ਨਿਰਵਿਰੋਧ ਜਿਲਾ ਪ੍ਰਧਾਨ ਚੁਣੇ ਗਏ

**ਜਲੰਧਰ, ਫਿਲੌਰ, ਅੱਪਰਾ (ਜੱਸੀ)–** ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀਆਂ 17ਵੀਆਂ ਜਥੇਬੰਦਕ ਚੋਣਾਂ ਲਈ ਨਿਯੁਕਤ ਰਿਟਰਨਿੰਗ ਅਫ਼ਸਰ ਤੀਰਥ ਸਿੰਘ ਬਾਸੀ ਅਤੇ ਸਹਾਇਕ ਰਿਟਰਨਿੰਗ ਅਫ਼ਸਰ ਬਲਜੀਤ ਸਿੰਘ ਕੁਲਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨਗੀ ਮੰਡਲ ਦੇ ਫੈਸਲੇ ਅਨੁਸਾਰ ਚੋਣਾਂ ਦੇ ਉਲੀਕੇ ਪ੍ਰੋਗਰਾਮ ਦੇ ਅਧੀਨ ਬਲਾਕ ਪ੍ਰਧਾਨ ਅਤੇ ਜ਼ਿਲ੍ਹਾ ਪ੍ਰਧਾਨ ਦੀਆਂ ਨਾਮਜਾਦਗੀਆਂ ਦੇਣ ਲਈ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਅਧਿਆਪਕਾਂ ਦਾ ਵੱਡਾ ਇਕੱਠ ਹੋਇਆ। ਨਾਮਜ਼ਦਗੀਆਂ ਲੈਣ ਤੋਂ ਬਾਅਦ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਤੀਰਥ ਸਿੰਘ ਬਾਸੀ ਅਤੇ ਬਲਜੀਤ ਸਿੰਘ ਕੁਲਾਰ ਨੇ ਦੱਸਿਆ ਕਿ ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਦੇ ਅਹੁਦੇ ਲਈ ਇੱਕੋ ਇੱਕੋ ਨਾਮਜ਼ਦਗੀ ਕਰਨੈਲ ਫਿਲੌਰ ਨੇ ਦਿੱਤੀ, ਹੋਰ ਕਿਸੇ ਨੇ ਵੀ ਜ਼ਿਲ੍ਹਾ ਪ੍ਰਧਾਨ ਲਈ ਨਾਮਜ਼ਦਗੀ ਦਰਜ ਨਹੀਂ ਕਰਵਾਈ।ਸੋ ਕਰਨੈਲ ਫਿਲੌਰ ਨੂੰ ਨਿਰ ਵਿਰੋਧ ਜ਼ਿਲ੍ਹਾ ਜਲੰਧਰ ਦਾ ਪ੍ਰਧਾਨ ਐਲਾਨਿਆ ਗਿਆ। ਬਲਾਕ ਪ੍ਰਧਾਨਾਂ ਦੀਆਂ ਨਾਮਜ਼ਦਗੀਆਂ ਵਿੱਚ ਗੁਰਾਇਆ 01 ਤੋਂ ਕੁਲਵੰਤ ਰਾਮ ਰੁੜਕਾ, ਗੁਰਾਇਆ 02 ਤੋ ਸੁਖਵਿੰਦਰ ਰਾਮ, ਫਿਲੌਰ ਤੋਂ ਕਵਿਸ਼ ਵਾਲੀਆ, ਨੂਰਮਹਿਲ ਤੋਂ ਸੰਦੀਪ ਕੁਮਾਰ ਰਾਜੋਵਾਲ, ਜਲੰਧਰ ਪੂਰਬੀ: 01ਤੋਂ ਜਤਿੰਦਰ ਸਿੰਘ, ਜਲੰਧਰ ਪੂਰਬੀ: 04 ਤੋਂ ਜਤਿੰਦਰ ਸਿੰਘ ਤੁਲੀ, ਜਲੰਧਰ ਪੱਛਮੀ:01ਤੋਂ ਹਰਵਿੰਦਰ ਸਿੰਘ, ਜਲੰਧਰ ਪੱਛਮੀ: 02 ਵਿਨੋਦ ਕੁਮਾਰ ਭੱਟੀ, ਨਕੋਦਰ 01 ਤੋਂ ਮੁਲਖ ਰਾਜ, ਨਕੋਦਰ 02 ਤੋਂ ਜਸਵੀਰ ਸਿੰਘ, ਸ਼ਾਹਕੋਟ: 01ਤੋਂ ਸੁਰੇਸ਼ ਕੁਮਾਰ ਸ਼ਾਹਕੋਟ:02 ਤੋਂ ਰਜਿੰਦਰ ਸਿੰਘ,ਅਲਾਵਲ ਪੁਰ ਤੋਂ ਰਕੇਸ਼ ਕੁਮਾਰ, ਭੋਗਪੁਰ ਤੋਂ ਰਜਿੰਦਰ ਸਿੰਘ, ਆਦਮਪੁਰ ਤੋਂ ਸ਼ਿਵ ਰਾਜ ਕੁਮਾਰ, ਕਰਤਾਰਪੁਰ ਤੋਂ ਬੇਅੰਤ ਕੌਰ ਆਦਿ ਨੇ ਬਤੌਰ ਬਲਾਕ ਪ੍ਰਧਾਨ ਸੇਵਾਵਾਂ ਨਿਭਾਉਣ ਲਈ ਨਾਮਜ਼ਦਗੀ ਪੱਤਰ ਸੌਂਪੇ। ਕਿਉਂਕਿ ਇਹਨਾਂ ਸਾਰੇ ਬਲਾਕਾਂ ਵਿੱਚੋਂ ਇੱਕ-ਇੱਕ ਨਾਮਜ਼ਦਗੀ ਹੋਣ ਕਾਰਨ ਅੱਜ ਹੀ ਸਮੂਹ ਬਲਾਕ ਪ੍ਰਧਾਨਾਂ ਨੂੰ ਨਿਰ ਵਿਰੋਧ ਚੁਣੇ ਗਏ ਐਲਾਨਿਆ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸਵਰਨ ਸਿੰਘ ਸੰਗਤਪੁਰ, ਗੁਰਮੇਲ ਸਿੰਘ ਪ੍ਰਧਾਨ 4161, ਦਵਿੰਦਰ ਸਿੰਘ ਥਿਆੜਾ, ਬਲਵੀਰ ਸਿੰਘ ਸ਼ਾਹਕੋਟ, ਅਕਲ ਚੰਦ ਸਿੰਘ, ਕੁਲਦੀਪ ਵਾਲੀਆ, ਮੰਗਤ ਰਾਮ ਸਮਰਾ, ਗਣੇਸ਼ ਭਗਤ, ਸੁਖਵਿੰਦਰ ਸਿੰਘ ਮੱਕੜ, ਗੁਰਮੇਲ ਸਿੰਘ, ਸਮਸ਼ੇਰ ਸਿੰਘ, (ਮੈਰੀਟੋਰੀਅਸ) ਬੂਟਾ ਰਾਮ ਅਕਲਪੁਰ, ਮਨੋਜ ਕੁਮਾਰ ਸਰੋਏ, ਲੇਖ ਰਾਜ ਪੰਜਾਬੀ, ਰਾਜ ਕੁਮਾਰ, ਬਖ਼ਸ਼ੀ ਰਾਮ, ਪਰੇਮ ਖਲਵਾੜਾ, ਰਣਜੀਤ ਸਿੰਘ, ਕਰਨੈਲ ਸਿੰਘ ਮਾਹਲਾਂ, ਹਰਦੀਪ ਕੁਮਾਰ, ਅਮਰਜੀਤ ਭਗਤ, ਵੇਦ ਰਾਜ, ਰਣਜੀਤ ਸਿੰਘ ਠਾਕੁਰ, ਬਲਵੀਰ ਭਗਤ, ਰਣਜੀਤ ਠਾਕੁਰ, ਗੁਰਿੰਦਰ ਸਿੰਘ, ਅਨਿਲ ਸ਼ਰਮਾ, ਸੰਦੀਪ ਸਿੰਘ ਜੋਗਿੰਦਰ ਸਿੰਘ ਜੋਗੀ ਕੁਲਦੀਪ ਸਿੰਘ ਕੌੜਾ, ਕਮਲਦੀਪ ਸ਼ਰਮਾਂ, ਰਕੇਸ਼ ਕੁਮਾਰ, ਦੀਪਕ ਕੁਮਾਰ, ਜਤਿੰਦਰ ਕੁਮਾਰ, ਪਰਦੀਪ ਕੁਮਾਰ, ਰਘੁਜੀਤ ਸਿੰਘ,ਰਘੁਵੀਰ ਪਾਲ, ਜਸਵੀਰ ਸਿੰਘ, ਵਿਕਾਸ ਮੋਹਨ ਹਰਦੀਪ ਕੁਮਾਰ, ਵਿਜੇ ਕੁਮਾਰ, ਰਮਨ ਕੁਮਾਰ, ਪਰਵੀਨ ਕੁਮਾਰ ਅਲਾਵਲਪੁਰ, ਸੁਰਿੰਦਰ ਵਿੱਗ, ਹਰਿਬਲਾਸ ਆਦਿ ਸਾਥੀ ਹਾਜ਼ਰ ਸਨ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਅੰਬੇਦਕਰ ਜਯੰਤੀ ਲਈ ਵਿਸ਼ੇਸ਼ ਲੇਖ

# ਮਨੁੱਖੀ ਹੱਕਾਂ ਦੀ ਵਕਾਲਤ ਕਰਨ ਵਾਲਾ ਮਹਾਂ ਨਾਇਕ



ਪ੍ਰੋਫੈਸਰ ਮਨਜੀਤ ਤਿਆਗੀ
'ਸਟੇਟ ਐਵਾਰਡੀ'
9814096108

ਯੁੱਗ ਪੁਰਸ਼ ਭਾਰਤ ਰਤਨ ਡਾ. ਬੀ. ਆਰ. ਅੰਬੇਦਕਰ ਦਾ ਨਾਂ ਆਉਂਦਿਆਂ ਹੀ ਮਸਤਕ ਆਦਰ ਸਤਿਕਾਰ ਨਾਲ ਝੁੱਕ ਜਾਂਦਾ ਹੈ ਤੇ ਸਿਰ ਮਾਣ ਨਾਲ ਉੱਚਾ ਹੋ ਉੱਠਦਾ ਹੈ। ਡਾਕਟਰ ਅੰਬੇਦਕਰ ਨੂੰ ਮਹਿਜ਼ ਦਲਿਤਾਂ ਦਾ ਮਸੀਹਾ ਜਾਂ ਨਾਇਕ ਦੇ ਤੌਰ 'ਤੇ ਹੀ ਨਹੀਂ ਜਾਣਿਆ ਜਾਂਦਾ ਸਗੋ ਭਾਰਤੀ ਸਵਿੰਧਾਨ ਦੇ ਨਿਰਮਾਤਾ ਤੇ ਇੱਕ ਮਹਾਨ ਚਿੰਤਕ ਵਜੋਂ ਵੀ ਸਤਿਕਾਰਿਆ ਜਾਂਦਾ ਹੈ। ਉਨ੍ਹਾਂ ਨੇ ਆਪਣੀ ਤੀਖਣ ਬੁੱਧੀ, ਵਿਚਾਰਾਂ ਤੇ ਤਰਕ ਸ਼ਕਤੀ ਨਾਲ ਵੱਡੇ-ਵੱਡੇ ਲੀਡਰਾਂ ਨੂੰ ਧੂੜ ਚਟਾਈ। ਉਹ ਇਕ ਨਾਮ ਹੀ ਨਹੀਂ, ਇਕ ਯੁੱਗ ਹੈ, ਇਕ ਚਿੰਨ ਹੈ ਵਿਦਰੋਹ ਦਾ ਜੋ ਸਾਰੀ ਉਮਰ ਦਲਿਤਾਂ ਦੇ ਹੱਕਾਂ ਲਈ ਜੂਝਦਾ ਰਿਹਾ। ਜੋ ਬੇ-ਸਹਾਰਿਆਂ ਦਾ ਸਹਾਰਾ ਬਣਿਆ। ਨਿਤਾਣਿਆਂ ਦਾ ਤਾਣ ਤੇ ਵਿਰੋਧੀਆਂ ਲਈ ਤੂਫ਼ਾਨ, ਇਕ ਅਜਿਹਾ ਤੂਫ਼ਾਨ ਜਿਸਨੇ ਸਮਾਜ ਦੀਆਂ ਬੇ-ਇਨਸਾਫੀਆਂ ਬਰਦਾਸ਼ਤ ਨਾ ਕੀਤੀਆਂ। ਇਕ ਅਜਿਹਾ ਚਾਨਣ ਮੁਨਾਰਾ ਜਿਸਨੇ ਡਿੱਗੇ ਲੋਕਾਂ ਨੂੰ ਗਿਆਨ ਦੀ ਰੌਸ਼ਨੀ ਦੇ ਕੇ ਆਪਣੇ ਹੱਕਾਂ ਦੀ ਲੜਾਈ ਲੜਨ ਲਈ ਹਲੂਣਿਆ। ਉਹ ਖੁੱਲ੍ਹੇ ਵਿਚਾਰਾਂ ਵਾਲੇ, ਧੁਰ ਅੰਦਰ ਤੱਕ ਲੋਕਤੰਤਰ ਪੱਖੀ ਸੋਚ ਅਤੇ ਅਮਲਾਂ ਵਾਲੇ ਅਜਿਹੇ ਇਨਸਾਨ ਸਨ ਜਿਸ ਨੇ ਨਿਆਂ, ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਹੱਲਾਸ਼ੇਰੀ ਦਿੱਤੀ। ਉਹ ਵਿਹਾਰਕ ਤੇ ਸਮਾਜਿਕ ਨਿਆਂ ਵਿੱਚ ਵਿਸ਼ਵਾਸ ਰੱਖਦੇ ਸਨ।

ਉਂਝ ਤਾਂ ਸੰਸਾਰ ਦੇ ਸਭ ਹਿੱਸਿਆਂ 'ਚ ਹੀ ਅਜਿਹੀਆਂ ਜਾਤਾਂ ਮੌਜੂਦ ਹਨ, ਜਿੰਨਾਂ ਨੂੰ ਨੀਵੇਂ ਕਿਹਾ ਜਾਂਦਾ ਹੈ, ਪਰ ਭਾਰਤ 'ਚ ਅਛੂਤ ਕਹੇ ਜਾਣ ਵਾਲੇ ਅਨੇਕਾਂ ਸਦੀਆਂ ਤੋਂ ਹੀ ਜਿਆਦਤੀਆਂ ਦਾ ਸ਼ਿਕਾਰ ਹੁੰਦੇ ਆਏ ਹਨ। ਅਛੂਤ ਦੀ ਆਵਾਜ਼, ਛੋਹ ਤੇ ਪਰਛਾਵਾਂ ਤੱਕ ਦੂਜਿਆਂ ਲਈ ਮਾੜੇ ਸਮਝੇ ਜਾਂਦੇ ਸਨ। ਉਨ੍ਹਾਂ ਦੇ ਸਿਰਫ਼ ਫ਼ਰਜ਼ ਹੀ ਸਨ ਹੱਕ ਨਹੀ। ਇਨਸਾਨ ਹੋ ਕੇ ਵੀ ਉਹ ਪਸ਼ੂਆਂ ਤੋਂ ਭੈੜਾ ਜੀਵਨ ਬਤੀਤ ਕਰਦੇ ਸਨ। ਅਨਪੜ੍ਹਤਾ, ਗੁਲਾਮੀ, ਪੱਛੜਾਪਣ ਤੇ ਭੁੱਖ-ਨੰਗ ਜਿੰਨ੍ਹਾਂ ਦੇ ਵਿਸ਼ੇਸ਼ ਲੱਛਣ ਸਨ। ਕੁੱਝ ਅਜਿਹੇ ਹੀ ਧੁੰਦਲੇਪਣ 'ਚ 14 ਅਪ੍ਰੈਲ 1891 ਨੂੰ ਮੱਧ ਪ੍ਰਦੇਸ਼ ਦੇ ਮਹੂ ਕਸਬੇ ਦੀ ਮਿਲਟਰੀ ਛਾਉਣੀ ਵਿਖੇ 'ਅੰਬੇਡਕਰ ਰੂਪੀ ਸੂਰਜ' ਪ੍ਰਕਾਸ਼ਮਾਨ ਹੋਇਆ, ਜਿਸ ਦੇ ਸੰਘਰਸ਼ਾਂ ਤੇ ਜੱਦੋ-ਜਹਿਦ ਨਾਲ ਇਹ ਧੁੰਦ ਥੋੜ੍ਹੀ-ਥੋੜ੍ਹੀ ਛਟਣੀ ਸ਼ੁਰੂ ਹੋ ਗਈ। ਡਾ. ਅੰਬੇਡਕਰ ਦੇ ਪਿਤਾ ਸੂਬੇਦਾਰ ਰਾਮਜੀ ਮਾਲੋਜੀ ਸਕਪਾਲ 'ਬ੍ਰਿਟਿਸ਼ ਇੰਡੀਅਨ ਆਰਮੀ 'ਚ ਨੌਕਰੀ ਕਰਦੇ ਸਨ ਤੇ ਮਾਤਾ ਭੀਮਾ ਬਾਈ ਬੜੀ ਨੇਕ ਤੇ ਸਮਝਦਾਰ ਇਸਤਰੀ ਸੀ। ਉਹ ਮਹਾਰ ਜਾਤੀ ਨਾਲ ਸੰਬੰਧ ਰੱਖਦੇ ਸਨ। ਭੀਮ ਰਾਓ ਅੰਬੇਦਕਰ ਦਾ ਉਪਨਾਮ ਸਕਪਾਲ ਸੀ ਪਰ ਉਨ੍ਹਾਂ ਦੇ ਪਿਤਾ ਜੀ ਨੇ ਸਕੂਲ ਦੇ ਰਜਿਸਟਰ 'ਚ 'ਅੰਬਾਡਵੇਕਰ' ਦਰਜ ਕਰਵਾਇਆਂ। ਮਰਾਠੀ ਲੋਕ ਆਪਣਾ ਉਪਨਾਮ ਬਣਾਉਣ ਲਈ ਆਪਣੇ ਪਿੰਡ ਦੇ ਨਾਂ ਪਿੱਛੇ 'ਕਰ' ਸ਼ਬਦ ਲਾ ਲੈਂਦੇ ਸਨ ਕਿਉਂਕਿ ਭੀਮ ਦਾ ਜੱਦੀ ਪਿੰਡ ਅੰਬਾਡਵੇ ਸੀ, ਇਸ ਲਈ ਪਿੰਡ ਦੇ ਨਾਂ ਪਿੱਛੇ 'ਕਰ' ਸ਼ਬਦ ਲੱਗਣ ਨਾਲ ਭੀਮ ਦਾ ਉਪ-ਨਾਮ ਅੰਬਾਡਵੇਕਰ ਬਣ ਗਿਆ।ਬਾਅਦ ਵਿੱਚ ਉਨ੍ਹਾਂ ਦੇ ਇਕ ਬ੍ਰਹਾਮਣ ਅਧਿਆਪਕ ਨੇ ਅੰਬਾਡਵੇਕਰ ਤੋਂ ਬਦਲ ਕੇ ਅੰਬੇਦਕਰ ਕਰ ਦਿੱਤਾ ਤਾਂ ਕਿ ਨਾਮ ਦੇ ਉਚਾਰਨ 'ਚ ਸੌਖ ਰਹੇ । 17 ਸਾਲਾਂ ਦੀ ਉਮਰ 'ਚ ਇਨ੍ਹਾਂ ਦਾ ਵਿਆਹ ਰਾਮਾ ਬਾਈ ਨਾਲ ਹੋ ਗਿਆ, ਉਦੋਂ ਰਾਮਾ ਬਾਈ ਦੀ ਉਮਰ ਸਿਰਫ਼ 9 ਸਾਲ ਸੀ।

ਅਛੂਤ ਹੋਣ ਕਰਕੇ ਭੀਮ ਰਾਓ ਅੰਬੇਡਕਰ ਨੂੰ ਬਾਕੀ ਵਿਦਿਆਰਥੀਆਂ ਤੋਂ ਅਲੱਗ ਬੈਠਣਾ ਪੈਂਦਾ ਸੀ। ਕ੍ਰਿਕਟ ਦਾ ਸ਼ੌਕ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਦੂਜੇ ਵਿਦਿਆਰਥੀਆਂ ਨਾਲ ਖੇਡਣ ਦੀ ਆਗਿਆ ਨਹੀਂ ਸੀ। ਇਕ ਵਾਰ ਖੂਹ ਤੋਂ ਪਾਣੀ ਪੀ ਲੈਣ ਕਾਰਨ ਭੀਮ ਨੂੰ ਲੋਕਾਂ ਨੇ ਬੇ-ਰਹਿਮੀ ਨਾਲ ਕੁੱਟਿਆ। ਇਸ ਤਰ੍ਹਾਂ ਬਚਪਨ ਤੋਂ ਹੀ ਅੰਬੇਡਕਰ ਸਾਹਿਬ ਨੂੰ ਬੇਇਜ਼ਤ ਹੋਣਾ ਪਿਆ। ਪਰ ਉਨ੍ਹਾਂ ਨੇ ਹਿੰਮਤ ਨਾ ਹਾਰੀ। 1907 'ਚ ਕਿਸੇ ਅਛੂਤ ਵੱਲੋਂ ਮੈਟ੍ਰਿਕ ਪਾਸ ਕਰ ਲੈਣਾ ਕਿਸੇ ਅਜੂਬੇ ਤੋਂ ਘੱਟ ਨਹੀ ਸੀ। ਘਰ ਦੀ ਆਰਥਿਕ ਹਾਲਤ ਕਮਜ਼ੋਰ ਹੋਣ ਦੇ ਬਾਵਜੂਦ ਉਨ੍ਹਾਂ ਨੇ ਮੁੰਬਈ ਦੇ ਐਲਿਫ਼ਸਟੋਨ ਕਾਲਜ਼ ਤੋਂ ਬੀ. ਏ. ਪਾਸ ਕਰ ਲਈ। ਬੜੋਦਾ ਰਿਆਸਤ ਦੇ ਮਹਾਰਾਜਾ ਨੇ 1913 'ਚ ਕੁੱਝ ਲੜਕਿਆਂ ਨੂੰ ਉੱਚ ਵਿੱਦਿਆ ਹਾਸਲ ਕਰਨ ਲਈ ਅਮਰੀਕਾ ਭੇਜਿਆ, ਜਿਨਾਂ 'ਚ ਭੀਮ ਰਾਓ ਅੰਬੇਡਕਰ ਵੀ ਸਨ। ਭਾਰਤ ਦੇ ਪਹਿਲੀ ਕਤਾਰ ਦੇ ਨੇਤਾਵਾਂ ਵਿਚੋਂ ਅੰਬੇਦਕਰ ਪਹਿਲਾ ਸੀ ਜੋ ਲਿੰਕਨ ਅਤੇ ਵਾਸ਼ਿੰਗਟਨ ਦੇ ਦੇਸ਼ ਪੜ੍ਹਨ ਜਾ ਰਿਹਾ ਸੀ। ਅਮਰੀਕਾ ਵਿਚਲੀ ਜ਼ਿੰਦਗੀ ਅਨੋਖੀ ਸੀ ਅਤੇ ਅੰਬੇਦਕਰ ਨੂੰ ਨਿਊਯਾਰਕ ਵਿਚ ਕਈ ਨਵੇਂ ਤਜਰਬੇ ਹੋਏ। ਹੋਰ ਵਿਦਿਆਰਥੀਆਂ ਅਤੇ ਸਹਿਪਾਠੀਆਂ ਨਾਲ ਉਹ ਆਜ਼ਾਦੀ ਨਾਲ ਫਿਰ ਤੁਰ ਸਕਦਾ ਸੀ। ਉਹ ਪੜ੍ਹ ਸਕਦਾ, ਲਿਖ ਸਕਦਾ, ਤੁਰ ਸਕਦਾ, ਨਹਾ ਸਕਦਾ ਅਤੇ ਬਰਾਬਰੀ ਦੀ ਭਾਵਨਾ ਨਾਲ ਆਰਾਮ ਕਰ ਸਕਦਾ ਸੀ।ਵੇਲੇ ਸਿਰ ਰੋਟੀ, ਕੱਪੜੇ ਵਿਛੇ ਮੇਜ਼ ਤੇ ਖਾਣਾ ਅਤੇ ਉਹ ਵੀ ਛੋਟੇ ਰੁਮਾਲਾਂ ਨਾਲ। ਉਹਦੇ ਵਾਸਤੇ ਤਾਂ ਕੋਲੰਬੀਆਂ ਵਿਸ਼ਵ-ਵਿਦਿਆਲੇ ਦਾ ਜੀਵਨ ਬਿਲਕੁਲ ਨਵੀਂ ਗੱਲ ਸੀ।ਇਹ ਤਾਂ ਦੁਨੀਆਂ ਹੀਂ ਨਵੀਂ ਸੀ।ਇਸ ਨਾਲ ਉਸ ਦਾ ਮਾਨਸਿਕ ਦਿਸਹੱਦਾ ਚੌੜੇਰਾ ਹੋਇਆ। ਇਕ ਨਵੀਂ ਤਰ੍ਹਾਂ ਦੀ ਹੋਂਦ ਸ਼ੁਰੂ ਹੋਈ।ਉਸ ਦੀ ਜ਼ਿੰਦਗੀ ਵਿਚ ਨਵੇਂ ਅਰਥਾਂ ਦੀ ਰੌਸ਼ਨੀ ਦਾ ਸੰਚਾਰ ਹੋਇਆ।

1915 'ਚ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਤੋਂ ਆਪ ਨੇ ਐਮ. ਏ. ਦੀ ਡਿਗਰੀ ਪ੍ਰਾਪਤ ਕਰ ਲਈ। ਅਮਰੀਕਾ ਦੇ ਆਜ਼ਾਦ, ਖੁਸ਼ਹਾਲ ਤੇ ਖੁੱਲ ਭਰੇ ਵਾਤਾਵਰਣ ਨੂੰ ਵੇਖ ਕੇ ਅੰਬੇਡਕਰ ਦਾ ਦਿਲ ਤੰਗੀਆਂ-ਤੁਰਸ਼ੀਆਂ ਸਹਿੰਦੇ, ਗੁਲਾਮੀਆਂ ਹੰਢਾਉਂਦੇ ਅਛੂਤ ਭਰਾਵਾਂ ਲਈ ਤੜਪ ਉੱਠਿਆ। ਮਈ 1916 'ਚ ਕੋਲੰਬੀਆ ਯੂਨਿਵਰਸਿਟੀ 'ਚ ਜਾਤ ਪਾਤ ਦੀ ਉਤਪਤੀ, ਬਣਤਰ ਅਤੇ ਵਿਕਾਸ ਦੇ ਵਿਸ਼ੇ 'ਤੇ ਲੰਬਾ ਲੇਖ ਲਿਖਿਆ ਤਾਂ ਉਨ੍ਹਾਂ ਨੇ 'ਨੇਸ਼ਨਲ ਡਿਵੀਡੈਂਡ ਆਫ਼ ਇੰਡੀਆ' ਥੀਸਸ ਲਿਖਿਆ, ਜਿਸ ਨਾਲ ਉਨ੍ਹਾਂ ਨੇ ਪੀ.ਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਇਸ ਤਰ੍ਹਾਂ ਉਹ ਭੀਮ ਰਾਓ ਤੋਂ ਡਾ. ਭੀਮ ਰਾਓ ਅੰਬੇਡਕਰ ਬਣ ਗਏ। ਇੰਨੀਆਂ ਡਿਗਰੀਆਂ ਪ੍ਰਾਪਤ ਕਰਨ ਦੇ ਬਾਵਜ਼ੂਦ ਵੀ ਡਾ. ਅੰਬੇਡਕਰ ਦੀ ਜਗਿਆਸੂ ਬਿਰਤੀ ਤ੍ਰਿਪਤ ਨਹੀਂ ਹੋਈ ਸੀ, ਉਹ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਪੈਸਾ ਇੱਕਠਾ ਕਰਕੇ ਲੰਡਨ ਜਾ ਕੇ ਕਾਨੂੰਨ ਤੇ ਅਰਥ-ਸ਼ਾਸ਼ਤਰ ਦੀ ਵਿਚਕਾਰ ਛੱਡੀ ਪੜ੍ਹਾਈ ਮੁੰਕਮਲ ਕੀਤੀ ਜਾਵੇ। ਇਸ ਲਈ ਉਨ੍ਹਾਂ ਨੇ ਮੁੰਬਈ ਦੇ ਇਕ ਕਾਲਜ ਅੰਦਰ ਪ੍ਰੋਫ਼ੈਸਰੀ ਕਬੂਲ ਕੀਤੀ। ਇੱਥੇ ਕੁੱਝ ਗੁਜਰਾਤੀ ਪ੍ਰੋਫ਼ੈਸਰਾਂ ਨੇ ਡਾ. ਸ਼ਾਹਿਬ ਦੇ ਸਾਂਝੇ ਘੜੇ ਚੋਂ ਪਾਣੀ ਪੀਣ ਤੇ ਇਤਰਾਜ਼ ਕੀਤਾ। ਇਸ ਅਪਮਾਨ ਦੇ ਬਾਵਜ਼ੂਦ ਵੀ ਉਹ ਸਮਾਜਿਕ ਕੋੜ੍ਹ ਦੇ ਖ਼ਿਲਾਫ ਆਪਣੀ ਦੱਬੀ-ਕੁਚਲੀ ਕੌਮ ਨੂੰ ਜਗਾਉਣ ਲਈ ਸਿਰ-ਤੋੜ ਯਤਨ ਕਰਦੇ ਰਹੇ। ਉਹ ਚਾਹੁੰਦੇ ਸਨ ਕਿ ਇਸ ਔਖੇ ਕਾਰਜ ਲਈ ਆਪਣਾ ਅਖ਼ਬਾਰ ਵੀ ਹੋਣਾ ਚਾਹੀਦਾ ਹੈ। ਇਸ ਲਈ ਉਨ੍ਹਾਂ ਨੇ ਦਲਿਤ ਹੱਕਾਂ ਦੀ ਰੱਖਿਆ ਲਈ ਮੂਕ ਨਾਇਕ (1920), ਬਹਿਸ਼ਿਕ੍ਰਿਤ ਭਾਰਤ (1924), ਸਮਤਾ(1928), ਜਨਤਾ(1930), ਅਤੇ ਪ੍ਰਬੁੱਧਾ ਭਾਰਤ (1956), ਨਾਂ ਦੇ ਅਖ਼ਬਾਰ ਵੀ ਪ੍ਰਕਾਸ਼ਿਤ ਕੀਤੇ। 1920 'ਚ ਉਹ ਅਗਲੇਰੀ ਪੜ੍ਹਾਈ ਲਈ ਲੰਡਨ ਚਲੇ ਗਏ ਪਰ ਉੱਥੇ ਜਾ ਕੇ ਵੀ ਆਪਣੇ ਜ਼ਿੰਦਗੀ ਦੇ ਮਿਸ਼ਨ ਨੂੰ ਨਹੀ ਭੁੱਲੇ। 1923 'ਚ ਆਪ ਲੰਡਨ ਤੋਂ ਬੈਰਿਸਟਰ ਤੇ ਡਾਕਟਰ ਆਫ਼ ਫ਼ਿਲਾਸਫ਼ੀ ਬਣਕੇ ਪਰਤੇ। ਡਾਕਟਰ ਅੰਬੇਡਕਰ ਸਾਹਿਬ ਦੀ ਸ਼ਖ਼ਸੀਅਤ ਇਕ ਦਰਿਆ ਵਰਗੀ ਸੀ। ਜਿਸ 'ਚ ਨਿੱਤ ਨਵਾਂ ਵਿਕਾਸ ਹੁੰਦਾ ਰਿਹਾ।ਉਨ੍ਹਾਂ ਦਾ ਵਿਚਾਰ ਸੀ ਕਿ ਗ਼ਲਾਮਾਂ ਨੂੰ ਦੱਸ ਦਿਓ ਕਿ ਉਹ ਗੁਲਾਮ ਹਨ, ਫਿਰ ਉਹ ਆਪ ਹੀ ਬਗਾਵਤ ਕਰ ਦੇਣਗੇ। ਸਦੀਆਂ ਤੋਂ ਜ਼ੁਲਮ ਦੀ ਚੱਕੀ 'ਚ ਪਿਸ ਰਹੇ ਲੋਕਾਂ ਨੂੰ ਉਨ੍ਹਾਂ ਸੁਨੇਹਾ ਦਿੱਤਾ ਕਿ ਜੇਕਰ ਉਹ ਇੱਜ਼ਤ ਦਾ ਜੀਵਨ ਜੀਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਆਤਮ ਸਹਾਇਤਾ 'ਤੇ ਭਰੋਸਾ ਕਰਨਾ ਹੋਵੇਗਾ। ਆਪਣੀਆਂ ਗੁਲਾਮੀ ਦੀਆਂ ਜ਼ੰਜ਼ੀਰਾਂ ਨੂੰ ਆਪ ਤੋੜ੍ਹਨਾ ਚਾਹੀਦਾ ਹੈ ਤੇ ਬੇਇੱਜ਼ਤ ਰਹਿ ਕੇ ਜੀਣਾ ਬੇਕਾਰ ਹੈ। ਡਾ. ਅੰਬੇਡਕਰ ਸਾਹਿਬ ਦੀਆਂ ਤਕਰੀਰਾਂ ਨੇ ਲੋਕਾਂ ਨੂੰ ਧੁਰ ਅੰਦਰ ਤੱਕ ਹਲੂਣ ਦਿੱਤਾ ਤੇ ਉਹ ਗੁਲਾਮੀ ਵਿਰੋਧੀ ਕਾਫ਼ਲੇ 'ਚ ਸ਼ਾਮਲ ਹੋ ਕੇ ਤੁਰਨ ਲੱਗੇ। ਇੱਕ ਵਕੀਲ ਦੇ ਤੌਰ 'ਤੇ ਗਰੀਬਾਂ ਦੇ ਕੇਸ ਲਈ ਕਈ ਵਾਰ ਮੁਫ਼ਤ ਲੜਦੇ। ਗਰੀਬ ਲੋਕ ਉਹਨਾਂ ਦੇ ਪੈਰੋਕਾਰ ਬਣ ਗਏ। ਇਸੇ ਦੌਰਾਨ ਮੁੰਬਈ ਦੇ ਰਾਜਪਾਲ ਨੇ ਡਾਕਟਰ ਅੰਬੇਦਕਰ ਨੂੰ ਮੁੰਬਈ ਵਿਧਾਨ ਪ੍ਰੀਸ਼ਦ ਦਾ ਮੈਂਬਰ ਨਾਮਜ਼ਦ ਕਰ ਦਿੱਤਾ। ਜਦੋਂ ਮੁਲਕ 'ਚ 'ਸਵਰਾਜ ਮੇਰਾ ਜਨਮ ਸਿੱਧ ਅਧਿਕਾਰ ਹੈ' ਦੇ ਨਾਅਰੇ ਲੱਗ ਰਹੇ ਸਨ, ਉਦੋਂ ਡਾ.ਅੰਬੇਦਕਰ ਨੇ ਛੂਆ-ਛੂਤ ਦਾ ਖਾਤਮਾ ਕਰ ਮੇਰਾ ਜਨਮ ਸਿੱਧ ਅਧਿਕਾਰ ਵਰਗਾ ਨਾਅਰਾ ਦੇ ਕੇ ਅਛੂਤਾਂ ਨੂੰ ਸਮਾਜ ਅੰਦਰ ਉਚਿਤ ਸਥਾਨ ਦਿਵਾਉਣ ਦੇ ਉਪਰਾਲੇ ਕਰ ਰਹੇ ਸਨ। 1930 ਦਾ ਵਰ੍ਹਾ ਭਾਰਤੀ ਇਤਿਹਾਸ 'ਚ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ। ਇਸ ਸਾਲ ਲੰਡਨ 'ਚ ਗੋਲਮੇਜ਼ ਕਾਨਫਰੰਸ ਹੋਈ। ਡਾ. ਅੰਬੇਦਕਰ ਨੇ ਇਸ 'ਚ ਸ਼ਾਮਲ ਹੋ ਕੇ ਅਛੂਤਾਂ ਦੇ ਕਈ ਨੁਕਤੇ ਉਭਾਰੇ। ਉਨ੍ਹਾਂ ਕਿਹਾ ਕਿ ਉਹ ਜਿਨ੍ਹਾਂ ਅਛੂਤਾਂ ਦੇ ਪ੍ਰਤੀਨਿਧੀ ਦੇ ਰੂਪ 'ਚ ਇੱਥੇ ਆਏ ਹਨ, ਉਨ੍ਹਾਂ ਦੀ ਜਨਸੰਖਿਆ ਹਿੰਦੂਆਂ ਦੀ ਜਨਸੰਖਿਆ ਦਾ ਕੁੱਲ ਪੰਜਵਾਂ ਹਿੱਸਾ ਹੈ ਤੇ ਬਰਤਾਨੀਆਂ ਜਾਂ ਫਰਾਂਸ ਦੀ ਜਨਸੰਖਿਆ ਦੇ ਬਰਾਬਰ ਹੈ ਪਰ ਇਨ੍ਹਾਂ ਅਛੂਤਾਂ ਦੀ ਹਾਲਤ ਦਾਸਾ ਨਾਲੋਂ ਵੀ ਬੁਰੀ ਹੈ। ਪਹਿਲੀ ਗੋਲਮੇਜ਼ ਕਾਨਫਰੰਸ ਦੀ ਪ੍ਰਾਪਤੀ 'ਚ ਅਖੰਡ ਭਾਰਤ ਦਾ ਵਿਚਾਰ ਤਾਂ ਉਪਜਿਆ ਹੀ ਸੀ, ਤੇ ਨਾਲ ਹੀ ਇਸ ਦੀ ਵਿਸ਼ੇਸ਼ ਪ੍ਰਾਪਤੀ ਇਸ ਪੱਖੋਂ ਵੀ ਸੀ ਕਿ ਦਲਿਤ ਵਰਗ ਦੀ ਹਾਲਤ ਉਭਰ ਕੇ ਸੰਸਾਰ ਦੇ ਸਾਹਮਣੇ ਆਈ ਸੀ। ਇੱਥੇ ਹੀ ਮਹਾਤਮਾ ਗਾਂਧੀ ਨਾਲ ਆਪ ਦੇ ਵਿਚਾਰਧਾਰਾਈ ਵਿਰੋਧ ਪੈਦਾ ਹੋ ਗਏ। ਅਜਿਹੇ ਸਮੇਂ ਜਦੋਂ ਗਾਂਧੀ ਜੀ ਵਰਗੀ ਹਸਤੀ ਸਮੁੱਚੀ ਹਿੰਦੂ ਜਾਤੀ ਦੀ ਪ੍ਰਤੀਨਿਧਤਾ ਕਰ ਰਹੀ ਸੀ, ਉਨ੍ਹਾਂ ਨਾਲ ਟੱਕਰ ਲੈਣੀ ਕੋਈ ਬੱਚਿਆਂ ਦੀ ਖੇਡ ਨਹੀ ਸੀ। ਡਾ. ਅੰਬੇਦਕਰ ਹੱਕ-ਸੱਚ ਤੇ ਇਨਸਾਫ ਲਈ ਲੜਨ ਵਾਲੇ ਇੱਕ ਨਿਧੜਕ ਤੇ ਨਿੱਡਰ ਲੀਡਰ ਸਨ। ਉਨ੍ਹਾਂ ਸਪਸ਼ਟ ਸ਼ਬਦਾਂ 'ਚ ਗਾਂਧੀ ਜੀ ਨੂੰ ਇਹ ਕਹਿ ਦਿੱਤਾ ਕਿ ਕਾਂਗਰਸ ਨੇ ਅਛੂਤਾਂ ਦੇ ਮਸਲੇ ਨੂੰ ਮਾਨਤਾ ਦੇਣ ਦੇ ਸਿਵਾਏ ਕੁੱਝ ਨਹੀਂ ਕੀਤਾ। ਡਾਕਟਰ ਅੰਬੇਦਕਰ ਦੇ ਲੰਬੇ ਸੰਘਰਸ਼ ਸਦਕਾ 17 ਅਗਸਤ 1932 ਨੂੰ ਬ੍ਰਿਟਿਸ਼ ਸਰਕਾਰ ਨੇ 'ਕਮਿਊਨਲ ਐਵਾਰਡ' ਫਿਰਕੂ ਫ਼ੈਸਲਾ ਸੁਣਾ ਦਿੱਤਾ। ਗਾਂਧੀ ਜੀ ਦੀ ਵਿਰੋਧਤਾ ਕਾਰਨ ਆਪ ਨੂੰ 'ਪੂਨਾ ਪੈਕਟ' 'ਤੇ ਸਮਝੋਤਾ ਕਰਨਾ ਪਿਆ। 'ਪੂਨਾ ਪੈਕਟ' ਵਿੱਚ ਬੇਸ਼ੱਕ ਅਛੂਤਾਂ ਨੂੰ 'ਫਿਰਕੂ ਫ਼ੈਸਲੇ' ਨਾਲੋਂ ਘੱਟ ਸਹੂਲਤਾਂ ਮਿਲਿਆਂ ਪਰ ਇਸ ਨਾਲ ਭਾਰਤ ਦੇ ਇਤਿਹਾਸ ਵਿੱਚ ਅਛੂਤਾਂ ਨੂੰ ਵੋਟ ਦਾ ਹੱਕ, ਕੇਂਦਰੀ ਅਤੇ ਪ੍ਰਾਂਤਿਕ ਵਿਧਾਨ ਸਭਾਵਾਂ ਵਿੱਚ ਆਪਣੇ ਨੁਮਾਇੰਦੇ ਭੇਜਣ, ਪੁਲਿਸ ਵਿਚ ਭਰਤੀ, ਵਿਦਿਅਕ ਸਹੂਲਤਾਂ ਅਤੇ ਨੌਕਰੀਆਂ ਵਿਚ ਰਾਖਵੀਆਂ ਸੀਟਾਂ ਪ੍ਰਾਪਤ ਹੋਈਆਂ। ਜੇਕਰ ਅੰਬੇਦਕਰ ਦੀ ਇਕ ਹੋਰ ਵੱਡੀ ਪ੍ਰਾਪਤੀ ਦਾ ਜ਼ਿਕਰ ਕਰੀਏ ਉਹ ਇਹ ਹੈ ਕਿ 1935 ਵਿਚ ਰਿਜ਼ਰਵ ਬੈਂਕ ਆਫ ਇੰਡੀਆ ਦੀ ਸਥਾਪਨਾ ਡਾ. ਅੰਬੇਦਕਰ ਦੇ ਥੀਸਸ 'ਦ ਪ੍ਰੋਬਲਮ ਆਫ਼ ਦ ਰੂਪੀ, ਇਟਸ ਓਰੀਜ਼ਨ ਐਂਡ ਇਟਸ ਸੋਲੂਸ਼ਨ' ਦੇ ਸੁਝਾਅ ਅਨੁਸਾਰ ਹੋਈ।



ਬਾਬਾ ਸਾਹਿਬ ਦਾ ਪਰਿਵਾਰਕ ਜੀਵਨ ਹਮੇਸ਼ਾ ਹੀ ਦੁਖਦਾਈ ਰਿਹਾ। ਬਚਪਨ ਵਿੱਚ ਆਪ ਨੇ ਅੱਤ ਦੀ ਗਰੀਬੀ ਭੋਗੀ। ਆਪਣੇ ਸੰਘਰਸ਼ਮਈ ਜੀਵਨ ਦੌਰਾਨ ਆਪ ਦੇ ਚਾਰ ਬੱਚੇ ਚਲਾਣਾ ਕਰ ਗਏ। 27 ਮਈ 1935 ਨੂੰ ਉਹਨਾਂ 'ਤੇ ਜਿਵੇਂ ਦੁੱਖਾਂ ਦਾ ਪਹਾੜ ਹੀ ਟੁੱਟ ਪਿਆ।ਇਸ ਦਿਨ ਆਪ ਦੀ ਧਰਮ ਪਤਨੀ ਇਸ ਦੁਨੀਆ ਨੂੰ ਅਲਵਿਦਾ ਕਹਿ ਸਦਾ ਲਈ ਆਪ ਨੂੰ ਵਿਛੋੜਾ ਦੇ ਗਈ। ਬਾਬਾ ਸਾਹਿਬ ਭਾਵੇਂ ਸਿੱਖ ਧਰਮ ਗ੍ਰਹਿਣ ਕਰਨਾ ਚਾਹੁੰਦੇ ਸਨ ਪਰ ਕੁੱਝ ਕਾਰਨਾ ਕਰਕੇ ਅਜਿਹਾ ਨਹੀਂ ਹੋ ਸਕਿਆ। ਬਾਅਦ ਵਿਚ ਉਨ੍ਹਾਂ ਨੇ ਬੁੱਧ ਧਰਮ ਗ੍ਰਹਿਣ ਕੀਤਾ। 1956 'ਚ ਡਾ. ਅੰਬੇਦਕਰ ਸਾਹਿਬ ਨੇ ਬੀ.ਬੀ.ਸੀ. ਤੋਂ ਪ੍ਰਸਾਰਿਤ ਕੀਤੇ ਇਕ ਭਾਸ਼ਣ 'ਚ ਕਿਹਾ ਕਿ ਉਹ ਬੁੱਧ ਧਰਮ ਨੂੰ ਇਸ ਲਈ ਮੰਨਦੇ ਹਨ ਕਿਉਂਕਿ ਇਸ 'ਚ ਤਿੰਨੇ ਅਸੂਲ ਇਕ ਥਾਂ ਮਿਲਦੇ ਹਨ।ਬੁੱਧ ਧਰਮ ਵਹਿਮ-ਪ੍ਰਸਤੀ ਦੀ ਥਾਂ ਸੂਝ ਦੀ ਸਿੱਖਿਆ ਦਿੰਦਾ ਹੈ।ਇਹ ਵਿਚਾਰ ਤੇ ਬਰਾਬਰੀ ਸਿਖਾਉਂਦਾ ਹੈ।ਆਪ ਨੇ ਲੱਖਾਂ ਪੈਰੋਕਾਰਾਂ ਨਾਲ ਬੁੱਧ ਧਰਮ ਗ੍ਰਹਿਣ ਕੀਤਾ।

ਡਾਕਟਰ ਸਾਹਿਬ ਆਪਣੇ ਭਾਸ਼ਣ ਵਿੱਚ ਬੜਾ ਜ਼ੋਰ ਦੇ ਕੇ ਇਹ ਗੱਲ ਕਿਹਾ ਕਰਦੇ ਸਨ ਕਿ ਅਜਿਹੇ ਲੋਕਾਂ ਨਾਲ ਸੰਗਤ ਨਾ ਕਰੋ ਜੋ ਇਹ ਕਹਿੰਦੇ ਹਨ ਕਿ ਪ੍ਰਮਾਤਮਾ ਸਰਬਵਿਆਪੀ ਹੈ ਪਰ ਆਪਣੇ ਹੀ ਸਹਿਯੋਗੀ ਪੁਰਸ਼ ਨੂੰ ਪਸ਼ੂ ਤੋਂ ਵੀ ਭੈੜਾ ਸਮਝਦੇ ਹਨ। ਅਜਿਹੇ ਲੋਕ ਪਖੰਡੀ ਹਨ। ਅਜਿਹੇ ਲੋਕਾਂ ਨਾਲ ਮਿਲਵਰਤਨ ਕਰਨ ਦਾ ਕੀ ਫ਼ਾਇਦਾ ਜੋ ਕੀੜੀਆਂ ਦੇ ਭੋਣ 'ਤੇ ਮਿੱਠਾ ਜਾਂ ਚੌਲ ਖਿਲਾਰਦੇ ਹਨ ਪਰ ਆਦਮੀ ਹੋ ਕੇ ਦਲਿਤ ਨੂੰ ਪਾਣੀ ਪੀਣ ਤੋਂ ਮਨ੍ਹਾ ਕਰਕੇ ਭੁੱਖਾ-ਪਿਆਸਾ ਮਾਰ ਦਿੰਦੇ ਹਨ।ਉਹ ਲੋਕਾਂ ਨੂੰ ਥਾਪੀ ਦੇ ਕੇ ਕਿਹਾ ਕਰਦੇ ਸਨ- ਉੱਠੋ, ਤੁਸੀਂ ਤਾਂ ਸ਼ੇਰ ਹੋ, ਸ਼ੇਰ ਬਣ ਕੇ ਦਿਖਾਓ, ਬਲੀ ਸ਼ੇਰਾਂ ਦੀ ਨਹੀਂ, ਭੇਡਾਂ-ਬੱਕਰੀਆਂ ਦੀ ਦਿੱਤੀ ਜਾਂਦੀ ਹੈ। ਤੁਹਾਡੇ ਵਿੱਚ ਇੱਕ ਜੋਤ ਹੈ, ਜੋ ਬੁਝ ਚੁੱਕੀ ਹੈ। ਲੋੜ ਹੈ ਉਸ ਜੋਤ ਨੂੰ ਜਗਾਉਣ ਦੀ, ਆਪਣੀ ਰੋਸ਼ਨੀ ਆਪ ਬਣੋ। ਰੋਸ਼ਨੀ ਲੈਣ ਲਈ ਕਿਸੇ ਹੋਰ ਦੀ ਓਟ ਦੇ ਆਸਰੇ ਨਾ ਰਹੋ। ਸੱਚ ਦੀ ਸ਼ਰਨ ਲਵੋ, ਕਿਸੇ ਹੋਰ ਦੀ ਸ਼ਰਨ ਨਾ ਤੱਕੋ। ਡਾ. ਅੰਬੇਦਕਰ ਗਿਆਨ ਨੂੰ ਇਕ ਸ਼ਕਤੀ ਵਜੋਂ ਲੈਂਦੇ ਸਨ। ਉਹ ਕਿਹਾ ਕਰਦੇ ਸਨ ਕਿ ਅਨੁਸੂਚਿਤ ਜਾਤੀਆਂ ਦੇ ਲੋਕ ਉਨ੍ਹਾਂ ਚਿਰ ਆਪਣੀ ਸੁਤੰਤਰਤਾ ਅਤੇ ਮੁਕਤੀ ਪ੍ਰਾਪਤ ਨਹੀਂ ਕਰ ਸਕਦੇ ਜਿੰਨ੍ਹਾਂ ਚਿਰ ਉਹ ਗਿਆਨ ਦੇ ਖ਼ੇਤਰ 'ਚ ਡੂੰਘਾ ਨਹੀਂ ਉਤਰਦੇ। ਉਹ ਚਾਹੁੰਦੇ ਸਨ ਕਿ ਦਲਿਤ ਸਮਾਜ ਦੇ ਵਿਦਿਆਰਥੀ ਗਿਆਨ ਹਾਸਲ ਕਰਨ ਅਤੇ ਸਮਾਜ ਨੂੰ ਅਗਵਾਈ ਦੇਣ।ਇਸ ਲਈ ਉਨ੍ਹਾਂ ਨੇ ਆਪਣੀ ਵਿਦਵਤਾ ਭਰਭੂਰ ਗੱਲਬਾਤ ਨਾਲ ਗਵਰਨਰ ਨੂੰ ਸਰਕਾਰੀ ਖ਼ਰਚੇ 'ਤੇ ਅਛੂਤ ਬੱਚਿਆਂ ਦੇ ਬੈਚ ਨੂੰ ਉੱਚ-ਸਿੱਖਿਆ ਪ੍ਰਾਪਤ ਕਰਨ ਲਈ ਇੰਗਲੈਂਡ ਭੇਜਣ ਲਈ ਹਾਂ ਕਰਵਾ ਲਈ। ਇਸ 'ਕੋਲੋਂਬੋ ਪਲਾਨ' ਤਹਿਤ 1944 'ਚ 15 ਵਿਦਿਆਰਥੀਆਂ ਦਾ ਪਹਿਲਾ ਬੈਚ ਭੇਜਿਆ ਗਿਆ ਤੇ 1946 'ਚ 16 ਵਿਦਿਆਰਥੀਆਂ ਦਾ ਦੂਜਾ ਬੈਚ ਭੇਜਿਆ ਗਿਆ ਤਾਂ ਜੋ ਉਹ ਸਾਰੇ ਵਾਪਸ ਆ ਕੇ ਆਪਣੇ ਸਮਾਜ ਨੂੰ ਜ਼ਿੱਲ੍ਹਣ 'ਚੋਂ ਕੱਢਣ ਲਈ ਕੰਮ ਕਰਨ। ਪਰ ਹੋਇਆ ਇਸ ਤੋਂ ਉਲਟ ਕਿਉਂਕਿ ਬਹੁਤੇ ਦਲਿਤ ਵਿਦਿਆਰਥੀ ਪੜ੍ਹ ਕੇ ਵਿਦੇਸ਼ਾਂ ਵਿੱਚ ਹੀ ਸੈਟਲ ਹੋ ਗਏ। ਡਾ. ਅੰਬੇਡਕਰ ਨੇ ਸੋਚਿਆ ਸੀ ਕਿ ਜੇਕਰ ਉਹ ਵਿਦੇਸ਼ਾਂ ਦੀ ਆਜ਼ਾਦ ਫ਼ਿਜ਼ਾ ਵਿਚ, ਜਾਤੀਵਾਦੀ ਅਤੇ ਮਨੂੰਵਾਦੀ ਸਿਸਟਮ ਤੋਂ ਦੂਰ ਰਹਿ ਕੇ, ਪੜ੍ਹ ਕੇ ਆਪਣੇ ਸਮਾਜ ਲਈ ਇੰਨਾ ਕੁਝ ਕਰ ਸਕਦਾ ਹੈ ਤਾਂ ਦਸ-ਵੀਹ ਦਲਿਤ ਵਿਦਿਆਰਥੀ ਤਾਂ ਬਹੁਤ ਵੱਡੇ ਪੱਧਰ 'ਤੇ ਸਮਾਜਿਕ ਪਰਿਵਰਤਨ ਕਰ ਦੇਣਗੇ, ਪਰ ਬਾਬਾ ਸਾਹਿਬ ਦੀ ਇਸ ਉਮੀਦ ਨੂੰ ਬੂਰ ਨਾ ਪਿਆ ਅਤੇ ਉਨ੍ਹਾਂ ਨੂੰ ਭਰੇ ਮਨ ਨਾਲ 18 ਮਾਰਚ 1956 'ਚ ਆਗਰਾ ਵਿਖੇ ਕਿਹਾ, ਉਮੈਨੂੰ ਮੇਰੇ ਸਮਾਜ ਦੇ ਪੜ੍ਹੇ-ਲਿਖੇ ਲੋਕਾਂ ਨੇ ਧੋਖਾ ਦਿੱਤਾ ਹੈ, ਮੈਂ ਸੋਚਿਆ ਸੀ ਕਿ ਇਹ ਪੜ੍ਹ ਲਿਖ ਕੇ ਆਪਣੇ ਸਮਾਜ ਦੇ ਲਈ ਇਮਾਨਦਾਰੀ ਨਾਲ ਕੰਮ ਕਰਨਗੇ ਲੇਕਿਨ ਮੈਂ ਦੇਖ ਰਿਹਾ ਹਾਂ ਕਿ ਇਹ ਆਪਣਾ ਹੀ ਪੇਟ ਪਾਲਣ 'ਚ ਮਗਨ ਹਨ ਅਤੇ ਮੇਰੇ ਚਾਰੇ ਪਾਸੇ ਚਿੱਟੇ ਕਾਲਰਾਂ ਦੇ ਬਾਬੂਆਂ ਦੀ ਭੀੜ ਇਕੱਠੀ ਹੋ ਗਈ ਹੈ, ਜੋ ਕਿਸੇ ਕੰਮ ਦੀ ਨਹੀਂ ਹੈ ਅਤੇ ਹੁਣ ਮੈਂ ਇਨ੍ਹਾਂ ਪੜ੍ਹੇ-ਲਿਖੇ ਲੋਕਾਂ ਦੇ ਲਈ ਨਹੀਂ ਬਲਕਿ ਪਿੰਡਾਂ 'ਚ ਰਹਿ ਰਹੇ ਬੇ-ਸਹਾਰਾ ਲੋਕਾਂ ਦੀ ਲੜਾਈ ਹੀ ਲੜਾਂਗਾ।" ਉਨ੍ਹਾਂ ਦੇ ਦਿੱਤੇ ਪਹਿਲੇ ਆਦੇਸ਼ 'ਸਿੱਖਿਅਤ ਬਣੋ' ਦੇ ਅਨੁਸਾਰ ਕੁੱਝ ਲੋਕਾਂ ਨੇ ਵਿੱਦਿਆ ਪ੍ਰਾਪਤੀ ਨੂੰ ਆਪਣੀ ਨਿੱਜੀ ਸਫ਼ਲਤਾ ਦਾ ਸਾਧਨ ਬਣਾ ਕੇ ਆਪਣੇ ਪਰਿਵਾਰ ਤੱਕ ਹੀ ਸੀਮਤ ਕਰ ਲਿਆ। ਦੂਜਾ ਆਦੇਸ਼ 'ਸੰਘਰਸ਼ ਕਰੋ' ਨੂੰ ਸਿਰਫ ਸਿਆਸੀ ਲੀਡਰਾਂ ਦਾ ਕੰਮ ਸਮਝ ਕੇ ਉਸ ਨੂੰ ਅਣਗੌਲਿਆ ਕਰ ਦਿੱਤਾ। ਤੀਜੇ ਆਦੇਸ਼ 'ਸੰਗਠਿਤ ਹੋਵੋ' ਦੇ ਅਨੁਸਾਰ ਉਸ ਬਾਰੇ ਸਮਾਜ ਦਾ ਰਵੱਈਆ ਹੀ ਉਲਟ ਦਿਸ਼ਾ ਵੱਲ ਹੋ ਗਿਆ ਲੱਗਦਾ।

ਬਾਬਾ ਸਾਹਿਬ ਨੂੰ ਵਧੇਰੇ ਕਰਕੇ ਸੰਵਿਧਾਨ ਦੇ ਨਿਰਮਾਤਾ ਵੱਜੋਂ ਜਾਣਿਆ ਜਾਂਦਾ ਹੈ। ਸੰਸਾਰ ਦੇ ਸਾਰੇ ਲੋਕਰਾਜੀ ਪ੍ਰਬੰਧ ਵਾਲੇ ਦੇਸ਼ਾਂ ਵਿੱਚ ਭਾਰਤ ਦਾ ਸੰਵਿਧਾਨ ਇਕੱਲਾ ਹੈ ਜਿਸਦੇ ਨਿਰਮਾਤਾ, ਪਿਤਾਮਾ ਜਾਂ ਲੇਖਕ ਦੇ ਰੂਪ ਵਿੱਚ ਡਾ. ਅੰਬੇਦਕਰ ਵਰਗੇ ਇੱਕ ਵਿਅਕਤੀ ਦਾ ਨਾਂ ਜੁੜਿਆ ਹੋਇਆ ਹੈ। ਬਾਕੀ ਹੋਰ ਸੰਵਿਧਾਨ ਜਾਂ ਤਾਂ ਇੱਕ ਲੰਬੀ ਪ੍ਰਕ੍ਰਿਆ ਵਿੱਚ ਵਿਕਸਿਤ ਹੋਏ ਹਨ ਜਾਂ ਕਾਨੂੰਨ ਦਾਨਾਂ ਦੇ ਸਮੂਹਾਂ ਨੇ ਬਣਾਏ ਹਨ। ਆਪ ਦੇ ਯਤਨਾਂ ਸਦਕਾ ਹੀ ਤਿੰਨ ਰੰਗੇ ਕੌਮੀ ਝੰਡੇ 'ਚ ਅਸ਼ੋਕ ਚੱਕਰ ਦਾ ਨਿਸ਼ਾਨ ਰੱਖਿਆ ਗਿਆ। ਜਦੋਂ ਤਿੰਨ ਅਗਸਤ ਨੂੰ ਬਣੇ ਪਹਿਲੇ ਕੇਂਦਰੀ ਮੰਡਲ 'ਚ ਆਪ ਨੂੰ ਕਾਨੂੰਨ ਮੰਤਰੀ ਬਣਾਇਆ ਗਿਆ ਤਾਂ ਅੰਬੇਡਕਰ ਸਾਹਿਬ ਨੇ ਔਰਤਾਂ ਦੀ ਉਨਤੀ ਤੇ ਮੁਕਤੀ ਵਾਸਤੇ ਪੂਰੀ ਵਾਹ ਲਾਈ ਤੇ ਔਰਤਾਂ ਦੇ ਰੁਤਬੇ ਨੂੰ ਵਧਾਉਣ ਲਈ ਸੰਵਿਧਾਨ ਸਭਾ ਵਿੱਚ ਹਿੰਦੂ ਕੋਡ ਬਿੱਲ ਪੇਸ਼ ਕੀਤਾ।ਹਿੰਦੂ ਕੋਡ ਬਿਲ ਸੰਬੰਧੀ ਜਦੋਂ ਮੰਤਰੀ ਮੰਡਲ 'ਚ ਵਿਰੋਧ ਹੋਇਆ ਤਾਂ ਆਪ ਨੇ ਮੰਤਰੀ ਮੰਡਲ ਦੇ ਅਹੁੱਦੇ ਤੋਂ ਅਸਤੀਫ਼ਾ ਦੇ ਦਿੱਤਾ।

ਮਗਰੋਂ 26 ਜਨਵਰੀ 1950 ਨੂੰ ਆਪ ਦੁਆਰਾ ਨਿ-ਰਮਿਤ 395 ਧਾਰਾਵਾਂ ਤੇ 9 ਅਨੁਸੂਚੀਆਂ ਵਾਲਾ ਸੰਵਿਧਾਨ ਲਾਗੂ ਕਰ ਦਿੱਤਾ ਗਿਆ। ਆਪ ਭਾਵੇਂ ਕਿਸੇ ਵੀ ਅਹੁਦੇ 'ਤੇ ਰਹੇ ਆਪ ਦਾ ਪ੍ਰਮੁੱਖ ਉਦੇਸ਼ ਅਛੂਤਾਂ ਦੀ ਭਲਾਈ ਹੀ ਰਿਹਾ।ਬਾਬਾ ਸਾਹਿਬ ਨੇ 21 ਕਿਤਾਬਾਂ ਵੀ ਲਿਖੀਆਂ। ਗਰੀਬ ਲੋਕਾਂ ਦੇ ਹੱਕਾਂ ਲਈ ਲੜਦੀ ਇਹ ਸ਼ਖ਼ਸੀਅਤ 6 ਦਸੰਬਰ 1956 ਨੂੰ ਆਪਣਾ ਭੌਤਿਕ ਚੋਲਾ ਤਿਆਗ ਕੇ ਸਦਾ ਲਈ ਅਲੋਪ ਹੋ ਗਈ। ਉਨ੍ਹਾਂ ਦੇ ਮਹਾਨ ਕਾਰਜਾਂ ਨੂੰ ਸਲਾਮ ਕਰਦਿਆਂ ਭਾਰਤ ਸਰਕਾਰ ਨੇ ਉਨ੍ਹਾਂ ਨੂੰ 1990 ਵਿੱਚ ਸਰਵਉੱਚ ਸਨਮਾਨ 'ਭਾਰਤ ਰਤਨ' ਨਾਲ ਨਿਵਾਜ਼ਿਆ।ਹਰੇਕ ਭਾਰਤੀ ਨੂੰ ਭਾਵੇਂ ਉਹ ਕਿਸੇ ਵੀ ਜਾਤੀ ਦਾ ਹੋਵੇ ਇਹ ਮਾਣ ਮਹਿਸੂਸ ਕਰਨਾ ਚਾਹੀਦਾ ਹੈ ਕਿ ਅਜਿਹਾ ਵਿਦਵਾਨ ਸਾਡੇ ਦੇਸ਼ ਵਿੱਚ ਪੈਦਾ ਹੋਇਆ। ਦੇਸ਼ਾਂ-ਵਿਦੇਸ਼ਾਂ ਵਿੱਚ ਹਰ ਸਾਲ 14 ਅਪ੍ਰੈਲ ਨੂੰ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੀ ਜਯੰਤੀ ਬਹੁਤ ਧੁਮ-ਧਾਮ ਨਾਲ ਮਨਾਈ ਜਾਂਦੀ ਹੈ। ਲੋਕ ਜਾਗ੍ਰਿਤ ਹੋ ਰਹੇ ਹਨ। ਹੋਲੀ-ਹੋਲੀ ਆਰਥਿਕ ਅਤੇ ਸਮਾਜਿਕ ਤਬਦੀਲੀ ਆ ਰਹੀ ਹੈ। ਜੋ ਮਾਨਵਤਾ ਲਈ ਇਕ ਸ਼ੁਭ ਸ਼ੰਕੇਤ ਹੈ।

# ਚੋਣ ਮੈਨੀਫੈਸਟੋ - ਗਰੰਟੀਆਂ ਦਾ ਦੌਰ



ਗੁਰਮੀਤ ਪਲਾਹੀ
91-98158-02070

ਲੋਕ ਸਭਾ ਚੋਣਾਂ-2024 ਲਈ ਇੰਡੀਅਨ ਨੈਸ਼ਨਲ ਕਾਂਗਰਸ ਨੇ ਆਪਣਾ ਚੋਣ ਮੈਨੀਫੈਸਟੋ ਜਨਤਾ ਸਾਹਮਣੇ ਰੱਖ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਤਾਂ ਪਹਿਲਾਂ ਹੀ ਲੋਕਾਂ ਨੂੰ ਗਰੰਟੀਆਂ ਦੇ ਰਹੀ ਹੈ, ਪ੍ਰਚਾਰ ਕਰ ਰਹੀ ਹੈ। ਭਾਜਪਾ ਵਿਕਾਸ ਅਤੇ ਤਬਦੀਲੀ ਸਬੰਧੀ ਵੱਡੇ ਦਾਅਵੇ ਪੇਸ਼ ਕਰ ਰਹੀ ਹੈ। ਦੇਸ਼ ਦੀਆਂ ਕੌਮੀ ਸਿਆਸੀ ਪਾਰਟੀਆਂ ਅਤੇ ਇਲਾਕਾਈ ਦਲ ਵੀ ਆਪਣੇ ਚੋਣ ਘੋਸ਼ਣਾ ਪੱਤਰ ਜਾਰੀ ਕਰ ਰਹੇ ਹਨ।

ਇੰਡੀਅਨ ਨੈਸ਼ਨਲ ਕਾਂਗਰਸ ਦੇ ਚੋਣ ਮੈਨੀਫੈਸਟੋ ਦਾ ਸ਼ਿੰਗਾਰ, "ਪੰਜ ਇਨਸਾਫ" ਅਤੇ ਪੱਚੀ ਵਾਅਦੇ ਹਨ। ਇਸ ਘੋਸ਼ਣਾ ਪੱਤਰ ਵਿੱਚ ਨੌਜਵਾਨਾਂ ਲਈ ਇਨਸਾਫ, ਨਾਰੀ ਲਈ ਇਨਸਾਫ, ਕਿਸਾਨਾਂ ਲਈ ਇਨਸਾਫ, ਮਜ਼ਦੂਰਾਂ ਲਈ ਇਨਸਾਫ ਅਤੇ ਹਿੱਸੇਦਾਰੀ ਦਾ ਇਨਸਾਫ ਮੁੱਖ ਥੰਮ ਹਨ। ਇਹਨਾਂ ਪੰਜਾਂ ਥੰਮਾਂ ਦੇ ਅੰਦਰ ਹੀ ਪੰਜ ਗਰੰਟੀਆਂ ਸ਼ਾਮਲ ਹਨ।

ਕਾਂਗਰਸ ਨੇ ਸਪੱਸ਼ਟ ਕੀਤਾ ਹੈ ਕਿ ਉਹ ਇੱਕ ਰਾਸ਼ਟਰੀ, ਇੱਕ ਚੋਣ ਦੇ ਹੱਕ 'ਚ ਨਹੀਂ। ਉਹ ਲੋਕਤੰਤਰ ਬਚਾਉਣ ਲਈ ਸੰਘਰਸ ਕਰਦੀ ਰਹੇਗੀ। ਉਹ ਨਫ਼ਰਤੀ ਸਿਆਸਤ ਉਤੇ ਰੋਕ ਲਗਾਏਗੀ।

ਕਾਂਗਰਸ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਸਦਾ ਘੋਸ਼ਣਾ ਪੱਤਰ ਕੰਮ, ਦੌਲਤ ਅਤੇ ਭਲਾਈ ਲਈ ਸਰਕਾਰੀ ਸਕੀਮਾਂ ਦੇ ਵੱਧ ਤੋਂ ਵੱਧ ਫਾਇਦੇ ਲੋਕਾਂ ਨੂੰ ਦੇਣ ਦਾ ਯਤਨ ਕਰੇਗੀ। ਕਾਂਗਰਸ ਨੇ ਲੋਕਾਂ ਨੂੰ ਯਕੀਨ ਦਵਾਇਆ ਹੈ ਕਿ ਉਹ ਈ।ਡੀ।, ਸੀ।ਬੀ।ਆਈ।, ਪੁਲਿਸ 'ਤੇ ਛਿਕੰਜਾ ਕਸੇਗੀ ਅਤੇ ਸਖ਼ਤੀ ਨਾਲ ਕਾਨੂੰਨ ਦੇ ਅਨੁਸਾਰ ਕੰਮ ਕਰਨ ਲਈ ਉਹਨਾ ਨੂੰ ਕਹੇਗੀ। ਉਹ ਦਲਬਦਲ ਨੂੰ ਨੱਥ ਪਾਏਗੀ ਅਤੇ ਦਲਬਦਲ ਕਰਨ 'ਤੇ ਖ਼ੁਦ ਸੰਸਦ ਅਤੇ ਵਿਧਾਨ ਸਭਾ ਦੀ ਮੈਂਬਰੀ ਖ਼ਤਮ ਹੋਣ ਦਾ ਕਾਨੂੰਨ ਪਾਸ ਕਰੇਗੀ। ਫ਼ਸਲਾਂ ਲਈ ਘੱਟੋ-ਘੱਟ ਮੁੱਲ, ਜਾਤੀ ਗਣਨਾ ਅਤੇ ਗਰੀਬ ਔਰਤਾਂ ਲਈ ਇੱਕ ਲੱਖ ਰੁਪਏ ਅਤੇ ਮਗਨਰੇਗਾ ਮਜ਼ਦੂਰਾਂ ਲਈ 400 ਰੁਪਏ ਦਿਹਾੜੀ, 25 ਲੱਖ ਰੁਪਏ ਤੱਕ ਸਭ ਲਈ ਮੁਫ਼ਤ ਇਲਾਜ, ਬਜ਼ੁਰਗਾਂ ਲਈ ਰੇਲਵੇ 'ਚ ਰਿਆਇਤ ਆਦਿ ਸਹੂਲਤਾਂ ਦਾ ਵਾਅਦਾ ਇਸ ਘੋਸ਼ਣਾ ਪੱਤਰ 'ਚ ਸ਼ਾਮਲ ਹੈ।

ਭਾਜਪਾ ਦੀਆਂ ਗਰੰਟੀਆਂ ਵਿੱਚ ਸਾਰਿਆਂ ਲਈ ਘਰ, ਸੌ ਫ਼ੀਸਦੀ ਬਿਜਲੀਕਰਨ, 5 ਲੱਖ ਦਾ ਮੁਫ਼ਤ ਇਲਾਜ ਆਦਿ ਸ਼ਾਮਲ ਹਨ। ਇੱਕ ਦੇਸ਼, ਇੱਕ ਚੋਣ ਭਾਜਪਾ ਦਾ ਵਾਇਦਾ ਹੈ। ਭਾਜਪਾ ਦਾ ਸੰਕਲਪ ਰਾਸ਼ਟਰੀ ਸੁਰੱਖਿਆ, ਸੀਮਾ ਸੁਰੱਖਿਆ, ਆਤੰਕਵਾਦ ਦਾ ਖ਼ਾਤਮਾ, ਕਿਸਾਨ ਕਲਿਆਣ ਦਾ ਤਾਂ ਰਿਹਾ ਹੀ ਹੈ, 370 ਦੇ ਖ਼ਾਤਮੇ, ਨਾਗਰਿਕਤਾ ਸੋਧ ਬਿੱਲ ਲਾਗੂ ਕਰਨ ਸਮੇਤ ਧਾਰਾ 370 ਖ਼ਤਮ ਕਰਨਾ ਵੀ ਰਿਹਾ ਹੈ।


ਦੇਸ਼ ਦੀ ਹਾਕਮ ਧਿਰ ਅਤੇ ਪ੍ਰਮੁੱਖ ਵਿਰੋਧੀ ਧਿਰ ਕਾਂਗਰਸ ਵਲੋਂ ਪਿਛਲੇ 77 ਸਾਲ ਤੋਂ ਦੇਸ਼ ਉਤੇ ਰਾਜ ਕੀਤਾ ਜਾ ਰਿਹਾ ਹੈ। ਇਸ ਸਮੇਂ ਦੌਰਾਨ ਆਮ ਤੌਰ ਤੇ ਗਰੀਬਾਂ ਦੇ ਕਲਿਆਣ ਲਈ ਯੋਜਨਾਵਾਂ ਵੱਡੇ ਪੱਧਰ ਉਤੇ ਉਲੀਕੀਆਂ ਗਈਆਂ ਹਨ। ਇਹ ਯੋਜਨਾਵਾਂ ਗਰੀਬ ਲੋਕਾਂ ਤੱਕ ਪਹੁੰਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਦੱਸਿਆ ਜਾ ਰਿਹਾ ਹੈ, ਕਿਉਂਕਿ ਗਰੀਬ ਲੋਕ ਹੀ ਅਸਲ 'ਚ ਉਹਨਾ ਦੇ ਨਿਸ਼ਾਨੇ 'ਤੇ ਹਨ, ਕਿਉਂਕਿ ਉਹਨਾ ਨੂੰ ਹੀ ਉਹ ਮੁੱਖ ਰੂਪ 'ਚ ਆਪਣੇ ਵੋਟਰ ਗਿਣਦੇ ਹਨ।

ਪਰ ਸਵਾਲ ਉੱਠਦਾ ਹੈ ਕਿ ਦੇਸ਼ ਦੀਆਂ ਵੱਡੀਆਂ ਪਾਰਟੀਆਂ ਵਲੋਂ ਕੀਤੇ ਵੱਡੇ ਵਾਇਦੇ ਕੀ ਲੋਕਾਂ ਦੀ ਆਮ ਜ਼ਿੰਦਗੀ ਸੁਧਾਰ ਸਕੇ ਹਨ? ਗਰੀਬੀ, ਭੁੱਖਮਰੀ, ਬੇਰਜ਼ੁਗਾਰੀ, ਵਰਗੇ ਸ਼ਬਦਾਂ ਨੂੰ ਤਾਂ ਦੇਸ਼ ਦੇ ਲੋਕ ਇੱਕ ਗਹਿਣੇ ਵਜੋਂ ਪਹਿਨਣ ਲਈ ਮਜ਼ਬੂਰ ਹੀ ਹੋ ਚੁੱਕੇ ਹਨ।

ਇੱਕ ਚੋਟੀ ਦੇ ਪੱਤਰਕਾਰ ਵਲੋਂ ਕੀਤਾ ਗਿਆ ਇੱਕ ਸਧਾਰਨ ਜਿਹਾ ਸਰਵੇ ਅੱਖਾਂ ਖੋਹਲਣ ਵਾਲਾ ਹੈ। ਇਹ ਪੱਤਰਕਾਰ ਕਹਿੰਦੀ ਹੈ ਕਿ ਜਦ ਮੈਂ ਲੋਕਾਂ ਤੋਂ ਪੁੱਛਿਆ ਕਿ ਸਰਕਾਰੀ ਯੋਜਨਾਵਾਂ ਤੋਂ ਉਹਨਾ ਨੂੰ ਕਿਹੋ ਜਿਹੇ ਲਾਭ ਮਿਲੇ ਹਨ ਤਾਂ ਉਹਨਾ ਨੇ ਕਿਹਾ ਕਿ ਉਜਵਲਾ ਯੋਜਨਾ ਦੇ ਤਹਿਤ ਉਹਨਾ ਨੂੰ ਗੈਸ ਦੇ ਚੁੱਲ੍ਹੇ ਤਾਂ ਮਿਲੇ ਹਨ, ਲੇਕਿਨ ਇੱਕ ਸਿਲੰਡਰ ਅੱਜ 900 ਰੁਪਏ ਦਾ ਹੋ ਗਿਆ, ਜਿਸਨੂੰ ਖਰੀਦਣ ਲਈ ਉਹਨਾ ਦੀ ਔਕਾਤ ਨਹੀਂ ਰਹੀ। ਲੋਕ ਹਾਲੇ ਵੀ ਲਕੜੀਆਂ ਨਾਲ ਪੁਰਾਣੇ ਚੁਲ੍ਹਿਆਂ 'ਤੇ ਖਾਣਾ ਪਕਾਉਂਦੇ ਹਨ।

ਹਰ ਇੱਕ ਲਈ ਮਕਾਨ ਦੀ ਗੱਲ ਤਾਂ ਦੇਸ਼ ਦੀ ਹਰ ਪਾਰਟੀ ਕਰਦੀ ਹੈ, ਪਰ ਵੱਡੇ ਸ਼ਹਿਰਾਂ ਨੂੰ ਪਹੁੰਚਦੀਆਂ ਰੇਲਵੇ ਲਾਈਨਾਂ ਦੇ ਦੋਵੇਂ ਪਾਸੇ ਦੇਖੋ, ਜਿਥੇ ਘਰ ਧਰਤੀ ਉਤੇ ਨਹੀਂ ਕੂੜੇ ਉਤੇ ਬਣਾਏ ਹੋਏ ਹਨ, ਉਹ ਵੀ ਕਬਾੜਾ ਪਲਾਸਟਿਕ ਦੀਆਂ ਸ਼ੀਟਾਂ ਅਤੇ ਫਟੇ ਪੋਸਟਰਾਂ ਤੋਂ।

ਮਕਾਨਾਂ ਦੇ ਨਾਲ ਟਾਇਲਟ ਦੀ ਗੱਲ ਤਾਂ ਦੂਰ ਦੀ ਹੈ, ਇਥੇ ਵਸਦੇ ਲੋਕਾਂ ਲਈ ਪਾਣੀ ਦੀ ਉਪਲੱਬਧਤਾ ਹੀ ਅਤਿਅੰਤ ਔਖੀ ਹੈ। ਯੂਨੀਸੈਫ ਨੇ 18 ਮਾਰਚ 2021 ਨੂੰ ਇੱਕ ਰਿਪੋਰਟ ਜਾਰੀ ਕੀਤੀ ਸੀ, ਜਿਸ ਅਨੁਸਾਰ ਭਾਰਤ ਦੇ 9।14 ਕਰੋੜ ਲੋਕ ਪਾਣੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ ਅਤੇ ਭਾਰਤ ਉਹਨਾ 37 ਦੇਸ਼ਾਂ ਵਿੱਚ ਸ਼ਾਮਲ ਹੈ, ਜਿਥੇ ਪਾਣੀ ਦਾ ਸੰਕਟ ਅਤਿਅੰਤ ਗੰਭੀਰ ਹੈ। ਦੇਸ਼ 'ਚ ਸਿਹਤ ਸਹੂਲਤਾਂ ਦੀ ਕਮੀ ਦਾ ਪ੍ਰਤੱਖ ਸਬੂਤ ਤਾਂ ਅਸੀਂ ਕਰੋਨਾ ਸਮੇਂ ਵੇਖ ਹੀ ਚੁਕੇ ਹਾਂ।




ਅੱਜ ਜਦੋਂ ਭਾਰਤ ਵਿੱਚ ਵਿਦੇਸ਼ੀ ਕੰਪਨੀਆਂ ਦਾ ਪਸਾਰਾ ਵੱਧ ਰਿਹਾ ਹੈ। ਅਰਾਮਦੇਹ ਲਗਜ਼ਰੀ ਚੀਜ਼ਾਂ ਦੀ ਵਰਤੋਂ ਦੀ ਦੌੜ, ਅਮੀਰ ਤੇ ਵਿਚਕਾਰਲੇ ਵਰਗ ਦੀ ਲੱਗੀ ਹੋਈ ਹੈ, ਤਾਂ ਇਵੇਂ ਲਗਦਾ ਹੈ ਕਿ ਦੇਸ਼ ਬਦਲ ਰਿਹਾ ਹੈ, ਵਿਕਾਸ ਕਰ ਰਿਹਾ ਹੈ, ਪਰ ਤਸਵੀਰ ਦਾ ਦੂਸਰਾ ਪਾਸਾ ਧੁੰਦਲਾ ਨਹੀਂ, ਕਾਲਾ ਹੈ। ਇਸ ਸਬੰਧ ਵਿੱਚ ਦੇਸ਼ ਦੀਆਂ ਸਿਆਸੀ ਪਾਰਟੀਆਂ ਦੇ ਘੋਸ਼ਣਾ ਪੱਤਰ ਚੁੱਪੀ ਵੱਟੀ ਬੈਠੇ ਹਨ।

ਦੇਸ਼ ਦੀਆਂ ਸਿਆਸੀ ਪਾਰਟੀਆਂ ਪਹਿਲਾਂ ਤਾਂ ਆਪਣੇ ਘੋਸ਼ਣਾ ਪੱਤਰਾਂ ਵਿੱਚ ਵਾਇਦੇ ਕਰਦੀਆਂ ਸਨ, ਲੋਕ ਭਲਾਈ ਸਕੀਮਾਂ ਲਾਗੂ ਕਰਨ ਦੇ ਵਚਨ ਦਿੰਦੀਆਂ ਸਨ, ਪਰ ਹੁਣ ਤਾਂ ਗਰੰਟੀਆਂ ਦਾ ਦੌਰ ਸ਼ੁਰੂ ਹੋ ਗਿਆ ਹੈ, ਜਿਵੇਂ ਉਹ ਆਪਣੇ ਉਤਪਾਦ ਵੇਚ ਰਹੀਆਂ ਹੋਣ। ਉਂਜ ਵੇਖਣ, ਵਾਚਣ ਦੀ ਗੱਲ ਤਾਂ ਇਹ ਹੈ ਕਿ ਨਿੱਜੀਕਰਨ, ਵਪਾਰੀਕਰਨ ਦੇ ਦੌਰ ਵਿੱਚ ਮਾਲ ਵੇਚਣ ਲਈ ਤਿੱਖੇ ਪ੍ਰਚਾਰ ਸਾਧਨਾਂ ਦੀ ਲੋੜ ਵੀ ਪੈਣੀ ਹੀ ਸੀ, ਸੋ ਸਿਆਸੀ ਪਾਰਟੀਆਂ ਆਪਣੇ ਗਾਹਕਾਂ (ਵੋਟਰਾਂ) ਨੂੰ ਗਰੰਟੀਆਂ ਦੇ ਕੇ ਰਾਜ ਸੰਘਾਸਨ 'ਤੇ ਬੈਠਣ ਦਾ ਰਾਸਤਾ ਅਪਨਾ ਚੁੱਕੀਆਂ ਹਨ। ਸਿਆਸਤ ਵਿਚੋਂ ਲੋਕ ਸੇਵਾ ਤਾਂ ਜਿਵੇਂ ਹੁਣ ਮਨਫ਼ੀ ਹੋ ਗਈ ਹੈ, ਗਰੰਟੀਆਂ ਦੇ ਵਰਤਾਰੇ ਨਾਲ।

ਚੋਣਾਂ 'ਚ ਵਪਾਰੀਕਰਨ ਦੇ ਦੌਰ ਨੇ ਜਿਥੇ ਸਿੱਖਿਆ ਦਾ ਮੰਤਵ ਬਦਲ ਦਿੱਤਾ, ਅਤੇ ਇਸਨੂੰ ਜਿਵੇਂ ਵਪਾਰ ਤੱਕ ਸੀਮਤ ਕਰ ਦਿੱਤਾ ਹੈ, ਇਵੇਂ ਹੀ ਮਨੁੱਖ ਦੀਆਂ ਭਾਸ਼ਾਵਾਂ, ਜੋ ਉਸਦੇ ਵਿਅਕਤੀਤਵ ਦੇ ਉਭਾਰ ਲਈ ਜ਼ਰੂਰੀ ਸਮਝੀਆਂ ਜਾਂਦੀਆਂ ਸਨ, ਉਸ ਉਤੇ ਵੀ ਟੋਕਾ ਫੇਰ ਦਿੱਤਾ ਹੈ।

ਭਾਸ਼ਾਵਾਂ ਨੂੰ ਕਾਰੋਬਾਰ ਦੀ ਭਾਸ਼ਾ ਨਾਲ ਜੋੜਕੇ, ਖਿੱਤਿਆਂ ਦੇ ਸਭਿਆਚਾਰ ਨੂੰ ਖੋਰਾ ਲਾਉਣ ਦੀ ਸੋਚੀ ਸਮਝੀ ਸਾਜ਼ਿਸ਼ ਰਚੀ ਗਈ ਹੈ। ਮਨੁੱਖ ਹੱਥੋਂ ਰੁਜ਼ਗਾਰ ਖੋਹਕੇ ਮੁਫ਼ਤ ਅਨਾਜ, ਸਹੂਲਤਾਂ ਦੇਣ ਦਾ ਵਰਤਾਰਾ "ਲੋਕ ਭਲਾਈ" ਦੇ ਪੱਲੇ ਸਿਆਸਤਦਾਨਾਂ ਤੇ ਸਿਆਸੀ ਪਾਰਟੀਆਂ ਨੇ ਬੰਨ੍ਹ ਦਿੱਤਾ ਹੈ, ਜਿਸ ਨਾਲ ਉਹ ਲੋਕ ਮਨਾਂ ਨਾਲ ਖਿਲਵਾੜ ਕਰਦੇ ਹਨ, ਉਹਨਾ ਦੇ ਮਨਾਂ 'ਚ ਹੀਣਤਾ ਪੈਦਾ ਕਰਦੇ ਹਨ।

ਕੀ ਕਦੇ ਦੇਸ਼ ਦੇ ਸਿਆਸਤਦਾਨਾਂ ਨੇ ਸੋਚਿਆ ਹੈ ਕਿ ਦੇਸ਼ ਦੇ 80 ਕਰੋੜ ਗਰੀਬਾਂ ਨੂੰ ਮੁਫ਼ਤ ਅਨਾਜ ਦੇਣਾ ਅਤੇ ਲਗਾਤਾਰ ਦੇਣਾ ਕੀ ਲੋਕ ਮਨਾਂ 'ਚ ਹੀਣਤਾ ਪੈਦਾ ਨਹੀਂ ਕਰਦਾ? ਕੀ ਹੱਥੀਂ ਕੰਮ, ਜਾਂ ਰੁਜ਼ਗਾਰ ਉਹਨਾ ਨੂੰ ਸਿਰ ਚੁੱਕਕੇ ਤੁਰਨ ਦੀ ਅਤੇ ਆਪਣੇ ਹੱਕਾਂ ਲਈ ਸਵਾਲ ਕਰਨ ਅਤੇ ਆਪਣੇ ਪੈਰੀਂ ਖੜੇ ਹੋਣ ਦੀ ਜਾਚ ਨਹੀਂ ਸਿਖਾਏਗਾ? ਤਾਂ ਫਿਰ ਸਿਆਸੀ ਦਲ ਰੁਜ਼ਗਾਰ ਦੇ ਥਾਂ "ਮੁਫ਼ਤ ਅਨਾਜ ਜਾਂ ਸਹੂਲਤਾਂ" ਦੇਣ ਦੀਆਂ ਗਰੰਟੀਆਂ ਕਿਉਂ ਦੇ ਰਹੇ ਹਨ?

ਜਿੰਨੇ ਕੁ ਵੀ ਚੋਣ ਮੈਨੀਫੈਸਟੋ ਹੁਣ ਤੱਕ ਪਿਛਲੀਆਂ ਚੋਣਾਂ ਅਤੇ ਹੁਣ ਦੀਆਂ ਚੋਣਾਂ 'ਚ ਸਿਆਸੀ ਦਲਾਂ ਵਲੋਂ ਜਾਰੀ ਹੋਏ ਹਨ, ਉਹ ਸਿਆਸਤ ਵਿੱਚ ਪੈਸੇ ਦੀ ਵੱਡੀ ਵਰਤੋਂ, ਅਪਰਾਧੀਆਂ, ਢੁੱਠਾਂ ਵਾਲੇ ਲੋਕਾਂ ਦੀ ਸ਼ਮੂਲੀਅਤ ਨਾ ਹੋਣ ਦੇਣ ਬਾਰੇ ਗਰੰਟੀ ਕਿਉਂ ਨਹੀਂ ਦਿੰਦੇ? ਯਾਦ ਰਹੇ ਪਿਛਲੇ ਦਿਨੀਂ ਛਪੀ ਇੱਕ ਰਿਪੋਰਟ 'ਚ ਲੋਕ ਸਭਾ, ਵਿਧਾਨ ਸਭਾ 'ਚ ਧੰਨ ਕੁਬੇਰਾਂ ਦੀ ਗਿਣਤੀ ਤਾਂ ਵਧ ਹੀ ਰਹੀ ਹੈ, ਪਰ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਦੀ ਗਿਣਤੀ ਵੀ 46 ਫ਼ੀਸਦੀ ਤੱਕ ਬਿਆਨੀ ਗਈ ਹੈ ਅਤੇ ਲਗਭਗ ਸਾਰੀਆਂ ਪਾਰਟੀਆਂ ਉਤੇ ਧੰਨ ਕੁਬੇਰਾਂ, ਅਪਰਾਧੀਆਂ, ਕੁਝ ਪਰਿਵਾਰਕ ਮੈਂਬਰਾਂ ਦਾ ਕਬਜ਼ਾ ਹੋ ਚੁੱਕਾ ਹੈ। ਲੋਕ ਸਭਾ, ਰਾਜ ਸਭਾ, ਵਿਧਾਨ ਸਭਾਵਾਂ, ਵਿਧਾਨ ਪ੍ਰੀਸ਼ਦਾਂ ਵਿੱਚ ਅਰਬਪਤੀ ਮੈਂਬਰਾਂ ਦੀ ਗਿਣਤੀ ਲਗਾਤਾਰ ਵਧੀ ਹੈ ਜਾਂ ਵਧ ਰਹੀ ਹੈ। ਆਮ ਵਿਅਕਤੀ ਤਾਂ ਚੋਣਾਂ 'ਚ ਉਮੀਦਵਾਰ ਵਜੋਂ ਖੜੇ ਹੋਣ ਦੀ ਸੋਚ ਵੀ ਨਹੀਂ ਸਕਦਾ।

ਜਿਵੇਂ ਸਿਆਸਤਦਾਨਾਂ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ, ਜਿਵੇਂ ਸਿਆਸਤਦਾਨਾਂ ਉਤੇ ਅਪਰਾਧਿਕ ਮੁਕੱਦਮੇ ਦਰਜ਼ ਹੋ ਰਹੇ ਹਨ, ਜਿਵੇਂ ਸਿਆਸੀ ਆਗੂਆਂ ਉਤੇ ਪਰਿਵਾਰਵਾਦ ਭਾਰੂ ਹੈ, ਜਿਵੇਂ ਚੋਣਾਂ ਜਿੱਤਕੇ ਹਾਕਮ ਧਿਰ, ਵਿਰੋਧੀਆਂ ਨੂੰ ਖੂੰਜੇ ਲਾਉਣ ਲਈ ਹਰ ਹੀਲਾ-ਵਸੀਲਾ ਵਰਤ ਰਹੀ ਹੈ। ਇਹ ਵਰਤਾਰਾ ਦੇਸ਼ ਦੀ ਸਿਆਸੀ ਨੈਤਿਕਤਾ ਉਤੇ ਸਵਾਲ ਖੜੇ ਕਰ ਰਿਹਾ ਹੈ।

ਸਿਆਸੀ ਧਿਰਾਂ ਵਲੋਂ ਲੋਕਾਂ ਲਈ ਭਲਾਈ ਸਕੀਮਾਂ ਲਾਗੂ ਕਰਨ ਦਾ ਵਾਇਦਾ ਕਰਨਾ ਗੈਰਕੁਦਰਤੀ ਨਹੀਂ। ਪਰ ਹਾਕਮ ਬਣਕੇ ਉਹਨਾ ਦੀ ਪੂਰਤੀ ਨਾ ਕਰਨਾ ਨਿਰਾ ਅਨਿਆ ਹੈ, ਗੁਨਾਹ ਹੈ।

ਹੁਣ ਤਾਂ ਮੰਗ ਉੱਠਣ ਲੱਗੀ ਹੈ ਕਿ ਚੋਣ ਵਾਇਦੇ ਗਰੰਟੀਆਂ ਕਾਨੂੰਨ ਦਸਤਾਵੇਜ ਬਣਨ ਅਤੇ ਸਿਆਸੀ ਪਾਰਟੀਆਂ ਵਲੋਂ ਇਹਨਾ ਦੀ ਪੂਰਤੀ ਨਾ ਕੀਤੇ ਜਾਣ 'ਤੇ ਉਹਨਾ ਦੀ ਅਦਾਲਤੀ ਨਿਗਰਾਨੀ ਅਤੇ ਜਵਾਬਦੇਹੀ ਹੋਵੇ ਅਤੇ ਉਹ ਸਿਰਫ਼ "ਅੰਕੜਿਆਂ ਦੀ ਖੇਡ" ਨਾਲ ਲੋਕਾਂ ਨੂੰ ਗੁੰਮਰਾਹ ਨਾ ਕਰ ਸਕਣ।

# ਕਾਂਗਰਸ ਪਾਰਟੀ ਦੇ ਚੋਣ ਮੈਨੀਫੈਸਟੋ ਵਿੱਚੋਂ ਪੰਜਾਬ ਦੇ ਮਸਲੇ ਗਾਇਬ

ਦੇਸ਼ ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਨੂੰ ਧਿਆਨ ਵਿੱਚ ਰਖਦਿਆਂ ਕਾਂਗਰਸ ਪਾਰਟੀ ਨੇ ਆਪਣਾ ਚੋਣ ਮੈਨੀਫੈਸਟੋ ਜਾਰੀ ਕੀਤਾ ਹੈ ਜਿਸ ਵਿੱਚ ਦੇਸ਼ ਦੇ ਸਾਰੇ ਭੱਖਦੇ ਮੁੱਦੇ ਫਸਲਾਂ ਤੇ ਐਮ. ਐਸ. ਪੀ. ਦੀ ਕਾਨੂੰਨੀ ਗਰੰਟੀ,ਰਾਖਵਾਂ ਕਰਨ ਤੇ 50% ਦੀ ਹੱਦ ਹਟਾਈ ਜਾਵੇਗੀ, ਜਾਤੀ ਅਧਾਰਿਤ ਜਨਗਣਣਾ ਕਰਵਾਈ ਜਾਵੇਗੀ, ਅਗਨੀਪੱਥ ਯੋਜਨਾ ਰੱਦ ਕੀਤੀ ਜਾਵੇਗੀ, ਕੌਮੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਐਕਟ 1991 ਵਿੱਚ ਸੋਧ ਕਰਨ ਦਾ ਵਾਅਦਾ, ਜੰਮੂ ਕਸ਼ਮੀਰ ਨੂੰ ਮਿਲੇਗਾ ਪੂਰਨ ਰਾਜ ਦਾ ਦਰਜਾ, 30 ਲੱਖ ਤੋਂ ਵੱਧ ਅਸਾਮੀਆਂ ਭਰਨ ਦਾ ਵਾਅਦਾ, ਵੀਵੀਪੈਟ ਪਰਚੀਆਂ ਦਾ ਮਿਲਾਨ ਈ. ਵੀ. ਐਮ. ਨਾਲ ਕਰਵਾਇਆ ਜਾਵੇਗਾ, ਮਨਰੇਗਾ ਤਹਿਤ ਮਜਦੂਰਾਂ ਦੀ ਦਿਹਾੜ੍ਹੀ 400 ਰੁਪਏ ਹੋਵੇਗੀ। ਹੁਣ ਜੇਕਰ ਇਸ ਚੋਣ ਮਨੋਰੱਥ ਪੱਤਰ ਤੇ ਗਹਿਰਾਈ ਨਾਲ ਨਜਰ ਮਾਰੀਏ ਤਾਂ ਸਾਫ ਸਪਸ਼ਟ ਤੌਰ ਤੇ ਪਤਾ ਲਗ ਜਾਵੇਗਾ ਕਿ ਪੰਜਾਬ ਦੇ ਕਿਸੇ ਮਸੱਲੇ ਨੂੰ ਸ਼ਾਮਲ ਨਾ ਕਰਨਾ ਸਿੱਧਾ ਇਸ ਪ੍ਰਾਂਤ ਦੇ ਵਾਸੀਆਂ ਨਾਲ ਵੱਡੀ ਬੇਇਨਸਾਫੀ ਤੇ ਧੱਕਾ ਹੈ। ਜੋ ਇਹ ਸਾਬਤ ਕਰਦਾ ਹੈ ਕਿ ਕਾਂਗਰਸ ਪਾਰਟੀ ਦੀ ਸੋਚ ਪੰਜਾਬ ਤੇ ਉਸ ਦੇ ਵਾਸੀਆ ਨਾਲ ਕਿਹੋ ਜਿਹੀ ਹੈ? ਇਸ ਚੋਣ ਮੈਨੀਫੈਸਟੋ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਚਾਹੇ ਆਮ ਆਦਮੀ ਪਾਰਟੀ ਹੈ ਜਾਂ ਫਿਰ ਖੱਬੀਆਂ ਪਾਰਟੀ ਹਨ ਜਿਹੜੀਆਂ ਕਿ "ਇੰਡੀਆ" ਗੱਠਜੋੜ੍ਹ ਵਿੱਚ ਸ਼ਾਮਲ ਹਨ। ਕਿਸੇ ਇਕ ਪਾਰਟੀ ਨੇ ਵੀ ਪੰਜਾਬ ਦੇ ਮਸੱਲੇ ਨਾ ਉਠਾਉਣ ਬਾਰੇ ਕਾਂਗਰਸ ਪਾਰਟੀ ਦੇ ਆਗੂਆਂ ਨਾਲ ਰੋਸ ਦਾ ਪ੍ਰਗਟਾਵਾ ਨਹੀਂ ਕੀਤਾ ।ਅਸਲ ਵਿੱਚ ਆਵਾ ਹੀ ਊਤਿਆ ਪਿਆ ਹੈ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦੱਲ ਜਿਹੜੀ ਆਪਣੇ ਬਾਰੇ ਦਾਹਵਾ ਕਰਦੀ ਨਹੀਂ ਸੀ ਥੱਕਦੀ ਕਿ ਪੰਜਾਬ ਦੇ ਹੱਕਾਂ ਲਈ ਲੜਣ ਵਾਲੇ ਉਨਾਂ ਦੀ ਇਕੋ ਇਕ ਪਾਰਟੀ ਰਹੀ ਹੈ। ਸ਼੍ਰੋਮਣੀ ਅਕਾਲੀ ਦੱਲ ਨੇ ਵੀ ਪੰਜਾਬ ਵਿੱਚ ਲਗਾਤਾਰ ਦਸ ਵਰ੍ਹੇ ਰਾਜ ਕਰਨ ਦੇ ਨਾਲ ਇਹਨਾਂ ਦੀ ਇਕ ਕੈਬਨਿਟ ਮੰਤਰੀ ਦੇ ਤੌਰ ਤੇ ਕੇਂਦਰ ਦੀ ਸਰਕਾਰ ਵਿੱਚ ਰਹੀ ਹੈ। ਮਜਾਲ ਹੈ ਉਸ ਨੇ ਵੀ ਆਪਣੇ ਰਾਜ ਕਾਲ ਦੌਰਾਨ ਪੰਜਾਬ ਦਾ ਇਕ ਵੀ ਮਸੱਲਾ ਹੱਲ ਕਰਾਉਣਾ ਤਾਂ ਦੂਰ ਦੀ ਗੱਲ ਲੋਕ ਸਭਾ ਵਿੱਚ ਚੁੱਕਿਆ ਹੋਵੇ। ਇਸ ਪਾਰਟੀ ਦੇ ਰਹੇ ਆਗੂਆਂ ਇਨਾਂ ਬਾਦਲਾਂ ਬਾਰੇ ਤਾਂ ਪੰਜਾਬ ਦੇ ਹਰ ਵਾਸੀ ਦੀ ਜਬਾਨ ਤੇ ਹੈ ਕਿ ਇਨਾਂ ਨੇ ਤਾਂ ਆਪਣਾ ਸਾਰਾ ਜੋਰ ਧੰਨ ਕਮਾਉਣ ਵੱਲ ਹੀ ਲਗਾਈ ਰੱਖਿਆ ਸੀ। ਇਹ ਹੀ ਕਾਰਨ ਹੈ ਕਿ ਸ਼੍ਰੋਮਣੀ ਅਕਾਲੀ ਦੱਲ ਨੂੰ ਸਿੱਖ ਪੰਥ ਨੇ ਮੂਲੋਂ ਨਕਾਰ ਦਿੱਤਾ ਹੈ।ਪੰਜਾਬ ਵਿੱਚ ਰਾਜ ਕਰਨ ਵਾਲੀ ਪਾਰਟੀ ਨੂੰ ਇਸ ਮੁਹਾਣੇ ਤੇ ਲਿਆ ਖੜਾ ਕੀਤਾ ਹੈ ਕਿ ਉਹ ਨਾ ਘਰ ਦੇ ਰਹੇ ਤੇ ਨਾ ਹੀ ਘਾਟ ਦੇ ਰਹੇ ਹਨ ।ਪੰਜਾਬ ਦੇ ਚਿੰਤਕਾਂ ਦਾ ਇਹ ਵੀ ਮੰਨਣਾ ਹੈ ਕਿ ਸ਼੍ਰੋਮਣੀ ਅਕਾਲੀ ਦੱਲ ਦੀ ਹੋਂਦ ਨੂੰ ਸ਼ਾਤਰ ਪਾਰਟੀ ਭਾਜਪਾ ਨੇ ਇਸ ਥਾਂ ਤੇ ਪਹੁੰਚਾ ਦਿੱਤਾ ਹੈ। ਪੰਜਾਬ ਦੇ ਲੋਕ ਹਾਲ ਦੀ ਘੜ੍ਹੀ ਵਿੱਚ ਵੀ ਸ੍ਰ ਸੁਖਬੀਰ ਸਿੰਘ ਬਾਦਲ ਵਲੋਂ ਲੱਖ ਯਤਨ ਕਰਨ ਦੇ ਬਾਵਜੂਦ ਉਸ ਦੀ ਲੀਡਰਸ਼ਿਪ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ। ਸ੍ਰ ਬਾਦਲ ਵਲੋਂ ਪੰਜਾਬ ਵਿੱਚ ਸ਼ੁਰੂ ਕੀਤੀ 'ਪੰਜਾਬ ਬਚਾਓ ਯਾਤਰਾ' ਵਿੱਚ ਸਹਿਯੋਗ ਨਾ ਮਿਲਣਾ। ਪੰਜਾਬ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਤੋਂ ਬੜੀਆਂ ਆਸਾਂ ਸਨ ਕਿ ਇਹ ਪਾਰਟੀ ਪੰਜਾਬ ਦੀ ਖੇਤਰੀ ਪਾਰਟੀ ਬਣੇਗੀ ਪਰ ਇਸ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦੀ ਸ੍ਰ ਭਗਵੰਤ ਸਿੰਘ ਮਾਨ ਦੀ ਸਰਕਾਰ ਵਿੱਚ ਬੇਲੋੜ੍ਹੀ ਦਖਲ ਅੰਦਾਜੀ ਨੇ ਪੰਜਾਬੀਆਂ ਦੇ ਮਨਾਂ ਨੂੰ ਗਹਿਰੀ ਸੱਟ ਮਾਰੀ ਹੈ। ਪੰਜਾਬ ਦੇ ਲੋਕਾਂ ਦਾ ਕਹਿਣਾ ਹੈ ਕਿ ਸ੍ਰੀ ਕੇਜਰੀਵਾਲ ਸ੍ਰ ਭਗਵੰਤ ਸਿੰਘ ਮਾਨ ਦੇ ਵਕਾਰ ਨੂੰ ਵੀ ਦਿਨ ਬ ਦਿਨ ਖਰਾਬ ਕਰਦਾ ਆ ਰਿਹਾ ਹੈ। ਪੰਜਾਬ ਤੇ ਇਸ ਦੇ ਲੋਕ ਕਾਫੀ ਗੰਭੀਰ ਸੰਕਟ ਵਿੱਚੋਂ ਲੰਘ ਰਹੇ ਹਨ ਉਨਾ ਦਾ ਕੋਈ ਸਰਬ ਪ੍ਰਵਾਣਿਤ ਆਗੂ ਨਾ ਹੋਣ ਕਰਕੇ ਲਾਵਾਰਸ ਬਣਿਆ ਹੋਇਆ ਹੈ। ਜਦੋਂ ਕਿ ਦੇਸ਼ ਦੀਆਂ ਸਾਰੀਆਂ ਪਾਰਟੀਆਂ ਮੂੰਹੋਂ ਮੂੰਹੀ ਕਹਿੰਦੇ ਨਹੀਂ ਥੱਕਦੇ ਕਿ ਦੇਸ਼ ਦੀ ਅਜਾਦੀ ਦੀ ਲਹਿਰ ਵਿੱਚ ਚਾਹੇ ਕੁਰਬਾਨੀਆਂ ਦੇਣ, ਕਾਲੇ ਪਾਣੀ ਦੀਆਂ ਸਜਾਵਾਂ, ਤਸ਼ੱਦਦ ਸਹਿਣ ਦਾ ਹੋਵੇ ਸਭ ਤੋਂ ਵੱਧ ਯੋਗਦਾਨ ਪੰਜਾਬ ਦਾ ਵਿਸ਼ੇਸ਼ ਕਰਕੇ ਸਿੱਖਾਂ ਦਾ ਰਿਹਾ ਹੈ। ਸਭ ਤੋਂ ਵੱਧ ਧੱਕਾ ਵੀ ਪੰਜਾਬੀ ਨਾਲ ਕੇਂਦਰ ਦੀ ਕਾਂਗਰਸ ਸਰਕਾਰ ਕਰਦੀ ਰਹੀ ਹੈ ਤੇ ਇਸ ਤੋਂ ਚਾਰ ਰਤੀਆਂ ਵੱਧ ਮੌਜੂਦਾ ਭਾਜਪਾ ਸਰਕਾਰ ਸਾਬਤ ਹੋਈ ਹੈ। ਇਸ ਲਈ ਜੇਕਰ ਪੰਜਾਬ ਨੂੰ ਬਚਾਉਣਾ ਹੈ ਤੇ ਉਸ ਦੇ ਕਈ ਦਹਾਕਿਆਂ ਤੋਂ ਲਟੱਕ ਰਹੇ ਮੱਸਲਿਆਂ ਨੂੰ ਹੱਲ ਕਰਵਾਉਣਾ ਹੈ ਤਾਂ ਪੰਜਾਬ ਦੀਆਂ ਸਾਰੀਆਂ ਹਿਤੈਸ਼ੀ ਰਾਜਨੀਤਕ ਪਾਰਟੀ ਨੂੰ ਦੂਸਰੇ ਸੂਬਿਆ ਦੀ ਤਰਾਂ ਜਿਵੇਂ ਉਨਾਂ ਸੂਬਿਆਂ ਦੀਆਂ ਸਾਰੀਆਂ ਪਾਰਟੀਆਂ ਦੇ ਆਗੂਆਂ ਨੂੰ ਆਪਣੇ ਸਾਰੇ ਗਿਲੇ ਸ਼ਿਕਵੇ ਖਤਮ ਕਰਕੇ ਸਿਰ ਜੋੜ੍ਹ ਕੇ ਆਪਣੇ ਮੱਸਲਿਆ ਤੇ ਇਕਠੇ ਹੋ ਕੇ ਲੜਦੇ ਹਨ। ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੂੰ ਵੀ ਪੰਜਾਬ ਦੇ ਮਸੱਲੇ ਚੰਡੀਗੜ੍ਹ, ਦਰਿਆਈ ਪਾਣੀਆਂ, ਡੈਮਾਂ, ਪੰਜਾਬੀ ਬੋਲਦੇ ਇਲਾਕੇ ਆਦਿ ਤੇ ਇਕ ਮੱਤ ਬਣਾ ਕੇ ਦੇਸ਼ ਦੀ ਕਾਂਗਰਸ ਪਾਰਟੀ ਨੂੰ ਮਜਬੂਰ ਕਰਨਾ ਚਾਹੀਦਾ ਹੈ ਕਿ ਉਹ ਪੰਜਾਬ ਦੇ ਕਾਫੀ ਸਮੇਂ ਤੋਂ ਲਟੱਕ ਰਹੇ ਮੱਸਲਿਆਂ ਨੂੰ ਹੱਲ ਕੀਤੇ ਜਾਣ ਨੂੰ ਆਪਣੇ ਚੋਣ ਮੈਨੌਫੈਸਟੋ ਵਿੱਚ ਸ਼ਾਮਲ ਕਰੇ। ਜੇਕਰ ਕਾਂਗਰਸ ਪਾਰਟੀ ਪੰਜਾਬ ਦੇ ਮੱਸਲਿਆਂ ਨੂੰ ਆਪਣੇ ਚੋਣ ਮੈਨੀਫੈਸਟੋ ਵਿੱਚ ਦਰਜ ਨਹੀਂ ਕਰਦੀ ਤਾਂ ਇਸ ਦਾ ਸਿੱਧਾ ਪ੍ਰਭਾਵ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਸਮੇਤ ਉਨਾਂ ਸਾਰੀਆਂ ਪਾਰਟੀਆਂ ਜਿਹੜੀਆਂ ਜਿਹੜੀਆਂ ਵੀ 'ਇੰਡੀਆ' ਗੱਠਜੋੜ੍ਹ ਵਿੱਚ ਸ਼ਾਮਲ ਹਨ ਉਨਾਂ ਸਾਰੀਆਂ ਪਾਰਟੀਆਂ ਦੇ ਲੋਕ ਸਭਾ ਉਮੀਦਵਾਰਾਂ ਤੇ ਪੈਣਾ ਯਕੀਨੀ ਹੈ।



ਜੰਗ ਸਿੰਘ
91-94170-95965

ਇਹ ਗੇਂਦ ਹੁਣ ਕਾਂਗਰਸ ਪਾਰਟੀ ਦੇ ਖੇਡ ਦੇ ਮੈਦਾਨ ਵਿੱਚ ਹੈ ਇਸ ਬਾਰੇ ਨਿਰਣਾ ਵੀ ਇਸੇ ਪਾਰਟੀ ਦੇ ਆਗੂਆਂ ਨੇ ਕਰਨਾ ਹੈ ਕਿ ਕਾਂਗਰਸ ਪਾਰਟੀ ਨੇ ਆਪਣੀ ਪਹਿਲੇ ਦੀ ਤਰਾਂ ਪੰਜਾਬ ਵਿਰੋਧੀ ਨੀਤੀ ਜਿਸ ਤੇ ਕਾਂਗਰਸ ਪਾਰਟੀ ਪੜਾਅ ਪੜਾਅ ਤੇ ਪੰਜਾਬ ਨਾਲ ਦੇਸ਼ ਦੀ ਅਜਾਦੀ ਤੋਂ ਬਾਅਦ ਕਰਦੀ ਆਈ ਹੈ ਤੇ ਹੁਣ ਪਿਛਲੇ ਦੱਸ ਸਾਲਾਂ ਤੋਂ ਦੇਸ਼ ਵਿੱਚ ਰਾਜ ਕਰ ਰਹੀ ਪਾਰਟੀ ਭਾਜਪਾ ਹੈ।ਇਸ ਦਾ ਵਤੀਰਾ ਪੰਜਾਬ ਪ੍ਰਤੀ ਕਾਂਗਰਸ ਨਾਲੋਂ ਵੀ ਕਿਤੇ ਵਧੇਰੇ ਨਾਂਹ ਪੱਖੀ ਹੈ। ਹੁਣ ਇਹ ਵੇਖਣਾ ਹੈ ਕਿ ਕਾਂਗਰਸ ਪਾਰਟੀ ਆਪਣੀ ਪੁਰਾਣੀ ਸੋਚ ਨੂੰ ਬਦਲਦੀ ਹੈ ਜਾਂ ਫਿਰ ਪਹਿਲਾਂ ਦੀ ਤਰਾਂ ਚਲਦੀ ਰਹੇਗੀ ।ਇਹ ਸਮੇਂ ਦਾ ਤਕਾਜਾ ਹੀ ਦਸੇਗਾ।

# ਕੱਤਕ ਨਹੀਂ ਵੈਸਾਖ- ਜਨਮ ਸਾਖੀ ਭਾਈ ਬਾਲਾ ਦੀ ਅਸਲੀਅਤ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਜਨਮ ਅਤੇ ਸਾਖੀ ਦੇ ਮੇਲ ਤੋਂ ਬਣੇ ਜਨਮਸਾਖੀ ਦਾ ਭਾਵ ਹੈ ਜਨਮ ਦੀ ਗਵਾਹੀ। ਸਿੱਖ ਇਤਿਹਾਸ ਨਾਲ ਸਬੰਧਿਤ ਜਨਮ ਸਾਖੀ, ਕੇਵਲ ਜਨਮ ਦੀ ਗਵਾਹੀ ਹੀ ਨਹੀ ਸਗੋਂ ਜੀਵਨ ਦੀ ਕਹਾਣੀ ਹੈ। ਵਿਦਵਾਨਾਂ ਦਾ ਮੱਤ ਹੈ ਕਿ ਜਨਮ ਸਾਖੀ ਗੁਰੂ ਜੀ ਦੇ ਜਨਮ ਨਾਲ ਸਬੰਧਿਤ ਸਾਖੀ ਦਾ ਸਿਰਲੇਖ ਸੀ ਜੋ ਹੌਲੀ-ਹੌਲੀ ਸਾਖੀਆਂ ਦੇ ਸਮੂਹ ਦਾ ਹੀ ਸਿਰਲੇਖ ਬਣ ਗਿਆ। ਸਿੱਖ ਇਤਿਹਾਸ ਦੇ ਪੁਰਾਤਨ ਵਸੀਲਿਆਂ ਵਿਚ ਜਨਮ ਸਾਖੀਆਂ ਦਾ ਮਹੱਤਵਪੂਰਨ ਅਸਥਾਨ ਹੈ। ਸਿੱਖ ਸਾਹਿਤ ਵਿਚ ਮਿਲਦੀਆਂ ਜਨਮ ਸਾਖੀਆਂ, "ਪੁਰਾਤਨ ਜਨਮ ਸਾਖੀ" ਜੋ ਹਾਫਜ਼ਾ ਵਾਦੀ, ਵਲਾਇਤ ਵਾਲੀ ਅਤੇ ਕੌਲਬਰੁਕ ਵਾਲੀ ਜਨਮ ਸਾਖੀ ਆਦਿ ਨਾਵਾਂ ਨਾਲ ਵੀ ਜਾਣੀ ਜਾਂਦੀ ਹੈ, "ਪੋਥੀ ਸਚ ਖੰਡ" ਮਿਹਰਬਾਨ ਵਾਲੀ ਜਨਮ ਸਾਖੀ, "ਆਦਿ ਸਾਖੀਆਂ" ਸ਼ੰਭੂ ਨਾਥ ਵਾਲੀ ਜਨਮ ਪਤ੍ਰੀ, ਭਾਈ ਬਾਲੇ ਵਾਲੀ ਜਨਮ ਸਾਖੀ, "ਗਿਆਨ ਰਤਨਾਵਲੀ" ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, "ਜਨਮ ਸਾਖੀ ਨਾਨਕ ਸ਼ਾਹ ਕੀ"ਕ੍ਰਿਤ ਸੰਤ ਦਾਸ ਛਿੱਬਰ, ਜੋ ਭਾਈ ਬਾਲੇ ਵਾਲੀ ਦਾ ਹੀ ਕਾਵਿਕ ਰੂਪ ਹੈ, "ਆਦਿ ਸਾਖੀਆਂ"ਭਾਈ ਬੂਲਾ ਦੀ ਕ੍ਰਿਤ ਅਤੇ ਸ਼ੀਹਾ ਉੱਪਲ ਦੀ ਕ੍ਰਿਤ "ਸਾਖੀ ਮਹਿਲ ਪਹਿਲੇ ਕੀ" ਪ੍ਰਸਿੱਧ ਹਨ। ਜਨਮ ਸਾਖੀਆਂ ਵਿੱਚ ਸਭ ਤੋਂ ਵੱਧ ਪ੍ਰਚੱਲਤ ਹੈ ਭਾਈ ਬਾਲੇ ਵਾਲੀ ਜਨਮ ਸਾਖੀ।ਇਸ ਦੇ ਪ੍ਰਚੱਲਤ ਹੋਣ ਦਾ ਕਾਰਨ ਹੈ ਪਿਛਲੀ ਡੇਢ ਸਦੀ ਤੋਂ ਗੁਰਦਵਾਰਿਆਂ ਵਿੱਚ ਭਾਈ ਸੰਤੋਖ ਸਿੰਘ ਦੇ ਲਿਖੇ ਸੂਰਜ ਪ੍ਰਕਾਸ਼ ਦੀ ਹੋ ਰਹੀ ਕਥਾ। ਇਸ ਜਨਮ ਸਾਖੀ ਦੇ ਹੱਥ ਲਿਖਤ ਉਤਾਰੇ ਬਹੁਤ ਮਿਲਦੇ ਹਨ ਅਤੇ ਛਾਪੇ ਖ਼ਾਨੇ ਵਾਲਿਆਂ ਨੇ ਵੀ ਵਾਰ-ਵਾਰ ਇਸੇ ਨੂੰ ਹੀ ਛਾਪਿਆ ਹੈ। ਇਸ 'ਚ ਕੋਈ ਸ਼ੱਕ ਨਹੀ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮ ਸਾਖੀ ਦਾ ਹੀ ਪ੍ਰਚਾਰ ਸਭ ਤੋਂ ਵੱਧ ਹੋਇਆ ਹੈ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਜਨਮ ਸਾਖੀਆਂ ਦੀ ਪ੍ਰਮਾਣਿਕਤਾ ਬਾਰੇ ਵੀ ਸਭ ਤੋਂ ਵੱਧ ਪਰਖ-ਪੜਚੋਲ, ਭਾਈ ਬਾਲੇ ਵਾਲੀ ਜਨਮ ਸਾਖੀ ਦੀ ਹੀ ਹੋਈ ਹੈ।

ਭਾਈ ਬਾਲੇ ਵਾਲੀਜਨਮ ਸਾਖੀ ਦੀ ਪਰਖਦੇ ਆਰੰਭਕਉਪਰਾਲੇ ਵਜੋਂ, ਸਿੰਘ ਸਭਾ ਦੇ ਸਮੇਂ 1884 ਈ:ਵਿਚ ਪ੍ਰੋ: ਗੁਰਮੁਖ ਸਿੰਘ ਜੀ ਨੇ 'ਜਨਮ ਕੁੰਡਲੀਆਂ' ਲੇਖ ਆਪਣੇ ਮਾਸਿਕ ਪਤ੍ਰਿਕਾ ਸੁਧਾਰਕ ਵਿੱਚ ਛਾਪਿਆ ਸੀ। ਪਰ ਠੋਸ ਆਲੋਚਨਾਤਮਿਕ ਅਧਿਐਨ ਦਾ ਮੁੱਢ ਸ। ਕਰਮ ਸਿੰਘ ਹਿਸਟੋਰੀਅਨ ਨੇ 1912 ਈ:ਵਿਚ, 'ਕੱਤਕ ਕਿ ਵੈਸਾਖ' ਲਿਖ ਕੇ ਬੰਨ੍ਹਿਆਂ ਸੀ। ਇਸੇ ਤਰ੍ਹਾਂ ਹੀ ਪੁਰਾਤਨ ਜਨਮ ਸਾਖੀਆਂ ਦੀ ਸਾਂਭ-ਸੰਭਾਲ ਅਤੇ ਮੁੜ ਸੰਪਾਦਨਾ ਦਾ ਕਾਰਜ ਭਾਈ ਵੀਰ ਸਿੰਘ ਨੇ 1926 ਈ: ਵਿਚ, ਵਲੈਤ ਵਾਲੀ ਜਨਮਸਾਖੀ ਅਤੇ ਹਾਫਜਾਵਾਦੀ ਜਨਮਸਾਖੀ, ਜੋ ਲੱਗ ਭੱਗ ਸਮਰੂਪ ਹੀ ਹਨ, ਦੇ ਅਧਾਰ ਤੇ ਪੁਰਾਤਨ ਜਨਮਸਾਖੀ ਦੀ ਸੰਪਾਦਨਾ ਕਰਕੇ ਆਰੰਭ ਦਿੱਤਾ ਸੀ। ਪਰ ਵਿਦਿਅਕ ਅਦਾਰਿਆਂ ਵਿਚ ਵੱਡੀ ਪੱਧਰ ਤੇ ਇਸ ਵਿਸ਼ੇ ਤੇ ਖੋਜ ਕਾਰਜ ਦਾ ਆਰੰਭ, ਗੁਰੂ ਨਾਨਕ ਜੀ ਦੇ ਪ੍ਰਕਾਸ਼ ਦੀ ਪੰਜਵੀਂ ਸ਼ਤਾਬਦੀ ਭਾਵ 1969 ਈ:ਦੇ ਆਸ-ਪਾਸ ਹੀ ਹੋਇਆ ਸੀ।

ਸ। ਕਰਮ ਸਿੰਘ ਹਿਸਟੋਰੀਅਨ ਜੀ ਲਿਖਦੇ ਹਨ, "ਭਾਈ ਬਾਲੇ ਵਾਲੀ ਜਨਮ ਸਾਖੀ ਦੀ ਪੁਰਾਣੀ ਤੋਂ ਪੁਰਾਣੀ ਕਾਪੀ ਜੋ ਮਿਲ ਸਕੀ ਹੈ ਉਹ ਜਗਰਾਵੀਂ ਇਕ ਡੇਰੇ ਵਿਚੋਂ ਮਿਲੀ ਹੈ, ਇਸ ਦੇ ਲਿਖੇ ਜਾਣ ਦਾ ਸੰਮਤ ੧੭੯੧ ਮਿਤੀ ਮੱਘਰ ਵਦੀ ਦਸਮੀ ਹੈ। ਇਸ ਤੋਂ ਪਹਿਲਾਂ ਦੀ ਲਿਖੀ ਹੋਈ ਕਾਪੀ ਨਹੀਂ ਮਿਲਦੀ"। (ਪੰਨਾ 115) ਹੁਣ ਖੋਜੀ ਵਿਦਵਾਨਾਂ ਨੂੰ ਬਿਕ੍ਰਮੀ 1715ਸੰਮਤ(1658 ਈ:) ਦੀ ਲਿਖੀ ਹੋਈ ਹੱਥ ਲਿਖਤ ਮਿਲੀ ਹੈ ਜੋ ਸ੍ਰੀ ਪਿਆਰੇ ਲਾਲ ਕਪੂਰ, ਦੀ ਸੰਤਾਨ ਪਾਸ ਸੁਰਖਿਅਤ ਹੈ। ਹੁਣ ਤਾਈਂ ਮਿਲੀਆਂ ਹੱਥ ਲਿਖਤਾਂ 'ਚ ਇਹ ਸਭ ਤੋਂ ਪੁਰਾਣੀ ਹੱਥ ਲਿਖਤ ਮੰਨੀ ਗਈ ਹੈ। ਇਹ ਇਕੋ ਹੱਥ ਦੀ ਲਿਖਤ ਹੈ। ਇਸ ਦਾ ਲੇਖਕ ਲਾਹੌਰ ਨਿਵਾਸੀ ਗੋਰਖ ਨਾਥ ਹੈ। "ਸੰਮਤ ੧੭੧੫ ਮਾਘ ਸੁਦੀ ੬ ਪੋਥੀ ਲਿਖੀ ਗੁਰਪ੍ਰਸਾਦ ਗੋਰਖ ਦਾਸ ਸੰਗਤ ਗੁਰੂ ਜਾਚਕ"। ਇਹ ਤਾਰੀਖ 18 ਜਨਵਰੀ 1659 ਈ: (ਜੂਲੀਅਨ) ਬਣਦੀ ਹੈ। ਪਰ ਇਸ ਜਨਮ ਸਾਖੀ ਦੇ ਆਰੰਭ ਵਿੱਚ ਹੀ ਇਸ ਦਾ ਲੇਖਕ ਲਿਖਦਾ ਹੈ, "ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ ਸੰਮਤ 1582, ਪੰਦ੍ਰਾ ਸੈ ਬੈਆਸੀਆਂ ਮਿਤੀ ਵੈਸਾਖ ਸੁਦੀ ਪੰਚਮੀ ਪੋਥੀ ਲਿਖੀ"। ਇਹ ਤਾਰੀਖ 27 ਅਪ੍ਰੈਲ 1525 ਈ: ਬਣਦੀ ਹੈ। ਜਦੋਂ ਕਿ ਗੁਰੂ ਜੀ ਅੱਸੂ ਵਦੀ 10 ਸੰਮਤ 1596 ਬਿਕ੍ਰਮੀ (7 ਸਤੰਬਰ 1539 ਈ:) ਜੋਤੀ ਜੋਤ ਸਮਾਏ ਸਨ। ਕੋਈ ਸਮਾਂ ਸੀ ਜਦੋਂ ਸਾਧਨਾਂ ਦੀ ਕਮੀ ਕਾਰਨ ਸਿੱਖਾਂ ਵਿੱਚ ਪੜ੍ਹਨ ਦੀ ਬਹੁਤੀ ਰੁਚੀ ਨਹੀ ਸੀ। ਆਪ ਪੜ੍ਹਨ ਅਤੇ ਪਰਖ ਪੜਚੋਲ ਦੀ ਬਜਾਏ, ਪ੍ਰਚਾਰਕਾਂ ਵੱਲੋਂ ਸੁਣਾਈਆਂ ਸਾਖੀਆਂ ਨੂੰ ਹੀ ਸੱਚ ਮੰਨ ਲਿਆ ਜਾਂਦਾ ਸੀ। ਅੱਜ ਸਾਡੇ ਪਾਸ ਬਹੁਤ ਸਾਰੇ ਸਾਧਨ ਹਨ ਅਤੇ ਪ੍ਰਚਾਰਕਾਂ ਦੀ ਨਵੀਂ ਪੀੜ੍ਹੀ, ਕੁਝ ਇਕ ਨੂੰ ਛੱਡ ਕੇ, ਪੜ੍ਹੀ ਲਿਖੀ ਹੈ, ਜੋ ਇਤਿਹਾਸ 'ਚ ਦਰਜ ਸਾਖੀਆਂ ਨੂੰ ਗੁਰਬਾਣੀ ਦੀ ਕਸਵੱਟੀ ਅਤੇ ਵਿਗਿਆਨਕ ਨਿਯਮਾ ਨਾਲ ਪਰਖ ਪੜਚੋਲ ਕੇ ਪੇਸ਼ ਕਰਦੇ ਹਨ। ਪੜ੍ਹਨ-ਲਿਖਣ ਦੀ ਰੁਚੀ ਰੱਖਣ ਵਾਲੇ ਸੱਜਣ ਇਹ ਜਾਣਦੇ ਹਨ ਕਿ ਬਾਲੇ ਵਾਲੀ ਜਨਮ ਸਾਖੀ ਜੋ ਅੱਜ ਪ੍ਰਚਲਿਤ ਹੈ, ਇਹ ਗੁਰੂ ਅੰਗਦ ਦੇਵ ਜੀ ਵੱਲੋਂ ਲਿਖਾਈ, ਜਨਮ ਸਾਖੀ ਨਹੀਂ ਹੈ। ਬਹੁਗਿਣਤੀ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮ ਸਾਖੀ ਹੰਦਾਲੀਆਂ ਵੱਲੋਂ ਲਿਖਵਾਈ ਹੋਈ ਹੈ। ਇਸ ਵਿੱਚ ਹੰਦਾਲ ਨੂੰ ਗੁਰੂ ਜੀ ਤੋਂ ਵੱਡਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੋਈ ਹੈ। ਇਸ ਜਨਮ ਸਾਖੀ ਵਿੱਚ ਬੇਅੰਤ ਭੁੱਲਾਂ ਦੇ ਨਾਲ-ਨਾਲ ਗੁਰੂ ਜੀ ਦਾ ਨਿਰਾਦਰ ਕਰਨ ਵਾਲੀਆਂ ਸਾਖੀਆਂ ਵੀ ਦਰਜ ਹਨ।ਜਿਵੇ ਕਿ ਮਝੌਤ ਵਾਲੀ (57) ਅਤੇ ਸਹਿਜਕੁਸਹਿਜ ਵਾਲੀ ਸਾਖੀ (75)।

ਹੰਦਾਲ ਦਾ ਜਨਮ, ਸੰਮਤ 1630 ਬਿਕ੍ਰਮੀ ਵਿਚ ਹੋਇਆ ਸੀ। "ਸੰਮਤ ੧੬੩੦ ਵਿਸਾਖ ਸੁਦੀ ਪੂਰਨਮਾਸ਼ੀ ਸਵਾਂਤੀਨਿਛੱਤ੍ਰ ਡੇਢ ਪਹਿਰ ਰਾਤ ਰਹਿੰਦੀ ਐਤਵਾਰ ਗੁਰੂ ਜੀ ਦਾ ਜਨਮ ਹੋਇਆ" (ਸ੍ਰੀ ਗੁਰੂ ਹੰਦਾਲ ਪ੍ਰਕਾਸ਼, ਪੰਨਾ 31) (ਯਾਦ ਰਹੇ ਵੈਸਾਖ ਸੁਦੀ ਪੂਰਨਮਾਸ਼ੀ ਨੂੰ 17 ਅਪ੍ਰੈਲ ਦਿਨ ਸ਼ੁੱਕਰਵਾਰਸੀ ਨਾਕਿ ਐਤਵਾਰ)ਹੰਦਾਲਦੀ ਮੌਤ ਸੰਮਤ ੧੭05 ਬਿਕ੍ਰਮੀ ਨੂੰ ਹੋਈ ਸੀ। ਇਸ ਦੇ ਪੁੱਤਰ ਬਿਧੀ ਚੰਦ ਦਾ ਜਨਮ ਸੰਮਤ 1660 ਬਿਕ੍ਰਮੀ ਅਤੇ ਮੌਤ ਸੰਮਤ 1715 ਬਿਕ੍ਰਮੀ ਨੂੰ ਹੋਈ ਸੀ। ਬਾਲ ਚੰਦ, ਬਿਧੀ ਚੰਦ ਤੋਂ 3 ਸਾਲ ਵੱਡਾ ਸੀ। ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਬਾਲ ਚੰਦ ਹੀ ਬਾਲਾ ਹੈ।

ਡਾ. ਗੁਰਬਚਨ ਕੌਰ ਜੀ ਲਿਖਦੇ ਹਨ, "ਬਾਲਾ, ਇਸ ਜਨਮ ਸਾਖੀ ਦਾ ਵਿਸ਼ੇਸ਼ ਪਾਤਰ ਹੈ ਜੋ ਗੁਰੂ ਨਾਨਕ ਜੀ ਦਾ ਸਾਥੀ ਹੋਣ ਦਾ ਦਾਅਵਾ ਕਰਦਾ ਹੈ ਤੇ ਆਪਣੇ ਆਪ ਨੂੰ ਗੁਰੂ ਅੰਗਦ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਨਾਨਕ ਦੀ ਜੀਵਨੀ ਲਿਖਾਉਣ ਵਾਲਾ ਸਿੱਧ ਕਰਦਾ ਹੈ। ਪਰ ਜਨਮ ਸਾਖੀ ਦੀਆਂ ਅੰਦਰਲੀਆਂ ਗਵਾਈਆਂ ਦੇ ਅਧਾਰ ਉੱਤੇ ਸਿੱਧ ਕੀਤਾ ਗਿਆ ਹੈ ਕਿ ਇਹੋ ਜਿਹਾ ਕੋਈ ਇਤਿਹਾਸਿਕ ਵਿਅਕਤੀ ਨਹੀਂ ਹੋਇਆ, ਸਗੋਂ ਇਸ ਸਾਰੇ ਖੜ ਜੰਤਰ ਨੂੰ ਰਚਣ ਦਾ ਕੰਮ, ਬੜੀ ਚਤਰਾਈ ਨਾਲ, ਹੰਦਾਲ ਦੇ ਜੇਠੇ ਲੜਕੇ 'ਬਾਲ ਚੰਦ ਨੇ ਕੀਤਾ ਹੈ। ਇਹ ਇਕ ਨਵੀਂ ਲੱਭਤ ਹੈ"। (ਜਨਮ ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਣ ਤੇ ਆਲੋਚਨਾਤਮਿਕ ਸੰਪਾਦਨ, ਪੰਨਾ 146)

ਕਵੀ ਸੰਤੋਖ ਸਿੰਘ ਨੇ ਆਪਣੇ ਗ੍ਰੰਥ 'ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਦ' ਦੇ 37ਵੇਂ ਅਧਿਆਇ "ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆ" ਵਿੱਚ ਆਪਣੇ ਸਰੋਤਾਂ ਦਾ ਜਿਕਰ ਕਰਦੇ ਲਿਖਦੇ ਹਨ:

ਪੂਰਬ ਪੋਥੀ ਜੋ ਲਿਖੀ ਸ੍ਰੀ ਨਾਨਕ ਇਤਿਹਾਸ। ਲਿਖਵਾਈ ਅੰਗਦ ਗੁਰੂ ਬਾਲੇ ਬਦਨ ਪ੍ਰਕਾਸ਼॥੧੩॥

ਉਪ੍ਰੋਕਤ ਪੰਗਤੀ ਤੋਂ ਸਪੱਸ਼ਟ ਹੈ ਕਿ ਕਵੀ ਭਾਈ ਸੰਤੋਖ ਸਿੰਘ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਜਿਕਰ ਕਰ ਰਹੇ ਹਨ ਜੋ ਇਨ੍ਹਾਂ ਦਾ ਇਤਿਹਾਸਕ ਸਰੋਤ ਹੈ। ਇਸ ਤੋਂ ਅੱਗੇ ਕਵੀ ਜੀ, ਹੰਦਾਲ ਦਾ ਜਿਕਰ ਕਰਦੇ ਹੋਏ ਲਿਖਦੇ ਹਨ ਕਿ ਹੰਦਾਲ ਦੇ ਘਰ ਇਕ ਨੀਚ ਪੈਦਾ ਹੋ ਗਿਆ। ਜਿਸ ਦੇ ਹੱਥ ਗੁਰੂ ਅੰਗਦ ਜੀ ਵੱਲੋਂ ਲਿਖਵਾਈ ਪੋਥੀ ਆ ਗਈ। ਉਸ ਨੇ ਇਕ ਕਬੀਰ ਪੰਥੀ ਨਾਲ ਮਿਲ ਕੇ ਮਿਲਾਵਟੀ ਪੋਥੀ ਤਿਆਰ ਕਰ ਦਿੱਤੀ ਜਿਸ ਵਿੱਚ ਉਸ ਨੇ ਹੰਦਾਲ ਦੀ ਵਡਿਆਈ ਕੀਤੀ ਅਤੇ ਗੁਰੂ ਨਾਨਕ ਜੀ ਸਬੰਧੀ ਅਯੋਗ ਸਾਖੀਆਂ ਇਸ ਆਸ ਨਾਲ ਲਿਖ ਦਿੱਤੀਆਂ ਕਿ ਗੁਰੂ ਦੇ ਸਿੱਖ ਸਾਨੂੰ ਮੰਨਣ ਲੱਗ ਪੈਣਗੇ। ਅਸਲ ਪੋਥੀ ਨੂੰ ਪਾੜ ਕੇ ਬਿਆਸ ਦਰਿਆ ਦੇ ਸਪੁਰਦ ਕਰ ਦਿੱਤਾ।

ਹਮਕੋ ਮਨਹਿੰਗੇ ਬਹੁ ਮਾਨਵ। ਲਿਖੀ ਅਧਿਕਤਾ ਉਰ ਆਨਵ।
ਪੂਰਬ ਪੋਥੀ ਹੁਤੀ ਜੋ ਸੋਈ ਦਈ ਬਿਆਸ ਬੀਚ ਡਬੋਇ॥੨੭॥
ਪੰਨੇ ਛੇਦੇ ਦਈ ਬਹਾਈ। ਜੋ ਸ੍ਰੀ ਗੁਰੂ ਅੰਗਦ ਲਿਖਵਾਈ।
ਤਿਹਕੋ ਤਾਤਪਰਜ ਸਭਿ ਚੀਨੇ। ਅਧਿਕ ਬਚਨ ਅਪਨੇ ਲਿਖਿ ਦੀਨੇ॥੨੮॥

ਕਵੀ ਸੰਤੋਖ ਸਿੰਘ ਦੀ ਉਪ੍ਰੋਕਤ ਲਿਖਤ ਤੋਂ ਇਹ ਸਪੱਸ਼ਟ ਹੈ, ਕਵੀ ਦੀ ਜਾਣਕਾਰੀ ਦਾ ਵਸੀਲਾ ਭਾਈ ਬਾਲੇ ਵਾਲੀ ਮਿਲਾਵਟੀ ਜਨਮ ਸਾਖੀ ਹੈ। "ਕਰਿ ਕੁਕਰਮ ਅਨਸ਼ੋਧ ਬਨਾਈ ਅਪਨ ਵਡਿਨ ਕੀ ਕੀਰਤਿ ਪਾਈ"। ਕਵੀ ਜੀ ਲਿਖਦੇ ਹਨ ਕਿ ਹੰਦਾਲੀਆਂ ਨੇ ਅਸਲ ਜਨਮ ਸਾਖੀ ਨੂੰ ਪਾੜ ਕੇ ਬਿਆਸ ਦਰਿਆ 'ਚ ਰੋੜ ਦਿੱਤਾ ਸੀ। ਜੇ ਇਹ ਸੱਚ ਹੈ ਤਾਂ ਇਹ ਘਟਨਾ ਸੰਮਤ 1715ਬਿਕ੍ਰਮੀ (1658 ਈ:) ਤੋਂ ਪਹਿਲਾ ਦੀ ਹੀ ਹੋ ਸਕਦੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਕਵੀ ਜੀ ਖ਼ੁਦ ਮੰਨਦੇ ਹਨ ਕਿ ਉਨ੍ਹਾਂ ਦਾ ਸਰੋਤ ਹੰਦਾਲੀਆਂ ਵਾਲੀ ਮਿਲਾਵਟੀ ਜਨਮ ਸਾਖੀ ਹੈ ਤਾ ਉਨ੍ਹਾਂ ਦੀ ਲਿਖਤ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਸ਼ਵਾਸ ਯੋਗ ਕਿਵੇਂ ਮੰਨੀ ਜਾ ਸਕਦੀ ਹੈ?

ਪੁਰਾਤਨ ਜਨਮ ਸਾਖੀਆਂ, ਪੋਥੀ ਸੱਚ ਖੰਡ (1619 ਈ:), ਜਨਮ ਪਤ੍ਰੀ ਬਾਬੇ ਜੀ ਕੀ (1597 ਈ:) ਅਤੇ ਸਾਖੀ ਮਹਿਲ ਪਹਿਲੇ ਕੀ (1574 ਈ:)ਵਿੱਚ ਕਿਤੇ ਵੀ ਭਾਈ ਬਾਲੇ ਦਾ, ਗੁਰੂ ਨਾਨਕ ਜੀ ਦੇ ਨਿਕਟਵਰਤੀ ਵਜੋਂ ਜਿਕਰ ਨਹੀਂ ਹੈ। ਸਪੱਸ਼ਟ ਹੈ ਕਿ ਭਾਈ ਬਾਲੇ ਨਾਮ ਦਾ ਕੋਈ ਵਿਅਕਤੀ ਗੁਰੂ ਨਾਨਕ ਦੇਵ ਜੀ ਦਾ ਨਿਕਟਵਰਤੀ ਨਹੀਂ ਸੀ। ਭਾਈ ਬਾਲੇ ਵਾਲੀ ਮੌਜੂਦਾ ਜਨਮ ਸਾਖੀ, ਗੁਰੂ ਅੰਗਦ ਦੇਵ ਜੀ ਵੱਲੋਂ ਲਿਖਵਾਈ ਹੋਈ ਨਹੀਂ ਹੈ। ਇਸ ਜਨਮਸਾਖੀ ਦੇ ਆਰੰਭ ਵਿੱਚ ਲਿਖੀ ਤਾਰੀਖ ਇਸ ਨੂੰ, ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਲੱਗ ਭੱਗ 14 ਸਾਲ ਪਹਿਲਾ ਦੀ ਲਿਖੀ ਦੱਸ ਰਹੀ ਹੈ। ਇਸ ਦੇ ਆਰੰਭ ਵਿਚ ਲਿਖਿਆ ਸਾਲ (1582) ਅਤੇ ਅੰਤ ਵਿੱਚ ਦਰਜ ਇਸ ਦੇ ਲਿਖੇ ਜਾਣ ਦੇ ਸਾਲ (1715) ਵਿੱਚ 133 ਸਾਲ ਦਾ ਫਰਕ ਹੈ। "੧ੴ ਸਤਿਗੁਰ ਪ੍ਰਸਾਦਿ ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ - ਸੰਮਤ 1582 ਪੰਦ੍ਰਹ ਸੈ ਬਿਆਸੀਆਂ ਮਿਤੀ ਵੈਸਾਖ ਸੁਦੀ ਪੰਚਮੀਂ" ਪੋਥੀ ਲਿਖੀ ਪੈੜੇ ਮੋਖੇ ਸੁਲਤਾਨਪੁਰ ਕੇ ਖਤਰੀ" ਗੁਰੂ ਅੰਗਦ ਲਖਵਾਈ ਪੈੜਾ ਮੋਖਾ ਬਾਲੇ ਸੰਧੂ ਜਟੇਟੇ ਨਾਲਿ ਰਾਇ ਭੋਏ ਦੀ ਤਲਵੰਡੀ ਆਇਆ ਆਹਾ। ਗੁਰੂ ਅੰਗਦ ਜੀ ਨੌ ਡੂਢਿ ਕੈ ਲਧਾਆਹਾ॥ ਦੁਇ ਮਹੀਨੇ ਸਤਾਰਹ ਦਿਨ ਲਿਖਦਿਆ ਲਗੇ ਅਹੇ। ਜੋ ਹਕੀਕਤ ਜਿਥੇ ਜਿਥੇ ਫਿਰੇ ਆਹੈਤਿਥੋਤਿਥੋ ਦੀ ਹਕੀਕਤ ਸਹਜਿ ਨਾਲ ਭਾਈ ਬਾਲੇ ਲਖਾਈ। ਬਾਲੇ ਉਪਰਿ ਗੁਰੂ ਅੰਗਦ ਬਹੁਤੁਖੁਸੀ ਹੋਇਆ। ਭਾਈ ਬਾਲੇ ਅਤੇ ਮੁਰਦਾਨਾ ਰਬਾਬੀ ਨਾਲਿ ਫਿਰੇ ਆਹਾਮੋਦੀਖਾਨੇ ਕੇ ਤਖਤ, ਬਾਲਾ ਨਾਲੇ ਆਹਾ।ਸਭ ਤੋਂ ਮਹੱਤਵ ਪੂਰਨ ਸਵਾਲ ਹੈ, ਗੁਰੂ ਅੰਗਦ ਦੇਵ ਜੀ ਵੱਲੋਂ ਭਾਈ ਬਾਲੇ ਨੂੰ ਪੁੱਛਣਾ, "ਸਿਖਾ ਕਿਥੋਂਆਇਓ ਸੁ ਕਿਵਕਰਿ ਆਵਣ ਹੋਇਆ ਹੈਜੀ। ਕਉਣ ਹੁੰਦੇਹੋ"?

ਕੀ ਇਸ ਜਨਮ ਸਾਖੀਦੇ ਅੰਦਰਲੀਆਂ ਗਵਾਈਆਂ ਹੀ ਇਸ ਨੂੰ ਰੱਦ ਕਰਨ ਲਈ ਕਾਫੀ ਨਹੀਂ ਹਨ?ਬਾਲਾ, ਇਕ ਕਾਲਪਨਿਕ ਪਾਤਰ ਹੈ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ ਮੌਜੂਦਾ ਜਨਮ ਸਾਖੀ ਝੂਠੀ ਅਤੇ ਜਾਹਲੀ ਹੈ। ਸਾਡਾ ਇਹ ਦਾਵਾ ਉਨ੍ਹਾਂ ਚਿਰ ਕਾਇਮ ਰਹੇਗਾ, ਜਿੰਨਾ ਚਿਰ ਸਬੰਧਿਤ ਧਿਰਾਂ ਸੰਮਤ 1597 ਬਿਕ੍ਰਮੀ (1540 ਈ:) ਦੀ ਲਿਖੀ ਹੋਈ ਭਾਈ ਬਾਲੇ ਦੀ ਅਸਲ ਲਿਖਤ ਪੇਸ਼ ਨਹੀ ਕੀਤੀ ਜਾਂਦੀ। ਹੁਣ ਜਦੋਂ ਭਾਈ ਬਾਲਾ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ ਜਨਮਸਾਖੀ ਹੀ ਰੱਦ ਹੋ ਗਈ ਹੈ ਤਾਂ ਇਸ ਅਤੇ ਇਸੇ ਸ਼ਾਖ਼ ਦੀਆਂ ਹੋਰ ਲਿਖਤਾਂ ਵਿੱਚ ਦਰਜ, ਗੁਰੂ ਨਾਨਕ ਜੀ ਦੀ ਜਨਮ ਤਾਰੀਖ 'ਕੱਤਕ ਦੀ ਪੁੰਨਿਆ'ਵੀ ਆਪਣੇ ਆਪ ਹੀ ਰੱਦ ਹੋ ਜਾਂਦੀ ਹੈ।

# ਪਾਤਸ਼ਾਹੀ ਛੇਵੀਂ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂਸਰ ਸਾਹਿਬ, ਪਿੰਡ ਚਕੋਹੀ (ਲੁਧਿਆਣਾ)



ਸਿੱਖ ਗੁਰੂ ਸਾਹਿਬਾਨਾਂ ਨੇ ਜਿੱਥੇ-ਜਿੱਥੇ ਵੀ ਆਪਣੇ ਪਵਿੱਤਰ ਚਰਨ ਪਾਏ, ਉਹ ਸਥਾਨ ਪਵਿੱਤਰ ਤੇ ਪੂਜਣਯੋਗ ਹੋ ਗਏ। ਪੰਜਾਬ ਦੀ ਧਰਤੀ ਨੂੰ ਸਾਰੇ ਸਿੱਖ ਗੁਰੂ ਸਾਹਿਬਾਨਾਂ ਦੀ ਚਰਨ ਛੋਹ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਰਿਹਾ ਹੈ। ਅਜਿਹਾ ਹੀ ਇੱਕ ਪਿੰਡ ਚਕੋਹੀ (ਜਿਲ੍ਹਾ ਲੁਧਿਆਣਾ) ਹੈ, ਜਿੱਥੇ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਪਵਿੱਤਰ ਚਰਨ ਪਾਏ ਤੇ ਇਸ ਧਰਤੀ ਨੂੰ ਪਵਿੱਤਰ ਕੀਤਾ। ਇੱਥੇ ਅੱਜਕੱਲ੍ਹ ਇੱਕ ਆਲੀਸ਼ਾਨ ਗੁਰਦੁਆਰਾ ਗੁਰੂਸਰ ਸਾਹਿਬ ਸੁਸ਼ੋਭਿਤ ਹੈ। ਇਤਿਹਾਸਕ ਮਹੱਤਤਾ ਅਨੁਸਾਰ ਬਾਦਸ਼ਾਹ ਜਹਾਂਗੀਰ ਨੇ ਆਪਣੇ ਸ਼ਾਸ਼ਨ ਕਾਲ ਦੌਰਾਨ 52 ਪਹਾੜੀ ਰਿਆਸਤਾਂ ਦੇ ਰਾਜਿਆਂ ਤੇ ਰਾਜਪੂਤ ਰਾਜਿਆਂ ਤੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕੀਤਾ ਹੋਇਆ ਸੀ। ਇਸ ਦੌਰਾਨ ਬਾਦਸ਼ਾਹ ਜਹਾਂਗੀਰ ਬਿਮਾਰ ਪੈ ਗਿਆ। ਅਨੇਕਾਂ ਹਕੀਮਾਂ ਤੋਂ ਇਲਾਜ ਕਰਵਾਇਆ ਪਰ ਜਦੋਂ ਹਕੀਮਾਂ ਤੋਂ ਕੋਈ ਫਰਕ ਨਾ ਪਿਆ, ਦੁਆ ਤੇ ਦਵਾ ਕੰਮ ਨਾ ਆਏ ਤਾਂ ਜਹਾਂਗੀਰ ਬਾਦਸ਼ਾਹ ਨੂੰ ਨੂਰਜਹਾਂ, ਨਿਜ਼ਾਮੂਦੀਨ ਓਲੀਆ ਪਾਸ ਲੈ ਕੇ ਗਈ ਜਿੱਥੇ ਸਾਂਈ ਮੀਆਂ ਮੀਰ ਵੀ ਮੌਜੂਦ ਸੀ। ਜਹਾਂਗੀਰ ਨੇ ਪੁੱਛਿਆ ਕਿ ਕੋਈ ਐਸਾ ਆਦਮੀ ਹੈ ਜਿਸ ਨੂੰ ਪੂਰਾ ਬ੍ਰਹਮ ਗਿਆਨ ਪ੍ਰਾਪਤ ਹੋਵੇ ਤਾਂ ਸਾਂਈ ਮੀਆਂ ਮੀਰ ਨੇ ਜਵਾਬ ਦਿੱਤਾ ਕਿ ਹਾਂ, ਗੁਰੂ ਹਰਗੋਬਿੰਦ ਸਾਹਿਬ ਜਿਨ੍ਹਾਂ ਨੂੰ ਬਿਨਾਂ ਕਿਸੇ ਕਾਰਨ ਗਵਾਲੀਅਰ ਦੇ ਕਿਲ੍ਹੇ 'ਚ ਕੈਦ ਕੀਤਾ ਹੋਇਆ ਹੈ। ਜਹਾਂਗੀਰ ਨੇ ਪਛਤਾਵਾ ਕਰਦਿਆ ਗੁਰੂ ਸਾਹਿਬ ਜੀ ਨੂੰ ਰਿਹਾਅ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਸਿਆਸੀ ਕੈਦੀ ਰਾਜਿਆਂ ਨੇ ਵੀ ਗੁਰੂ ਸਾਹਿਬ ਕੋਲ ਆਪਣੀ ਰਿਹਾਈ ਲਈ ਬੇਨਤੀ ਕੀਤੀ ਤਾਂ ਰਿਹਾਈ ਵੇਲੇ ਗੁਰੂ ਸਾਹਿਬ ਨੇ ਕਿਹਾ ਕਿ ਜਿੰਨਾ ਚਿਰ ਉਨ੍ਹਾਂ ਦੇ ਨਾਲ ਕਿਲ੍ਹੇ 'ਚ ਕੈਦ ਹੋਰ ਰਾਜਸੀ ਕੈਦੀ ਰਿਹਾਅ ਨਹੀਂ ਹੁੰਦੇ ਉਹ ਵੀ ਕਿਲ੍ਹੇ 'ਚੋਂ ਬਾਹਰ ਨਹੀਂ ਆਉਣਗੇ। ਜਹਾਂਗੀਰ ਨੇ ਗੁਰੂ ਸਾਹਿਬ ਦੀ ਗੱਲ ਮੰਨਦੇ ਹੋਏ ਇਨ੍ਹਾਂ ਰਾਜਿਆਂ ਨੂੰ ਵੀ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ। ਗੁਰੂ ਸਾਹਿਬ 52 ਰਾਜਿਆਂ ਨੂੰ ਜਹਾਂਗੀਰ ਦੀ ਕੈਦ 'ਚੋਂ ਰਿਹਾਅ ਕਰਵਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵੱਲ੍ਹ ਨੂੰ ਚੱਲ ਪਏ। ਪੜਾਅ-ਦਰ-ਪੜਾਅ ਕਰਦੇ ਇਸ ਅਸਥਾਨ ਪਿੰਡ ਚਕੋਹੀ, ਜਿੱਥੇ ਅੱਜਕੱਲ੍ਹ ਆਲੀਸ਼ਾਨ ਗੁਰਦੁਆਰਾ ਗੁਰੂਸਰ ਸਾਹਿਬ ਬਣਿਆ ਹੋਇਆ ਹੈ, ਪੁੱਜੇ ਸਨ। ਇਥੋਂ ਹੀ ਗੁਰੂ ਸਾਹਿਬ ਪਿੰਡ ਇਕੋਲਾਹਾ, ਸਲਾਣਾ ਹੁੰਦੇ ਹੋਏ ਪਿੰਡ ਸੌਂਟੀ ਪਹੁੰਚੇ ਸਨ। ਗੁਰਦੁਆਰਾ ਗੁਰੂਸਰ ਸਾਹਿਬ ਦੇ ਦਰਬਾਰ ਸਾਹਿਬ ਦੇ ਸਾਹਮਣੇ ਉਹ ਭੋਰਾ ਸਾਹਿਬ ਵੀ ਮੌਜੂਦ ਹੈ, ਜਿੱਥੇ ਬੈਠ ਕੇ ਗੁਰੂ ਜੀ ਨੇ ਤਪੱਸਿਆ ਕੀਤੀ ਸੀ। ਇਹ ਭੋਰਾ ਸਾਹਿਬ ਦਰਬਾਰ ਸਾਹਿਬ ਦੇ ਸੱਜੇ ਹੱਥ ਸਸ਼ੋਭਿਤ ਹੈ। ਦਰਬਾਰ ਸਾਹਿਬ ਦੇ ਖੱਬੇ ਹੱਥ ਲੰਗਰ ਹਾਲ ਬਣਿਆ ਹੋਇਆ ਹੈ, ਜਿੱਥੇ ਗੁਰੂ ਕਾ ਲੰਗਰ ਅਟੁੱਟ ਵਰਤਦਾ ਰਹਿੰਦਾ ਹੈ। ਇਹ ਗੁਰਦੁਆਰਾ ਸਾਹਿਬ ਪਿੰਡ ਚਕੋਹੀ ਦੇ ਛਿਪਦੀ ਦਿਸ਼ਾ ਵਾਲੇ ਪਾਸੇ ਪਿੰਡ ਗਾਜੀਪੁਰ-ਪਾਇਲ ਨੂੰ ਜਾਂਦੀ ਲਿੰਕ ਰੋਡ 'ਤੇ ਸਥਿਤ ਹੈ। ਇਸ ਅਸਥਾਨ 'ਤੇ ਦੂਰੋਂ-ਦੂਰੋਂ ਸੰਗਤਾਂ ਆ ਕੇ ਸ਼ਰਧਾ ਨਾਲ ਨਤਮਸਤਕ ਹੁੰਦੀਆਂ ਹਨ।



– ਤਸਵਿੰਦਰ ਸਿੰਘ ਬੜੈਚ 7527931887

# ਖ਼ਾਲਸਾ ਪੰਥ ਸਜਾਇਆ

ਵਿਸਾਖੀ ਵਾਲੇ ਦਿਨ
ਗੁਰੁ ਦਸਵੇਂ ਕੌਤਿਕ ਵਰਤਾਇਆ
ਲੈ ਕੇ ਸੀਸ ਪੰਜ ਪਿਆਰਿਆਂ
ਖਾਲਸਾ ਪੰਥ ਸਜਾਇਆ।
ਇਹ ਆਲੌਕਿਕ ਨਜ਼ਾਰਾ
ਵੇਖ ਸੰਗਤ ਸੀਸ ਝੁਕਾਇਆ
ਇਕੋ ਬਾਟੇ 'ਚ ਅੰਮ੍ਰਿਤ ਛਕਾ ਕੇ
ਜਾਤ ਪਾਤ ਦਾ ਭੇਦ ਮਿਟਾਇਆ।
ਨੀਚ ਜਾਤ ਨੂੰ ਗਲੇ ਲਗਾ ਕੇ
ਸਤਿਕਾਰ ਉਨ੍ਹਾਂ ਦਾ ਵਧਾਇਆ।
ਜੀਵਨ ਸਿੰਘ ਮਜ੍ਹਬੀ ਸਿੰਘ ਨੂੰ ਪਹਿਲੇ
ਕਲਗੀ ਲਾ ਕੇ ਸਤਿਕਾਰ ਦਿਵਾਇਆ।
ਸਮਾਜ ਅੰਦਰ ਸੀ ਕ੍ਰਾਂਤੀ ਦਾ
ਇਕ ਨਵਾਂ ਪੈਗ਼ਾਮ ਫੈਲਾਇਆ
ਪਰ ਚੌਥੀ ਸਦੀ ਆਉਣ ਤੇ ਵੀ
ਲੋਕਾਂ ਮਨ ਨਾ ਸਮਝਾਇਆ।
ਸਿੱਖੀ ਦੇ ਆਲੰਬਰਦਾਰਾਂ
ਹਉਮੈ ਆਪਣੀ ਨੂੰ ਪੱਠੇ ਪਾਇਆ
ਜਾਤ ਪਾਤਾਂ ਦੀਆਂ ਵੰਡੀਆਂ ਨੂੰ
ਨਵੇਂ ਸਿਰੇ ਤੋਂ ਰਚਾਇਆ।
ਜਾਤ ਪਾਤ ਦੇ ਨਾਲ ਜੋੜ ਕੇ
ਨੇਤਾਵਾਂ ਨੇ ਖ਼ੂਬ ਭਰਮਾਇਆ
ਸਰਕਾਰ ਸਾਡੀ ਨੇ ਪਹਿਲਾਂ ਹੀ
ਹਰੇਕ ਤੇ ਜਾਤ ਦਾ ਠੱਪਾ ਲਾਇਆ।
ਸਮਾਜ ਸਾਡੇ ਨੇ ਸਿੱਖੀ ਨੂੰ
ਵੱਖਰਾ ਹੀ ਰੂਪ ਬਣਾਇਆ
ਸੰਤ ਬਾਬਿਆਂ ਆਮ ਸਿੱਖ ਨੂੰ
ਉਲਝਣ ਤਾਣੀ ਵਿੱਚ ਪਾਇਆ।
ਸਿੱਖੀ ਦੇ ਪਹਿਰੇਦਾਰੋ ਅਜੇ ਵੀ ਸੋਚੋ
ਕੀ ਅਸੀਂ ਉਹੀਓ ਕਮਾਇਆ?
ਕਿਉਂ ਨਹੀਂ ਗੁਰੁ ਦੀ ਸੋਚ ਨੂੰ
ਸੱਚੇ ਦਿਲੋਂ ਅਸਾਂ ਅਪਣਾਇਆ?



ਮੇਜਰ ਸਿੰਘ ਨਾਭਾ
91-94635-53962

# ਵੈਸਾਖੀ, ਅੰਮ੍ਰਿਤ ਅਤੇ ਖ਼ਾਲਸਾ ਸਾਜਨ ਦਿਵਸ ਤੇ ਵਿਸ਼ੇਸ਼

ਵੈਸਾਖੀ ਦਾ ਅਰਥ ਹੈ ਵਿਸ਼ਾਖਾ ਨਸ਼ੱਤ੍ਰ ਵਾਲੀ ਪੂਰਨਮਾਸ਼ੀ, ਸੂਰਜ ਦੇ ਹਿਸਾਬ ਵੈਸਾਖ ਮਹੀਨੇ ਦਾ ਪਹਿਲਾ ਦਿਨ। ਬ੍ਰਾਹਮਣੀ ਮੱਤ ਅਨੁਸਾਰ 27 ਨਸ਼ੱਤ੍ਰ ਹਨ, ਇਨ੍ਹਾਂ ਚੋਂ ਵੈਸਾਖ ਨਸ਼ੱਤ੍ਰ ਪਵਿਤਰ ਮੰਨਿਆਂ ਜਾਂਦਾ ਹੈ। ਬ੍ਰਾਹਮਣ ਨੇ ਚਾਰ ਪ੍ਰਮੁੱਖ ਤਿਉਹਾਰ ਮੰਨੇ ਹਨ-ਵੈਸਾਖੀ, ਦੁਹਸ਼ਹਿਰਾ, ਦੀਵਾਲੀ ਅਤੇ ਹੋਲੀ। ਕ੍ਰਮਵਾਰ ਵੈਸਾਖੀ ਬ੍ਰਾਹਮਣਾਂ, ਦੁਹਸ਼ਹਿਰਾ ਖੱਤਰੀਆਂ, ਦਿਵਾਲੀ ਵੈਸ਼ਾਂ ਅਤੇ ਹੋਲੀ ਸ਼ੂਦਰਾਂ ਦਾ ਤਿਉਹਾਰ ਮੰਨਿਆਂ ਗਿਆ ਹੈ। ਬ੍ਰਾਹਮਣੀ ਗ੍ਰੰਥਾਂ ਜਿਵੇਂ ਮੰਨੂੰ ਸਿਮਰਤੀ ਆਦਿਕ ਅਨੁਸਾਰ ਮਨੁੱਖਤਾ ਨੂੰ ਊਚ-ਨੀਚ, ਜਾਤ-ਪਾਤ, ਛੂਆ-ਛਾਤ, ਵਹਿਮ-ਭਰਮ, ਕਰਮ-ਕਾਂਡ ਵਿੱਚ ਵੰਡਿਆ ਗਿਆ, ਉਨ੍ਹਾਂ ਦੇ ਰੀਤੀ ਰਿਵਾਜ ਤੇ ਤਿਉਹਾਰਾਂ ਦੀਆਂ ਵੀ ਬ੍ਰਾਹਮਣ ਨੇ ਹੀ ਵੰਡੀਆਂ ਪਾਈਆਂ ਸਨ। ਇਸ ਸਾਰੀ ਵਰਣਵੰਡ ਨੂੰ ਕ੍ਰਾਂਤੀਕਾਰੀ ਭਗਤਾਂ ਅਤੇ ਸਿੱਖ ਗੁਰੂਆਂ ਖਤਮ ਕਰਕੇ, ਇਨ੍ਹਾਂ ਵਹਿਮਾਂ ਤੋਂ ਮਨੁੱਖਤਾ ਦਾ ਖਹਿੜਾ ਛੁਡਾਇਆ-ਨਾਨਕ ਵੈਸਾਖੀ ਪ੍ਰਭ ਪਾਵੈ ਸੁਰਤਿ ਸਬਦਿ ਮਨੁ ਮਾਨਾ॥(੧੧੦੮) ਵੈਸਾਖ ਦੇ ਮਹੀਨੇ ਦੁਆਰਾ ਵੀ ਸ਼ਬਦ ਸੁਰਤ ਰਾਹੀਂ ਪ੍ਰਭੂ ਨੂੰ ਪਾਉਂਣ ਦੀ ਗੱਲ ਕੀਤੀ ਹੈ ਨਾ ਕਿ ਕਿਸੇ ਪੁਜਾਰੀ ਬ੍ਰਾਹਮਣ ਜਾਂ ਭੇਖੀ ਸਾਧੂ-ਸੰਤ ਨੂੰ ਪੁੰਨ ਦਾਨ ਕਰਨ ਦੀ। ਗੁਰਸਿੱਖ ਕਿਸੇ ਮਹੀਨੇ ਜਾਂ ਥਿੱਤ ਵਾਰ ਦਾ ਪੁਜਾਰੀ ਨਹੀਂ, ਜੇ ਹੈ ਤਾਂ, ਉਹ ਗੁਰਸਿੱਖ ਨਹੀਂ ਹੋ ਸਕਦਾ ਸਗੋਂ ਗੁਰਬਾਣੀ ਅਨੁਸਾਰ ਉਹ ਮਹਾਂ ਮੂਰਖ ਹੈ-ਸਤਿਗੁਰੁ ਬਾਝਹੁ ਅੰਧ ਅੰਧਾਰ॥ ਥਿਤੀ ਵਾਰ ਸੇਵਹਿ ਮੁਗਧ ਗਵਾਰ॥(੮੪੨) ਰੱਬ ਦੇ ਬਣਾਏ ਦਿਨ-ਰਾਤ, ਥਿੱਤ-ਵਾਰ, ਮਹੀਨੇ-ਸਾਲ ਸਾਰੇ ਹੀ ਭਲੇ ਹਨ-ਮਹਾ ਦਿਵਸ ਮੂਰ੍ਹਤ ਭਲੇ ਜਿਸ ਕਉ ਨਦਰਿ ਕਰੇ॥(੧੩੬)

ਮੌਸਮੀ ਤਿਉਹਾਰ ਵੈਸਾਖੀ ਦੇ ਮੇਲੇ ਤਾਂ ਪਹਿਲਾਂ ਵੀ ਲਗਦੇ, ਫਸਲ ਪੱਕਣ ਦੀ ਖੁਸ਼ੀ ਵਿੱਚ ਜੱਟ-ਜਿਮੀਦਾਰ ਭੰਗੜੇ ਪਉਂਦੇ ਅਤੇ ਬ੍ਰਾਹਮਣ ਨੂੰ ਦਾਨ ਪੁੰਨ ਕਰਦੇ ਸਨ। ਸਮਾਂ ਬਦਲਿਆ ਸਾਧਾਂ ਦੇ ਡੇਰਿਆਂ ਤੇ ਵੀ ਦਾਨ, ਵੈਸਾਖੀ ਮੇਲੇ ਤੇ ਗੌਣ ਵਾਲੀਆਂ ਅਤੇ ਤੂੰਬੀਆਂ ਵਾਲੇ ਵੀ ਬੁਲਾਏ ਜਾਣ ਲੱਗ ਪਏ। ਅੱਜ ਤਾਂ ਵੈਸਾਖੀ ਨਾਈਟਾਂ ਵੀ ਮਨਾਈਆਂ ਜਾਂਦੀਆਂ ਹਨ, ਵੱਡੇ-ਵੱਡੇ ਕਲਾਕਾਰ ਆਪਣੀ ਕਲਾ ਦੇ ਜੌਹਰ ਦਿਖਾਉਂਦੇ ਹਨ। ਅੱਜ ਵੈਸਾਖੀ ਪੰਜਾਬੀ ਮੇਲੇ ਦੇ ਰੂਪ ਵਿੱਚ ਹੀ ਵੱਧ ਮਨਾਈ ਜਾ ਰਹੀ ਹੈ। ਵਿਚਾਰ ਕਰੀਏ ਕਿ ਫਿਰ ਵੈਸਾਖੀ ਨਾਲ ਸਿੱਖ ਕੌਮ ਦਾ ਕੀ ਸਬੰਧ ਹੈ?

ਵੈਸਾਖੀ ਨਾਲ ਸਿੱਖ ਕੌਮ ਦਾ ਸਬੰਧ-ਮਨੁੱਖਤਾ ਦੇ ਸੱਚੇ-ਸੁੱਚੇ ਰਹਿਬਰ, ਸਿੱਖ ਕੌਮ ਦੇ ਬਾਨੀ, ਬਾਬੇ ਨਾਨਕ ਦਾ ਇੰਨਸਾਨੀ ਜਨਮ ਅਤੇ ਰੂਹਾਨੀ ਪ੍ਰਕਾਸ਼, ਵੈਸਾਖ ਮਹੀਨੇ ਵਿੱਚ ਹੋਇਆ ਅਤੇ ਦਸਵੇਂ ਜਾਮੇ ਵਿੱਚ ਖੰਡੇ ਦੀ ਪਾਹੁਲ ਦੇ ਕੇ, ਸਿੱਖ ਨੂੰ ਸਿੰਘ ਅਤੇ ਕੌਰ ਦੀ ਸੰਗਿਆ ਬਖਸ਼ਿਸ਼ ਦਰਦੇ, ਨਿਰਮਲ ਪੰਥ ਦੀ ਰੱਖੀ ਹੋਈ ਨੀਂਹ ਨੂੰ, ਖਾਲਸਾ ਪੰਥ ਦੇ ਰੂਪ ਵਿੱਚ, ਮਨੁੱਖੀ ਬਰਾਬਰਤਾ ਦੇਂਦੇ, ਸੰਨ 1699 ਦੀ ਵੈਸਾਖੀ ਨੂੰ ਮੁਕੰਮਲ ਕੀਤਾ। ਇਸ ਕਰਕੇ ਖ਼ਾਲਸੇ ਦੀ ਵੈਸਾਖੀ, ਥਿਤੀ ਵਾਰ ਵਾਲੀ ਬ੍ਰਾਹਮਣੀ ਵੈਸਾਖੀ ਨਾਲੋਂ ਵਿਲੱਖਣ ਅਤੇ ਮਹਾਨ ਹੈ। ਉਪ੍ਰੋਕਤ ਮਹਾਨਤਾ ਅਤੇ ਵਿਲੱਖਣਤਾ ਕਰਕੇ, ਵੈਸਾਖੀ ਨਾਲ ਸਿੱਖ ਕੌਮ ਦਾ ਸਿੱਧਾ ਸਬੰਧ ਹੈ। ਗੁਰੂ ਸਾਹਿਬਾਨ ਵੈਸਾਖੀ ਤੇ ਵਿਸ਼ੇਸ਼ ਜੋੜ ਮੇਲਾ ਕਰਿਆ ਕਰਦੇ ਸਨ। ਗੁਰ ਇਤਿਹਾਸ ਮੁਤਾਬਿਕ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਵੱਡੀ ਪੱਧਰ ‘ਤੇ ਵੈਸਾਖੀ ਜੋੜ ਮੇਲਾ ਸ਼ੁਰੂ ਕੀਤਾ। ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਨੇ, ਇਸ ਦਿਨ ਖੰਡੇ ਦੀ ਪਾਹੁਲ ਦੇ ਕੇ, ਗੁਰਸਿੱਖਾਂ ਨੂੰ ਖ਼ਾਲਸੇ ਦੀ ਸੰਗਿਆ ਦਿੱਤੀ ਕਿਉਂਕਿ ਸਿੱਖ ਹੁਣ ਜਾਤਾਂ-ਪਾਤਾਂ, ਛੂਆ-ਛਾਤਾਂ, ਵਹਿਮਾਂ-ਭਰਮਾਂ ਅਤੇ ਕਰਮਕਾਂਡਾਂ ਦੀ ਮਿਲਾਵਟ ਤੋਂ ਖ਼ਾਲਸ ਹੋ ਚੁੱਕਾ ਸੀ। ਵੈਸਾਖੀ ਵਾਲੇ ਦਿਨ ਹੀ ਖ਼ਾਲਸਾ ਪੰਥ, ਸਰਬੱਤ ਖ਼ਾਲਸੇ ਦੇ ਰੂਪ ਵਿੱਚ ਇਕੱਤਰ ਹੋ ਕੇ, ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਵਿਖੇ, ਆਪਸੀ ਵਿਚਾਰ ਵਿਟਾਂਦਰੇ ਉਪ੍ਰੰਤ ਗੁਰਬਾਣੀ ਦੀ ਰੌਸ਼ਨੀ ਵਿੱਚ, ਗੁਰਮਤੇ ਪਾਸ ਕਰਦਾ ਅਤੇ ਅਭਿਲਾਖੀਆਂ ਨੂੰ ਖੰਡੇ ਦੀ ਪਾਹੁਲ ਦਿੰਦਾ ਸੀ। ਇਸ ਕਰਕੇ ਸਾਰੇ ਖਾਲਸਾ ਪੰਥ ਦੀ ਮਰਯਾਦਾ ਇੱਕ ਹੋਣ ਕਰਕੇ, ਖ਼ਾਲਸਾ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿੰਦਾ ਸੀ। ਇਹ ਮਰਯਾਦਾ ਪਹਿਲਾਂ ਮਹੰਤਾਂ ਨੇ, ਅੰਗ੍ਰੇਜ਼ੀ ਸਰਕਾਰ ਰਾਹੀਂ ਗੁਰਦੁਆਰਿਆਂ ਉੱਤੇ ਕਾਬਜ਼ ਹੋ ਕੇ ਖਤਮ ਕੀਤੀ ਅਤੇ ਫਿਰ ਸਿੰਘਾਂ ਨੇ ਸਿੰਘ ਸਭਾ ਦੇ ਰੂਪ ਵਿੱਚ, ਇਨ੍ਹਾਂ ਹੰਕਾਰੀ, ਵਿਕਾਰੀ ਤੇ ਦੁਰਾਚਾਰੀ ਮਹੰਤਾਂ ਨੂੰ ਗੁਰਦੁਆਰਿਆਂ ਵਿੱਚੋਂ ਕੱਢ ਕੇ ਬਹਾਲ ਕੀਤੀ। ਜਿਸ ਮਰਯਾਦਾ ਨੂੰ ਅਜੋਕੇ ਮਾਇਆਧਾਰੀ ਗਿਆਨ ਵਿਹੂਣੇ ਹੰਕਾਰੀ ਪ੍ਰਬੰਧਕਾਂ ਅਤੇ ਭੇਖੀ ਸਾਧਾਂ ਸੰਤਾਂ ਨੇ ਧੱਕੇ ਨਾਲ ਖਤਮ ਕਰ ਦਿੱਤਾ ਹੈ।

ਹੁਣ ਵੈਸਾਖੀ ਵਾਲੇ ਦਿਨ ਗੁਰਮਤੇ ਕਰਨ ਦੀ ਥਾਂ, ਪਾਠਾਂ ਦੀਆਂ ਲੜੀਆਂ ਚਲਾਈਆਂ ਜਾਂਦੀਆਂ, ਇੱਕ ਥਾਂ ਕਈ-2 ਇਕੱਠੇ ਪਾਠ ਰੱਖੇ ਜਾਂਦੇ ਅਤੇ ਸੰਗਤਾਂ ਨੂੰ ਵੱਧ ਤੋਂ ਵੱਧ ਅਖੰਡ ਪਾਠ ਕਰਾਉਂਣ ਦੀਆਂ ਅਪੀਲਾਂ ਕੀਤੀਆਂ ਜਾਂਦੀਆਂ ਹਨ। ਗੁਰਬਾਣੀ ਸਿੱਖਣ ਸਿਖਾਉਣ ਦੀ ਅਪੀਲ ਕੋਈ ਨਹੀਂ ਕੀਤੀ ਜਾਂਦੀ, ਐਸਾ ਕਿਉਂ? ਕੀ ਇਨ੍ਹਾਂ ਗੁਰਪੁਰਬਾਂ ਦਾ ਮਕਸਦ, ਪਾਠਾਂ ਦੀਆਂ ਲੜੀਆਂ ਚਲਾ ਕੇ, ਪੈਸਾ ਇੱਕਠਾ ਕਰਨਾ ਅਤੇ ਸੰਗਤਾਂ ਨੂੰ ਸਦਾ ਲਈ ਭਾੜੇ ਦੇ ਪਾਠੀਆਂ ਪੁਰ ਹੀ ਨਿਰਭਰ ਕਰਨਾ ਹੈ? ਅੱਜ ਸੈਂਕੜਿਆਂ ਚੋਂ ਕਿਸੇ ਇੱਕ ਗੁਰਦੁਆਰੇ ਵਿੱਚ ਹੀ, ਅਕਾਲ ਤਖ਼ਤ ਤੋਂ ਪ੍ਰਵਾਣਿਤ ਮਰਯਾਦਾ ਲਾਗੂ ਏ, ਬਾਕੀ ਸਭ ਗੁਰਦੁਆਰਿਆਂ ਵਿੱਚ ਮਹੰਤੀ ਅਤੇ ਸੰਪ੍ਰਦਾਈ ਮਰਯਾਦਾ ਹੀ ਚਲਾਈ ਜਾਂਦੀ ਹੈ ਭਾਵੇਂ ਕਿ ਅਜੋਕੀ ਮਰਯਾਦਾ ਵਿੱਚ ਵੀ ਸੁਧਾਰ ਦੀ ਲੋੜ ਹੈ। ਬਹੁਤੇ ਸਿੱਖ, ਅਗਿਆਨਤਾ, ਵਹਿਮ-ਭਰਮ, ਚੌਧਰ ਅਤੇ ਪਦਾਰਥਕ ਨੀਂਦ ਵਿੱਚ ਸੁੱਤੇ ਪਏ ਹਨ। ਗੁਰਬਾਣੀ ਦੇ ਅਸਲੀ ਮਨੋਰਥ ਨੂੰ ਛੱਡ ਕੇ, ਸਾਧਾਂ ਦੀਆਂ ਬਣਾਈਆਂ ਮਨੋ ਕਲਪਿਤ ਕਹਾਣੀਆਂ ਹੀ, ਗੁਰੂ ਘਰਾਂ ਵਿੱਚ ਪ੍ਰਚਾਰੀਆਂ ਜਾ ਰਹੀਆਂ ਹਨ। ਵੈਸਾਖੀ ਦੇ ਅਸਲੀ ਸੰਦੇਸ਼ ਨੂੰ, ਕਰਮ ਕਾਂਡਾਂ ਦੇ ਚਿੱਕੜ ਵਿੱਚ ਰੋਲਿਆ ਜਾ ਰਿਹਾ ਹੈ। ਪਿਆਰੇ ਖ਼ਾਲਸਾ ਜੀ! ਵੈਸਾਖੀ ਦੀ ਵਿਲੱਖਣ ਮਹਾਨਤਾ ਨੂੰ ਸਮਝ ਕੇ, ਸਿੱਖ ਕੌਮ ਵਿੱਚ ਆ ਵੜੇ ਬ੍ਰਾਹਮਣੀ, ਸੰਪ੍ਰਦਾਈ ਕਰਮਕਾਂਡਾਂ ਤੋਂ ਖਹਿੜਾ ਛੁਡਾਈਏ ਅਤੇ ਗੁਰਬਾਣੀ ਦੇ ਸੱਚੇ ਸੁੱਚੇ ਵਿਚਾਰਾਂ ਦੀ ਮਰਯਾਦਾ ਨੂੰ ਧਾਰਨ ਕਰੀਏ।

ਖ਼ਾਲਸਾ ਸ਼ਬਦ ਦੀ ਮਹਾਨਤਾ-ਅਰਬੀ ਭਾਸ਼ਾ ਵਿੱਚ ਖ਼ਾਲਸਾ ਲਫ਼ਜ਼ ਦਾ ਅਰਥ ਨਿਰੋਲ, ਸ਼ੁੱਧ, ਖਰਾ, ਬਿਨਾ ਕਿਸੇ ਮਿਲਾਵਟ ਅਤੇ ਪੰਥ ਦਾ ਅਰਥ ਹੈ ਇੱਕਸਾਰਤ-ਰਸਤਾ। ਖ਼ਾਲਸਾ ਦਾ ਮਤਲਬ ਇਹ ਵੀ ਹੈ ਕਿ ਉਹ ਜ਼ਮੀਨ ਜਾਂ ਮੁਲਕ ਜਿਸ ਦਾ ਬਾਦਸ਼ਾਹ ਨਾਲ ਸਿੱਧਾ ਸਬੰਧ ਹੋਵੇ, ਜੋ ਹੋਰ ਕਿਸੇ ਵੀ ਜਗੀਰਦਾਰ ਜਾਂ ਜਿਮੀਦਾਰ ਦੇ ਕਬਜੇ ਅੰਦਰ ਨਹੀਂ(ਮਹਾਨ ਕੋਸ਼) ਸੋ ਸਿੱਖ ਗੁਰੂਆਂ ਤੋਂ ਪਹਿਲਾਂ, ਭਗਤਾਂ ਨੇ ਵੀ ਖ਼ਾਲਸਾ ਲਫ਼ਜ਼ ਦੀ ਵਰਤੋਂ ਕੀਤੀ-ਕਹੁ ਕਬੀਰ ਜਨ ਭਏ ਖ਼ਾਲਸੇ ਪ੍ਰੇਮ ਭਗਤਿ ਜਿਹ ਜਾਨੀ॥(੬੫੫) ਜਿਨ੍ਹਾਂ ਨੇ ਪ੍ਰੇਮਾਂ ਭਗਤੀ ਭਾਵ ਖਲਕਤ ਵਿੱਚ ਵਸਦੇ ਰੱਬੀ ਪਿਆਰ ਨੂੰ ਜਾਣ ਲਿਆ ਹੈ, ਉਹ ਖ਼ਾਲਸੇ ਹਨ। ਦੇਖੋ! ਅੱਜ ਸਾਡੇ ਬਹੁਤੇ ਭਾਈ, ਕੇਵਲ ਤੇ ਕੇਵਲ ਪੰਜ ਕਕਾਰੀ ਬਾਣਾਧਾਰੀਆਂ ਨੂੰ ਹੀ ਖ਼ਾਲਸਾ ਸਮਝਦੇ ਜਾਂ ਆਖਦੇ ਤੇ ਬਾਕੀ ਹੋਰਾਂ ਨੂੰ ਨਹੀਂ, ਭਾਂਵੇਂ ਉਹ ਗੁਰਬਾਣੀ ਦੇ ਅਤਿਅੰਤ ਰਸੀਏ ਵੀ ਕਿਉਂ ਨਾਂ ਹੋਣ। ਗੁਰਬਾਣੀ ਅਨੁਸਾਰ ਤਾਂ-ਸਰਬ ਧਰਮ ਮਹਿ ਸ੍ਰੇਸਟਿ ਧਰਮ॥ ਹਰਿ ਕੋ ਨਾਮਿ ਜਪਿ ਨਿਰਮਲ ਕਰਮ॥ (ਸੁਖਮਨੀ) ਰੱਬ ਦਾ ਨਾਮ ਜਪਣਾ ਅਤੇ ਨਿਰਮਲ ਕਰਮ ਕਰਨੇ ਹੀ ਸਰਬ ਸਾਂਝਾ ਸ੍ਰੇਸ਼ਟ ਧਰਮ ਹੈ। ਐਸੇ ਸਰਬ ਸਾਂਝੇ ਧਰਮ ਦਾ ਧਾਰਨੀ ਖ਼ਾਲਸਾ ਕਿਉਂ ਨਹੀਂ ਹੋ ਸਕਦਾ? ਕੀ ਸਾਨੂੰ ਗੁਰਬਾਣੀ ਤੇ ਵਿਸ਼ਵਾਸ਼ ਨਹੀਂ? ਗੁਰਬਾਣੀ ਤਾਂ ਪ੍ਰੇਮਾ ਭਗਤੀ ਕਰਨ ਵਾਲਿਆਂ ਨੂੰ ਖ਼ਾਲਸਾ ਕਹੇ ਰਹੀ ਹੈ। ਜੇ ਹਿਰਦੇ ਵਿੱਚ ਪ੍ਰੇਮ ਨਹੀਂ ਦਵੈਸ਼ ਹੈ ਤਾਂ ਖ਼ਾਲਸਾ ਨਹੀਂ ਹੋ ਸਕਦਾ। ਖ਼ਾਲਸੇ ਦਾ ਮਤਲਬ ਹੈ ਖ਼ਾਲਸ, ਮਿਲਾਵਟ ਰਹਤ, ਜਿਸ ਦਾ ਅਕਾਲ ਪੁਰਖ ਨਾਲ ਸਿੱਧਾ ਸਬੰਧ ਹੈ। ਅੱਜ ਆਪਣੇ ਆਪ ਨੂੰ ਖ਼ਾਲਸਾ ਕਹਿਣ ਵਾਲਿਆਂ ਵਿੱਚ, ਬ੍ਰਾਹਮਣੀ ਕਰਮ ਕਾਂਢਾਂ ਦੀ ਮਿਲਾਵਟ ਅਤੇ ਅਕਾਲ ਪੁਰਖ ਨਾਲ ਸਿੱਧੇ ਸਬੰਧ ਦੀ ਥਾਂ, ਸਾਧਾਂ ਤੇ ਸੰਪ੍ਰਦਾਈਆਂ ਨਾਲ ਗੂੜਾ ਸਬੰਧ ਵੀ ਹੈ ਜੋ ਬਹੁਤੇ ਹੰਕਾਰ ਤੇ ਗੁੱਸੇ ਨਾਲ ਭਰੇ ਪੀਤੇ ਰਹਿੰਦੇ ਹਨ। ਅੰਮ੍ਰਿਤ ਛੱਕ ਕੇ ਵੀ, ਉਨ੍ਹਾਂ ਅੰਦਰੋਂ, ਜਾਤ-ਪਾਤ ਦਾ ਅਭਿਮਾਨ ਨਹੀਂ ਗਿਆ ਕਿ ਅਸੀਂ ਜੱਟ, ਰਾਮਗੜੀਏ ਹਾਂ, ਫਲਾਨੇ ਤਾਂ ਮਜ਼ਬੀ ਅਤੇ ਰਵਿਦਾਸੀਏ ਹਨ। ਕੀ ਅਜਿਹੇ ਲੋਕ ਗੁਰੂ ਦੇ ਖ਼ਾਲਸੇ-ਸਿੱਖ ਹੋ ਸਕਦੇ ਹਨ? ਉੱਤਰ ਕਦਾਚਿੱਤ ਵੀ ਨਹੀਂ। ਗੁਰੂ ਨੇ ਤਾਂ ਇਕੋ ਸੰਗਤ ਪੰਗਤ ਵਿੱਚ ਬੈਠਾਇਆ, ਖਵਾਇਆ ਅਤੇ ਇਕੋ ਬਾਟੇ ਵਿੱਚ ਰੱਬੀ ਬਾਣੀ ਦਾ ਅੰਮ੍ਰਿਤ ਪਿਲਾ ਕੇ, ਜਾਤ-ਪਾਤ ਅਤੇ ਸੁੱਚ-ਭਿੱਟ ਖਤਮ ਕੀਤੀ। ਕੀ ਅੱਜ ਖ਼ਾਲਸਾ ਕਹਾਉਣ ਵਾਲਿਆਂ ਨੇ, ਜਾਤ-ਪਾਤ ਦੀ ਵੀਚਾਰ ਛੱਡ ਦਿੱਤੀ ਅਤੇ ਜਾਤ ਪਾਤ ਤੋਂ ਉੱਪਰ ਉੱਠ ਕੇ ਰਿਸ਼ਤੇਦਾਰੀਆਂ ਕਾਇਮ ਕੀਤੀਆਂ ਹਨ? ਕੀ ਜੱਟ ਖਾਲਸੇ ਨੇ ਆਪਣੀ ਧੀ ਦਾ ਰਿਸ਼ਤਾ, ਚਮਾਰ ਖਾਲਸੇ ਦੇ ਪੁੱਤਰ ਨੂੰ ਕੀਤਾ ਹੈ? ਜਦ ਕਿ ਜੱਟ ਚਮਾਰ ਵਾਲਾ ਜਾਤ-ਪਾਤੀ ਵਿਤਕਰਾ ਬ੍ਰਾਹਮਣ ਦੀ ਉਪਜ ਅਤੇ ਗੁਰਮਤਿ ਅਨੁਸਾਰ ਰੱਬ ਦੇ ਪੈਦਾ ਕੀਤੇ ਇਸਤ੍ਰੀ-ਪੁਰਸ਼ਾਂ ਦੀ ਇੱਕ ਹੀ ਮਨੁੱਖਾ ਜਾਤ ਹੈ।



ਅੱਜ ਦਾ ਖ਼ਾਲਸਾ ਅੱਗ, ਤੇਲ ਜਾਂ ਘਿਓ ਦੀ ਜੋਤ ਦੀ ਪੂਜਾ ਕਰ ਰਿਹਾ ਹੈ ਜੋ ਹੱਥੀਂ ਬਾਲੀ ਤੇ ਬੁਝ ਵੀ ਜਾਂਦੀ ਹੈ। ਗੁਰੂ ਤਾਂ ਉਸ ਜੋਤ ਦੀ ਗੱਲ ਕਰਦੇ ਨੇ ਜੋ ਸਭ ਵਿੱਚ ਸਭ ਥਾਂ ਸਦੀਵ ਜਗਦੀ ਅਤੇ ਚਾਨਣ ਕਰਦੀ ਹੈ-ਸਭਿ ਮਹਿ ਜੋਤਿ ਜੋਤਿ ਹੈ ਸੋਇ॥ ਤਿਸੁ ਦੈ ਚਾਨਣ ਸਭਿ ਮਹਿ ਚਾਨਣ ਹੋਇ॥(੬੬੩) ਅੱਜੋਕਾ ਖ਼ਾਲਸਾ ਸ਼ਹੀਦਾਂ ਦੀਆਂ ਮੜ੍ਹੀਆਂ ਉੱਤੇ ਜੋਤਾਂ-ਦੀਵੇ ਜਗਾਉਂਦਾ, ਤੀਰਥਾਂ ਤੇ ਯਾਤਰਾ ਕਰਦਿਆਂ, ਵੇਹਲੜਾਂ ਨੂੰ ਕੁਥਾਂਏਂ ਦਾਨ ਕਰ ਰਿਹਾ ਹੈ। ਕੀੜੀਆਂ, ਜੂੰਆਂ, ਸੱਪਾਂ ਆਦਿਕ ਤੇ ਤਾਂ ਦਇਆ ਕਰਦੈ ਪਰ ਆਪਣੇ ਹੀ ਧਰਮ ਭਾਈਆਂ ਦਾ ਹੱਕ ਮਾਰ ਕੇ, ਲੋੜਵੰਦ ਕਾਮਿਆਂ ਦਾ ਖੂਨ ਪੀਂਦਾ, ਨੰਗੇ ਪੈਰੀਂ ਚੱਲਣ, ਚਾਲੀਸੇ ਕੱਟਣ, ਗਿਣਤੀ ਮਿਣਤੀ ਦੇ ਪਾਠ ਅਤੇ ਸੰਪਟ ਪਾਠਾਂ ਦੇ ਜਪ ਤਪ ਕਰ ਰਿਹਾ ਹੈ। ਕੀ ਐਸਾ ਅੰਧ ਵਿਸ਼ਵਾਸ਼ੀ ਤੇ ਕਰਮਕਾਂਡੀ ਸਿੱਖ, ਖ਼ਾਲਸਾ ਹੋ ਸਕਦਾ ਹੈ? ਉੱਤਰ ਕਦਾਚਿੱਤ ਨਹੀਂ। ਅੱਜ ਦਾ ਖਾਲਸਾ ਭਰਮੀ ਹੁੰਦਾ ਜਾ ਰਿਹਾ ਹੈ ਜਿਵੇਂ-ਸੰਗ੍ਰਾਂਦ ਦਾ ਦਿਨ ਹੀ ਪਵਿਤ੍ਰ ਹੈ, ਬਿੱਲੀ ਰਸਤਾ ਕੱਟ ਗਈ ਦਾ ਭਰਮ, ਦਿਸ਼ਾ ਦਾ ਭਰਮ ਕਿ ਇੱਧਰ ਨੂੰ ਮੂੰਹ ਕਰਕੇ ਹੀ ਪਾਠ ਰੱਖਣਾ ਹੈ ਓਧਰ ਨੂੰ ਨਹੀਂ। ਰੋਟੀ ਕੇਵਲ ਤੱਪੜਾਂ ਤੇ ਬੈਠ ਕੇ ਖਾਣਾ ਹੀ ਧਰਮ ਅਤੇ ਕੁਰਸੀਆਂ ਮੇਜਾਂ ਤੇ ਖਾਣ ਨਾਲ ਧਰਮ ਟੁੱਟ ਜਾਵੇਗਾ। ਗੁਰੂ ਮਹਾਂਰਾਜ ਦੀ ਸਵਾਰੀ ਅੱਗੇ ਬੂੰਦ ਬੂੰਦ ਪਾਣੀ ਛਿਟਕਣਾ ਕਿ ਧਰਤੀ ਪਵਿਤ੍ਰ ਹੋਵੇ ਜਦ ਕਿ ਜਦੋਂ ਰਸਤੇ ਕੱਚੇ ਹੁੰਦੇ ਸਨ, ਓਦੋਂ ਧੂੜ ਬੈਠਾਉਣ ਲਈ ਖੁੱਲ੍ਹਾ ਪਾਣੀ ਤ੍ਰੂੰਕਿਆ ਜਾਂਦਾ ਸੀ। ਅੱਜ ਪੱਕੇ ਘਰਾਂ, ਪੱਕੀਆਂ ਸੜਕਾਂ ਅਤੇ ਕਾਰਾਂ ਉੱਤੇ ਪਾਣੀ ਛਿੜਕਣਾ ਭਰਮ ਨਹੀਂ ਤਾਂ ਹੋਰ ਕੀ ਹੈ? ਭਰਮ ਭੇਖ ਤੇ ਰਹੇ ਨਿਆਰਾ ਭਾਵ ਭੇਖ ਨੂੰ ਹੀ ਧਰਮ ਨਾਂ ਸਮਝ ਲਵੇ। ਕ੍ਰਿਪਾਨ ਉੱਤਰ ਗਈ, ਕੰਘਾ ਡਿੱਗ ਪਿਆ, ਕਛਹਿਰਾ ਦੋਹਾਂ ਪੈਰਾਂ ਚੋਂ ਲਹਿ ਗਿਆ ਤਾਂ ਅੰਮ੍ਰਿਤ ਟੁੱਟ ਗਿਆ ਦਾ ਭਰਮ, ਮਾਸ ਖਾਣ ਜਾਂ ਨਾ ਖਾਣ ਦਾ ਭਰਮ, ਕ੍ਰਿਪਾਨ ਨਾ ਲਹੁਣਾ ਦਾ ਭਰਮ ਫਿਰ ਭਾਰਤ ਤੋਂ ਬਾਹਰ ਜਾਂ ਭਾਰਤ ਵਿੱਚ ਵੀ, ਹਵਾਈ ਸਫਰ ਤਾਂ ਕਰ ਹੀ ਨਹੀਂ ਸਕਦਾ। ਜਰਾ ਸੋਚੋ! ਪੰਜ ਕਕਾਰ ਫੌਜੀ ਖ਼ਾਲਸੇ ਦੀ ਵਰਦੀ ਹੈ, ਫੌਜੀ ਡਿਊਟੀ ਸਮੇਂ ਅਤੇ ਵਿਦਿਆਰਥੀ ਸਕੂਲ ਸਮੇ ਹੀ ਵਰਦੀ ਪਹਿੰਨਦੇ ਹਨ ਹਰ ਵੇਲੇ ਨਹੀਂ, ਇਵੇਂ ਹੀ ਖ਼ਾਲਸੇ ਦੀ ਵਰਦੀ ਹੈ ਜੇ ਕਿਤੇ ਲੋੜ ਪੈਣ ਤੇ ਲਾਹੁਣੀ ਵੀ ਪਵੇ ਤਾਂ ਭਰਮ ਨਹੀਂ ਕਰਨਾ। ਕ੍ਰਿਪਾਨ ਪਹਿਨ ਕੇ ਅਸੀਂ ਘੋਲ ਕਬੱਡੀ ਆਦਿਕ ਖੇਡਾਂ ਖੇਡ ਹੀ ਨਹੀਂ ਸਕਦੇ ਕਿਉਂਕਿ ਇਸ ਦਾ ਆਪਣੇ ਆਪ ਨੂੰ ਲੱਗਣ ਦਾ ਵੀ ਡਰ ਰਹਿੰਦਾ ਅਤੇ ਦੂਜੇ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ। ਨ੍ਹਾਉਣ ਵੇਲੇ ਕਦੇ ਕ੍ਰਿਪਾਨ ਸਿਰ ਤੇ, ਕਦੇ ਲੱਕ ਨਾਲ ਬੰਨਣਾ, ਭਰਮ ਨਹੀਂ ਤਾਂ ਹੋਰ ਕੀ ਹੈ? ਕੀ ਕੋਈ ਫੌਜੀ ਜਾਂ ਸਕੂਲ ਦਾ ਵਿਦਿਆਰਥੀ ਵਰਦੀ ਸਮੇਤ ਨ੍ਹਾਉਂਦਾ ਹੈ?

ਖ਼ਾਲਸਾ ਸ਼ਬਦ ਔਰਤ ਤੇ ਮਰਦ ਦੋਹਾਂ ਲਈ ਸਾਂਝਾ-ਔਰਤ ਲਈ ਕਿਤੇ ਖ਼ਾਲਸੀ ਸ਼ਬਦ ਨਹੀਂ ਵਰਤਿਆ ਗਿਆ, ਫਿਰ ਪੰਜਾਂ ਪਿਆਰਿਆਂ ਦਾ ਪ੍ਰਸ਼ਾਦ ਅਤੇ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੋਣ ਦੀ ਸੇਵਾ, ਖ਼ਾਲਸਾ ਔਰਤ ਨੂੰ ਕਿਉਂ ਨਹੀਂ ਦਿੱਤੀ ਜਾਂਦੀ? ਔਰਤ ਮਾਂ ਹੈ ਜਿਸ ਨੇ ਬੱਚੇ ਨੂੰ ਜਨਮ ਦਿੱਤਾ, ਉਹ ਨੀਵੀਂ ਕਿਵੇਂ ਹੋ ਗਈ? ਸੰਪ੍ਰਦਾਈ ਅਤੇ ਡੇਰੇਦਾਰ ਔਰਤ ਨੂੰ ਗਲੀਚ ਕਹਿੰਦੇ ਹਨ ਕਿ ਉਸ ਨੂੰ ਮਾਂਹਵਾਰੀ ਅਉਂਦੀ ਹੈ ਪਰ ਜਰਾ ਸੋਚੋ ਆਦਮੀ ਦੇ ਮਨ ਵਿੱਚ ਵੀ ਤਾਂ ਬੁਰੇ ਵਿਚਾਰ ਆਉਂਦੇ ਹੀ ਰਹਿੰਦੇ ਹਨ, ਫਿਰ ਆਦਮੀ ਕਿਵੇਂ ਪਵਿਤ੍ਰ ਰਹਿ ਗਿਆ ਅਤੇ ਔਰਤ ਮਲੀਨ ਹੋ ਗਈ? ਜਦ ਕਿ ਮਹਾਂਵਾਰੀ ਕੁਦਰਤੀ ਕਿਰਿਆ ਹੈ। ਸੋ ਜੋ ਪ੍ਰਾਣੀ ਅਜਿਹੇ ਭਰਮਾਂ ਤੋਂ ਉਪਰ ਉੱਠ, ਪ੍ਰੇਮਾ ਭਗਤੀ ਕਰੇ ਉਹ ਖਾਲਸਾ ਹੈ ਅਤੇ ਜੋ ਪੰਜ ਕਕਾਰ ਧਾਰਨ ਕਰਕੇ, ਖੰਡੇ ਦੀ ਪਾਹੁਲ ਗੁਰਬਾਣੀ ਦੇ ਨਾਮ ਅੰਮ੍ਰਿਤ ਰਾਹੀਂ ਲਵੇ, ਉਹ ਫੌਜੀ ਖ਼ਾਲਸਾ ਹੈ। ਅੱਜ ਦਾ ਫੌਜੀ ਖ਼ਾਲਸਾ ਸ਼ਸਤਰ ਵਿਦਿਆ ਤੋਂ ਵਿਹੂਣਾ ਹੈ ਕਿਉਂਕਿ ਉਹ ਸ਼ਸ਼ਤਰਾਂ ਦੀ ਸਜੋਗ ਵਰਤੋਂ ਕਰਨ ਦੀ ਥਾਂ, ਪੂਜਾ ਕਰਨ ਲੱਗ ਪਿਆ ਹੈ। ਖ਼ਾਲਸੇ ਨੂੰ ਸਮੇਂ ਅਨੁਸਾਰ ਨਵੀਨ ਸ਼ਸ਼ਤਰਾਂ ਨੂੰ ਵੀ ਸਿੱਖਣਾ ਚਾਹੀਦਾ ਹੈ ਨਾਂ ਕਿ ਇਕੱਲੇ ਕ੍ਰਿਪਾਨ ਪਹਿਨ ਕੇ ਹੀ, ਸ਼ਸ਼ਤ੍ਰਧਾਰੀ ਹੋਣ ਦਾ ਭਰਮ ਪਾਲਣਾ ਚਾਹੀਦਾ ਹੈ।

ਅੰਮ੍ਰਿਤ ਦੀ ਵਿਆਖਿਆ-ਅੰਮ੍ਰਿਤ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਪ੍ਰਕਰਣ ਅਨੁਸਾਰ ਵੱਖ-ਵੱਖ ਅਰਥ ਹਨ ਪਰ ਮੇਨ ਅਰਥ ਪ੍ਰਮੇਸ਼ਰ ਦਾ ਨਾਮ ਹੀ ਹੈ ਜਿਵੇਂ-ਅੰਮ੍ਰਿਤ ਨਾਮੁ ਪ੍ਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ॥ (੬੧੬) ਅੰਮ੍ਰਿਤ ਬਾਣੀ ਅਮਿਉ ਰਸੁ, ਅੰਮ੍ਰਿਤੁ ਹਰਿ ਕਾ ਨਾਉ॥ (੯੬੩) ਅੰਮ੍ਰਿਤ ਹਰਿ ਕਾ ਨਾਮੁ ਹੈ ਮੇਰੀ ਜਿੰਦੜੀਏ, ਅੰਮ੍ਰਿਤ ਗੁਰਮਤਿ ਪਾਇ ਰਾਮ॥ (੫੩੮) ਅੰਮ੍ਰਿਤੁ ਨਾਮੁ ਨਿਧਾਨ ਹੈ ਮਿਲਿ ਪੀਵਹੁ ਭਾਈ॥ (੩੧੮) ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ॥ ਸਤਿਗੁਰਿ ਸੇਵਿਐ ਰਿਦੈ ਸਮਾਣੀ॥ ਨਾਨਕ ਅੰਮ੍ਰਿਤ ਨਾਮ ਸਦਾ ਸੁਖ ਦਾਤਾ, ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ॥ (੧੧੮) ਹੋਰ ਪਦਾਰਥਾਂ ਨੂੰ ਵੀ ਅੰਮ੍ਰਿਤ ਕਿਹਾ ਗਿਆ ਹੈ ਜਿਵੇਂ ਮੱਖਣ-ਰਸਨਾ ਨਾਮਿ ਜਪਹੁ ਤਬ ਮਥੀਐ ਇਨਿ ਬਿਧਿ ਅੰਮ੍ਰਿਤ ਪਾਵਹੁ॥ (੭੨੮) ਦੁੱਧ-ਸੋਇਨ ਕਟੋਰੀ ਅੰਮ੍ਰਿਤ ਭਰੀ॥ (੧੧੬੩) ਮਿਠਾਸ-ਗੁਰ-ਮੁਖਿ ਅੰਮ੍ਰਿਤ ਬਾਣੀ ਬੋਲਹਿ॥ (੬੯) ਸੁਵਾਦਿਸ਼ਟ ਭੋਜਨ-ਜਿਹ ਪ੍ਰਸਾਦਿ ਛਤਹੀ ਅੰਮ੍ਰਿਤ ਖਾਹਿ॥ (੨੬੯) ਅਮਰ-ਹਰਿ ਅੰਮ੍ਰਿਤ ਸਜਣ ਮੇਰਾ॥ (ਗੁਰੂ ਗ੍ਰੰਥ) ਪ੍ਰਮੇਸ਼ਰ ਤੇ ਪ੍ਰਮੇਸ਼ਰ ਦਾ ਨਾਮ ਅਮਰ ਹੈ ਜੋ ਇਸ ਨੂੰ ਜਪਦੇ ਤੇ ਧਾਰਦੇ ਨੇ, ਉਹ ਵੀ ਅਮਰ ਹੋ ਜਾਂਦੇ ਹਨ। ਇਹ ਪਦਵੀ ਗੱਲੀਂ ਬਾਤੀਂ ਨਹੀਂ ਪਾਈ ਜਾ ਸਕਦੀ ਜਿਵੇਂ-ਖਾਂਡ ਖਾਂਡ ਕਹੈ ਜਿਹਬਾ ਨਾ ਸਵਾਦ ਮੀਠੋ ਆਵੈ, ਅਗਨਿ ਅਗਨਿ ਕਹੈ ਸੀਤ ਨਾ ਬਿਨਾਸ ਹੈ।

ਅਮਰ ਅਮਰ ਕਹੈ ਪਾਈਐ ਨਾ ਅਮਰ ਪਦ, ਜਉ ਲਉ ਜਿਹਵਾ ਕੈ ਸੁਰਸ ਅੰਮ੍ਰਿਤ ਨਾ ਚਾਖੀਐ (ਭਾ।ਗੁ) ਅੰਮ੍ਰਿਤ ਕਿੱਥੇ ਹੈ ਅਤੇ ਕਿੱਥੋਂ ਮਿਲਦਾ ਹੈ? ਅੰਮ੍ਰਿਤ ਸਾਡੇ ਅੰਦਰ ਹੈ ਜਿਸ ਨੂੰ ਸ਼ਬਦ ਗੁਰੂ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ-ਸਬਦੁ ਗੁਰ ਪੀਰਾ ਗਹਿਰ ਗੰਭੀਰਾ॥ ਬਿਨੁ ਸਬਦੈ ਜਗੁ ਬਉਰਾਨੰ॥ (੬੩੫) ਭੇਖ ਤੋਂ ਉੱਪਰ ਉੱਠ ਕੇ ਸ਼ੁਭ ਗੁਣ ਧਾਰਨੇ ਹੀ ਅੰਮ੍ਰਿਤ ਪੀਣਾ ਹੈ।

### ਅੰਮ੍ਰਿਤ ਬਾਰੇ ਗੁਰਬਾਣੀ ਉਪਦੇਸ਼

੧। ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤ ਗੁਰ ਪਾਹੀਂ ਜੀਉ॥ ਛੋਡਹੁ ਵੇਸੁ ਭੇਖੁ ਚਤੁਰਾਈ, ਦੁਬਿਧਾ ਇਹੁ ਫਲੁ ਨਾਹੀਂ ਜੀਉ॥੧॥ ਮਨ ਰੇ! ਥਿਰ ਰਹੁ, ਮਤੁ ਕਤ ਜਾਹੀ ਜੀਉ॥ ਬਾਹਰਿ ਢੂਢਤ ਬਹੁਤ ਦੁਖ ਪਾਵਹਿ, ਘਰਿ ਅੰਮ੍ਰਿਤੁ ਘਟ ਮਾਹੀ ਜੀਉ॥ (੫੯੮) ੨। ਅੰਤਰਿ ਖੂਹਟਾ ਅੰਮ੍ਰਿਤਿ ਭਰਿਆ, ਸ਼ਬਦੇ ਕਾਢਿ ਪੀਐ ਪਨਿਹਾਰੀ॥ (੫੭੦) ੩। ਜੇਤੇ ਘਟਿ ਅੰਮ੍ਰਿਤੁ ਸਭ ਹੀ ਮਹਿ, ਭਾਵਹਿ ਤਿਸਹਿ ਪੀਆਈ॥ (੧੧੨੩) ੪। ਨਾਨਕ ਅੰਮ੍ਰਿਤੁ ਮਨੈ ਮਾਹਿ, ਪਾਈਐ ਗੁਰ ਪਰਸਾਦਿ॥ (੧੨੩੮) ੫। ਅੰਦਰੁ ਅੰਮ੍ਰਿਤਿ ਭਰਪੂਰ ਹੈ ਚਾਖਿਆਂ ਸਾਦ ਜਾਪੈ॥ (੧੦੯੨)

ਸੋ ਗੁਰਬਾਣੀ ਅਨੁਸਾਰ ਪ੍ਰਮੇਸ਼ਰ ਦਾ ਨਾਮ, ਚੰਗੇ ਗੁਣ, ਚੰਗਾ ਭੋਜਨ, ਸਫਲ ਸੇਵਾ ਅਤੇ ਰੱਬ ਦੀ ਸਿਫਤੋ ਸਲਾਹ ਹੀ ਅੰਮ੍ਰਿਤ ਹੈ, ਜਿਸ ਦੀ ਪ੍ਰਾਪਤੀ ਗੁਰੂ ਗਿਆਨ ਦੁਆਰਾ ਹੁੰਦੀ ਹੈ। ਅੱਜ ਅਸੀਂ ਮਨ ਮਰਜੀ ਦੇ ਅੰਮ੍ਰਿਤ ਪੀ ਰਹੇ ਹਾਂ ਜਿਵੇਂ ਚਰਨ ਅੰਮ੍ਰਿਤ-ਧਰਮ ਅਸਥਾਨਾਂ ਦੇ ਬਾਹਰ ਪੈਰ ਦੋਣ ਵਾਲੇ ਚੁਬੱਚੇ ਚੋਂ ਪੈਰਾਂ ਦੇ ਧੋਣ (ਗੰਦੇ ਪਾਣੀ), ਕਿਸੇ ਘੜੇ ਜਾਂ ਸ਼ੀਸੀ ਬੋਤਲ ਵਿੱਚ ਪਾ ਰੱਖੇ ਅਤੇ ਸਰੋਵਰਾਂ ਦੇ ਪਾਣੀ ਨੂੰ ਹੀ ਅੰਮ੍ਰਿਤ ਸਮਝ ਪੀ ਰਹੇ ਹਾਂ। ਜੇ ਅਸੀਂ ਗੁਰੂ ਦਾ ਅੰਮ੍ਰਿਤ ਛਕਦੇ ਹਾਂ ਤਾਂ ਉਸ ਵਿੱਚ ਵੀ ਵੰਡੀਆਂ ਪਾਈ ਜਾ ਰਹੇ ਹਾਂ, ਜਿਵੇਂ-ਕਿੱਥੋਂ ਅੰਮ੍ਰਿਤ ਛੱਕਿਆ ਹੈ? ਨਿਹੰਗਾਂ, ਭਿੰਡਰਾਂਵਾਲਿਆਂ, ਰਾੜੇਵਾਲਿਆਂ, ਪਹੇਵੇ ਵਾਲਿਆਂ, ਫਲਾਨੇ ਸੰਤਾਂ, ਮਿਸ਼ਨਰੀ ਕਾਲਜਾਂ ਅਤੇ ਸ਼੍ਰੋਮਣੀ ਕਮੇਟੀ ਤੋਂ ਆਦਿਕ। ਗੁਰੂ ਤੋਂ ਛੱਕਿਆ ਕੋਈ ਵਿਰਲਾ ਹੀ ਕਹਿੰਦਾ ਹੈ? ਫਿਰ ਇਹ ਸਭ ਮਰਯਾਦਾ ਵੀ ਵੱਖਰੀ-ਵੱਖਰੀ ਦ੍ਰਿੜ ਕਰਵਾਉਂਦੇ ਨੇ, ਐਸਾ ਕਿਉਂ? ਕੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਵੱਖਰੀ-ਵੱਖਰੀ ਮਰਯਾਦਾ ਦ੍ਰਿੜ ਕਰਵਾਈ ਸੀ? ਜਰਾ ਸੋਚੋ! ਜਦੋਂ ਖ਼ਾਲਸਾ ਪੰਥ ਇੱਕ ਹੈ ਫਿਰ ਖ਼ਾਲਸੇ ਪੰਥ ਦੀ ਮਰਯਾਦਾ ਵੀ ਇੱਕ ਹੀ ਹੋਣੀ ਚਾਹੀਦੀ ਹੈ।

ਅੰਮ੍ਰਿਤ ਇੱਕ ਪ੍ਰਣ ਹੈ-ਸਿੱਖ ਗੁਰੂ ਅੱਗੇ ਪ੍ਰਣ ਕਰਦਾ ਹੈ ਕਿ ਉਹ ਕਿਰਤਮ ਦੀ ਥਾਂ ਅਕਾਲ ਦੀ ਪੂਜਾ ਅਤੇ ਧਰਮ ਦੀ ਕਿਰਤ ਕਰਦਾ ਹੋਇਆ ਵੰਡ ਛਕੇਗਾ। ਮਨੁੱਖਤਾ ਦੀ ਸੇਵਾ ਕਰਦਾ ਹੋਇਆ ਪਰਉਪਕਾਰੀ ਜੀਵਨ ਜੀਵੇਗਾ, ਜਾਤਿ-ਪਾਤਿ ਨੂੰ ਨਹੀਂ ਮੰਨੇਗਾ। ਕਿਸੇ ਦੇਹਧਾਰੀ ਸਾਧ ਸੰਤ ਦੀ ਥਾਂ ਗੁਰੂ ਗ੍ਰੰਥ ਨੂੰ ਹੀ ਸੀਸ ਨਿਵਾਏ ਅਤੇ ਬੁਰੇ ਕਰਮਾਂ ਦਾ ਤਿਆਗ ਕਰੇਗਾ। ਕੇਸਾਂ ਦੀ ਬੇਅਦਬੀ ਅਤੇ ਪਰਾਈ ਇਸਤ੍ਰੀ ਜਾਂ ਮਰਦ ਦਾ ਸੰਗ ਨਹੀਂ ਕਰੇਗਾ। ਜਗਤ ਜੂਠ ਤਮਾਕੂ ਨਹੀਂ ਪੀਵੇਗਾ, ਗੁਲਾਮੀ ਦੀ ਨਿਸ਼ਾਨੀ ਹਲਾਲ ਕੀਤਾ ਕੁੱਠਾ ਮਾਸ ਨਹੀਂ ਖਾਏਗਾ। ਸਰੀਰਕ ਸਫਾਈ ਨੂੰ ਮੁੱਖ ਰੱਖ ਨਿੱਤ ਇਸ਼ਨਾਨ ਕਰੇਗਾ ਪਰ ਬ੍ਰਾਹਮਣ ਵਾਲੀ ਸੁੱਚ ਭਿੱਟ ਨਹੀਂ ਰੱਖੇਗਾ। ਪੰਜ ਕਕਾਰੀ ਵਰਦੀ ਧਾਰਨ ਕਰਕੇ, ਗੁਰਬਾਣੀ ਦਾ ਪਾਠ ਨਿਤਾ ਪ੍ਰਤੀ ਕਰ ਵਿਚਾਰੇਗਾ। ਸ਼ਸ਼ਤ੍ਰ ਵਿਦਿਆ ਦਾ ਅਭਿਆਸ ਜਾਰੀ ਰੱਖਦਾ ਮਜ਼ਲੂਮਾਂ ਦੀ ਰੱਖਿਆ ਕਰੇਗਾ। ਏਕ ਪਿਤਾ ਏਕਸ ਕੇ ਹਮ ਬਾਰਿਕ ਦੇ ਮਹਾਂਵਾਕ ਅਨੁਸਾਰ ਸਾਰੇ ਸੰਸਾਰ ਨੂੰ ਆਪਣਾ ਪ੍ਰਵਾਰ ਸਮਝੇਗਾ। ਗੁਰਬਾਣੀ ਨੂੰ ਮੂਰਤੀਆਂ ਦੀ ਤਰ੍ਹਾਂ ਧੂਫਾਂ ਧੁਖਾ ਅਤੇ ਜੋਤਾਂ ਬਾਲ ਕੇ ਨਹੀਂ ਪੂਜੇਗਾ ਸਗੋਂ ਗੁਰੂਆਂ ਭਗਤਾਂ ਦੇ ਰੱਬੀ ਗਿਆਨ ਨੂੰ ਵਿਚਾਰ ਨਾਲ ਸਮਝ ਕੇ, ਸਮੁੱਚੇ ਸੰਸਾਰ ਵਿੱਚ ਵੰਡਦਾ ਹੋਇਆ ਆਪਣਾ ਅੰਮ੍ਰਿਤਧਾਰੀ ਜੀਵਨ ਸਫਲ ਕਰੇਗਾ।

ਗੁਰੂ ਜੀ ਨੇ ਐਸਾ ਪਰਉਪਕਾਰੀ ਖ਼ਾਲਸਾ ਪੰਥ ਸਾਜਿਆ ਸੀ ਨਾਂ ਕਿ ਵੱਖ-ਵੱਖ ਸੰਪ੍ਰਦਾਵਾਂ ਜਾਂ ਡੇਰੇ ਪੈਦਾ ਕੀਤੇ ਸਨ। ਜਰਾ ਆਪਣੇ ਮਨਾਂ ਅੰਦਰ ਡੂੰਗੀ ਝਾਤ ਮਾਰ ਕੇ ਦੇਖੋ! ਫਿਰ ਇਹ ਡੇਰੇ ਅਤੇ ਸੰਪ੍ਰਦਾਵਾਂ ਦੀਆਂ ਵੰਡੀਆਂ ਸਾਡੇ ਵਿੱਚ ਕਿਵੇਂ ਪੈ ਗਈਆਂ? ਸਿੱਖ ਧਰਮ ਵਿਗਿਆਨਕ, ਅਧੁਨਿਕ ਅਤੇ ਸਾਰੇ ਸੰਸਾਰ ਦਾ ਧਰਮ ਹੈ, ਜਿਸ ਨੂੰ ਸੰਸਾਰ ਦਾ ਕੋਈ ਵੀ ਮਾਨੁੱਖ ਧਾਰਨ ਕਰ ਸਕਦਾ ਹੈ। ਵੈਸਾਖੀ ਦੇ ਪੁਰਬ ਤੇ ਐਸੇ ਉਪਰਾਲੇ ਕਿਉਂ ਨਹੀਂ ਕੀਤੇ ਜਾਂਦੇ? ਦੇਖੋ!

ਈਸਾਈਆਂ ਨੇ ਦੁਨੀਆਂ ਦੀ ਹਰੇਕ ਭਾਸ਼ਾ ਵਿੱਚ ਪਵਿਤਰ ਬਾਈਬਲ ਦਾ ਗਿਆਨ ਵੰਡ ਦਿੱਤਾ ਹੈ। ਕੈਸੀ ਭਾਵਨਾ ਹੈ ਉਨ੍ਹਾਂ ਵਿੱਚ ਪਰ ਅਸੀਂ ਪੰਜਾਬੀ ਅਤੇ ਵਿਸ਼ਵ ਭਾਸ਼ਾ ਅੰਗ੍ਰੇਜੀ ਵਿੱਚ ਵੀ ਐਸਾ ਨਹੀਂ ਕਰ ਸੱਕੇ। ਜਰਾ ਧਿਆਨ ਦਿਉ! ਗੁਰੂ ਗ੍ਰੰਥ ਸਹਿਬ ਵਿੱਚ ਐਸੀ ਭਾਵਨਾ ਪਹਿਲਾਂ ਹੀ ਦਰਸਾਈ ਅਤੇ ਅਨੇਕਾਂ ਬੋਲੀਆਂ ਗੁਰਬਾਣੀ ਵਿੱਚ ਵਰਤੀਆਂ ਗਈਆਂ ਜੋ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹਨ। ਸਾਨੂੰ ਗੁਰਬਾਣੀ ਤੋਂ ਸੇਧ ਲੈ ਕੇ ਚੱਲਣਾ ਚਾਹੀਦਾ ਹੈ ਨਾਂ ਕਿ ਕਿਸੇ ਸਾਧ-ਸੰਤ, ਸੰਪਰਦਾ-ਟਕਸਾਲ ਜਾਂ ਸੰਸਥਾ ਆਦਿਕ ਤੋਂ। ਗੁਰੂ ਜੀ ਸਦਾ ਲਈ ਸਾਨੂੰ ਗੁਰੂ ਗ੍ਰੰਥ ਦੇ ਲੜ ਲਾ ਗਏ ਤੇ ਅੱਜ ਵੀ ਸਾਨੂੰ ਲੱਗੇ ਰਹਿੰਣਾ ਚਾਹੀਦਾ ਹੈ। ਇਹ ਹੀ ਵੈਸਾਖੀ, ਅੰਮ੍ਰਿਤ, ਖਾਲਸਾ ਸਾਜਨ ਦਿਵਸ ਦਾ ਅਸਲੀ ਸੰਦੇਸ਼, ਵਿਲੱਖਣਤਾ ਅਤੇ ਮਹਾਨਤਾ ਹੈ।

# ਰੰਗ ਬਿਰੰਗੀਆਂ ਕਵਿਤਾਵਾਂ ਵਾਲਾ ਕਾਵਿ ਸੰਗ੍ਰਹਿ: ਫੁੱਲ ਪੱਤੀਆਂ




ਉਜਾਗਰ ਸਿੰਘ
91-94178 13072

ਆਸਟਰੇਲੀਆ ਵਸਦੇ ਤਿੰਨ ਪ੍ਰਵਾਸੀ ਕਵੀਆਂ ਦਾ ਕਾਵਿ ਸੰਗ੍ਰਹਿ 'ਫੁੱਲ ਪੱਤੀਆਂ' ਬਹੁਮੰਤਵੀ ਤੇ ਬਹੁਰੰਗੀ ਕਵਿਤਾਵਾਂ ਦਾ ਸੁਮੇਲ ਹੈ। ਇਸ ਕਾਵਿ ਸੰਗ੍ਰਹਿ ਨੂੰ ਜਸਬੀਰ ਸਿੰਘ ਆਹਲੂਵਾਲੀਆ ਨੇ ਸੰਪਾਦਿਤ ਕੀਤਾ ਹੈ। ਜਸਬੀਰ ਸਿੰਘ ਆਹਲੂਵਾਲੀਆ ਦਾ ਇਕ ਕਹਾਣੀ ਸੰਗ੍ਰਹਿ 'ਦੋ ਕੱਪ ਚਾਹ' ਅਤੇ ਤਿੰਨ ਸਾਂਝੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਸ ਕਾਵਿ ਸੰਗ੍ਰਹਿ ਵਿੱਚ ਤਖ਼ਤਿੰਦਰ ਸਿੰਘ ਸੰਧੂ, ਅਮਰੀਕ ਸਿੰਘ ਡੋਗਰਾ ਦੀਆਂ 22-22 ਅਤੇ ਜਸਬੀਰ ਸਿੰਘ ਆਹਲੂਵਾਲੀਆ ਦੀਆਂ 20 ਕਵਿਤਾਵਾਂ ਸ਼ਾਮਲ ਹਨ। ਇਨ੍ਹਾਂ ਤਿੰਨਾ ਕਵੀਆਂ ਦੀਆਂ ਕਵਿਤਾਵਾਂ ਸਮਾਜਿਕ ਸਰੋਕਾਰਾਂ, ਧਾਰਮਿਕ, ਸਮਾਜਿਕ, ਸਭਿਆਚਾਰਿਕ ਅਤੇ ਪਿਆਰ ਮੁਹੱਬਤ ਦੇ ਵਿਸ਼ਿਆਂ ਦੀਆਂ ਬਾਤਾਂ ਪਾਉਂਦੀਆਂ ਹਨ। ਤਖ਼ਤਿੰਦਰ ਸਿੰਘ ਸੰਧੂ ਦੀਆਂ ਕਵਿਤਾਵਾਂ ਸੁਰ, ਤਾਲ ਅਤੇ ਲੈਅ ਬੱਧ ਹਨ, ਜਿਹੜੀਆਂ ਮਿੱਟੀ ਦੇ ਮੋਹ, ਪ੍ਰਵਾਸ ਵਿੱਚ ਸਥਾਪਤ ਹੋਣ ਦੀ ਜਦੋਜਹਿਦ, ਪੰਜਾਬੀ ਵਿਰਾਸਤ ਨਾਲ ਗੂੜ੍ਹੀ ਸਾਂਝ, ਕਿਸਾਨੀ ਦਰਦ, ਮਿਹਨਤ ਮਸ਼ੱਕਤ ਅਤੇ ਪਿਆਰ ਮੁਹੱਬਤ ਦੀ ਗੱਲ ਕਰਦੀਆਂ ਹਨ। ਉਸ ਦੀਆਂ ਕਵਿਤਾਵਾਂ ਪ੍ਰਵਾਸ ਵਿੱਚ ਪੰਜਾਬੀਆਂ ਦੀ ਜ਼ਿੰਦਗੀ ਜਿਓਣ ਲਈ ਕੀਤੇ ਜਾਂਦੇ ਉਪਰਾਲਿਆਂ ਬਾਰੇ ਵੀ ਸੰਕੇਤਕ ਢੰਗ ਨਾਲ ਸਮਝਾਉਂਦੀਆਂ ਹਨ। ਪ੍ਰਵਾਸ ਵਿੱਚ ਜਾ ਕੇ ਅਜਿਹੀ ਮ੍ਰਿਗ ਤ੍ਰਿਸ਼ਨਾ ਦੇ ਚਕਰ ਵਿੱਚ ਪੰਜਾਬੀ ਉਲਝੇ ਰਹਿੰਦੇ ਹਨ, ਜਿਵੇਂ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲੀ ਕਹਾਵਤ ਹੈ, ਨਾ ਤਾਂ ਉਹ ਵਾਪਸ ਆ ਸਕਦੇ ਹਨ ਅਤੇ ਨਾ ਹੀ ਵਿਰਾਸਤ ਦਾ ਮੋਹ ਤਿਆਗ ਸਕਦੇ ਹਨ। ਮੋਹ ਮਿੱਟੀ ਦਾ ਸਿਰਲੇਖ ਵਾਲੀ ਕਵਿਤਾ ਪਰਵਾਸ ਦੀ ਤ੍ਰਾਸਦੀ ਦਾ ਪ੍ਰਗਟਾਂਵਾ ਕਰਦੀ ਹੈ, ਜਿਸ ਵਿੱਚ ਸ਼ਾਇਰ ਲਿਖਦਾ ਹੈ:

ਪੈਸਿਆਂ ਲਈ ਅਸੀਂ ਪ੍ਰਦੇਸੀਂ ਭੱਜੇ, ਬਹੁਤ ਕਮਾ ਲਏ ਨਾ ਫੇਰ ਵੀ ਰੱਜੇ।
ਕੰਮ ਹੀ ਕੰਮ ਵੱਲ ਰਾਤ ਦਿਨ ਜਾਈਏ, ਆਪਣੇ ਲਈ ਨਾ ਸਮਾਂ ਕੱਢ ਪਾਈਏ।
ਹੁਣ ਅੱਗੇ ਖੂਹ ਪਿੱਛੇ ਹੈ ਖਾਈ, ਲਾਲਚ ਵਿੱਚ ਆ ਅਸੀਂ ਜਿੰਦ ਫਸਾਈ।
ਦੇਖੋ ਦੇਖ ਖ਼ਰੀਦ ਲਈਆਂ ਕਾਰਾਂ, ਪੈਂਦੀਆਂ ਹੁਣ ਕਿਸ਼ਤਾਂ ਦੀਆਂ ਮਾਰਾਂ।
ਬੇਗਾਨੀ ਧਰਤ ਨੇ ਜਾਨ ਸੂਲੀ 'ਤੇ ਟੰਗੀ,
ਬਾਹਰ ਦੀ ਚੋਪੜੀ ਨਾਲੋਂ ਘਰ ਦੀ ਸੁੱਕੀ ਚੰਗੀ।

ਕਵਿਤਾਵਾਂ ਸਮਾਜ ਵਿੱਚ ਹੋ ਰਹੇ ਧੋਖੇ, ਫ਼ਰੇਬ, ਵਹਿਮਾ ਭਰਮਾ, ਆਸ਼ਾ ਨਿਰਾਸ਼ਾ ਅਤੇ ਸਫਲਤਾ ਦੇ ਨੁਸਖਿਆਂ ਦੇ ਆਲੇ ਦੁਆਲੇ ਘੁੰਮਦੀਆਂ ਹਨ। ਪਰਵਾਸ ਵਿੱਚ ਪੰਜਾਬ ਦੀ ਨੌਜਵਾਨੀ ਦੇ ਵਹੀਰਾਂ ਘੱਤ ਕੇ ਜਾਣ 'ਤੇ ਚਿੰਤਾ ਪ੍ਰਗਟ ਕਰਦਾ ਹੋਇਆ ਕਵੀ ਲਿਖਦਾ ਹੈ ਕਿ ਬੇਬਸੀ ਅਤੇ ਲਾਚਾਰੀ ਮਾਪਿਆਂ ਨੂੰ ਮਜ਼ਬੂਰ ਕਰਦੀਆਂ ਹਨ। ਬੱਚਿਆਂ ਦੇ ਵਿਦੇਸ਼ ਜਾਣ ਦਾ ਸੰਤਾਪ ਮਾਪੇ ਜਿਥੇ ਵਿਛੋੜੇ ਦੇ ਰੂਪ ਵਿੱਚ ਭੁਗਤਦੇ ਹਨ, ਉਥੇ ਹੀ ਜ਼ਮੀਨਾ ਵੇਚ ਅਤੇ ਕਰਜ਼ੇ ਚੁੱਕਣ ਵਰਗੇ ਕਦਮ ਵੀ ਚੁੱਕਦੇ ਹਨ। ਪ੍ਰਵਾਸ ਵਿੱਚ ਸਾਡੀ ਨੌਜਵਾਨੀ ਰੁਲ ਰਹੀ ਹੈ। ਜਿਹੜੇ ਸੁਪਨੇ ਸਿਰਜਕੇ ਜਾਂਦੇ ਹਨ, ਉਹ ਅਧੂਰੇ ਰਹਿ ਜਾਂਦੇ ਹਨ। ਸੰਧੂ ਵਾਤਾਵਰਨ ਬਾਰੇ ਵੀ ਆਪਣੀਆਂ ਕਵਿਤਾਵਾਂ ਵਿੱਚ ਚਿੰਤਾ ਪ੍ਰਗਟ ਕਰਦਾ ਹੈ। ਲੋਕਾਂ ਵੱਲੋਂ ਰੁੱਖਾਂ ਨੂੰ ਵੱਢਣਾ ਅਤੇ ਏ.ਸੀਜ਼ ਦੀ ਵਰਤੋਂ ਕਰਨਾ ਭਵਿਖ ਦੀ ਤਬਾਹੀ ਦਾ ਕਾਰਨ ਬਣ ਸਕਦੇ ਹਨ। ਰਿਸ਼ਤਿਆਂ ਵਿਚ ਗਿਰਾਵਟ ਦਾ ਕਾਰਨ ਪਰਿਵਾਰਾਂ ਵਿੱਚ ਜ਼ਮੀਨ ਜਾਇਦਾਦ ਦੇ ਝਗੜੇ ਤੇ ਲੜਾਈਆਂ ਬਣ ਰਹੀਆਂ ਹਨ। ਉਸ ਦੀਆਂ ਕਵਿਤਾਵਾਂ ਭਾਵੇਂ ਜਦੋਜਹਿਦ ਦੀ ਤਸਵੀਰ ਪੇਸ਼ ਕਰਦੀਆਂਹਨ ਪ੍ਰੰਤੂ ਫਿਰ ਵੀ ਆਸ਼ਾਵਾਦੀ ਹਨ, ਜਿਨ੍ਹਾਂ ਵਿੱਚ ਉਹ ਇਨਸਾਨ ਨੂੰ ਸਫਲਤਾ ਪ੍ਰਾਪਤ ਕਰਨ ਲਈ ਨਿਸ਼ਾਨਾ ਨਿਸਚਤ ਕਰਕੇ ਮਿਹਨਤ ਕਰਨ ਦੀ ਤਾਕੀਦ ਕਰਦਾ ਹੈ।

ਜਸਬੀਰ ਸਿੰਘ ਆਹਲੂਵਾਲੀਆ ਨੂੰ ਸਾਹਿਤਕ ਮਸ ਬਚਪਨ ਵਿੱਚ ਹੀ ਲੱਗ ਗਿਆ ਸੀ। ਅੰਮ੍ਰਿਤਸਰ ਵਰਗੇ ਧਾਰਮਿਕ ਸ਼ਹਿਰ ਵਿੱਚ ਵਿਚਰਨ ਕਰਕੇ ਧਾਰਮਿਕ ਅਕੀਦਾ ਵੀ ਮਜ਼ਬੂਤ ਹੋਇਆ ਅਤੇ ਸਾਹਿਤਕ ਦਿਗਜ਼ਾਂ ਨਾਲ ਮੇਲ ਜੋਲ ਕਰਨ ਦੇ ਮੌਕੇ ਮਿਲਦੇ ਰਹੇ। ਪਹਿਲਾਂ ਰੰਗ ਮੰਚ ਫਿਰ ਕਹਾਣੀ ਅਤੇ ਨਾਲ ਹੀ ਕਵਿਤਾ ਵਿਚ ਦਿਲਚਸਪੀ ਬਣ ਗਈ। ਆਸਟਰੇਲੀਆ ਆ ਕੇ ਵੀ ਰੰਗਮੰਚ ਨੂੰ ਪ੍ਰਣਾਇਆ ਰਿਹਾ। ਪ੍ਰੰਤੂ ਏਥੇ ਸੈਟਲ ਹੋਣ ਲਈ ਬਹੁਤ ਜਦੋਜਹਿਦ ਕਰਨੀ ਪਈ। ਵਿਓਪਾਰ ਵਿੱਚ ਇੱਕ ਭਾਈਵਾਲ ਤੋਂ ਧੋਖਾ ਖਾਣ ਅਤੇ ਪਤਨੀ ਦੇ ਸਵਰਗਵਾਸ ਹੋਣ ਤੋਂ ਬਾਅਦ ਦੁੱਖ ਦੇ ਸਮੇਂ ਉਸ ਨੇ ਕਵਿਤਾ ਲਿਖਣੀ ਸ਼ੁਰੂ ਕੀਤੀ। ਉਸ ਦੀਆਂ ਇਸ ਕਾਵਿ ਸੰਗ੍ਰਹਿ ਵਿਚ 20 ਕਵਿਤਾਵਾਂ ਹਨ, ਜਿਨ੍ਹਾਂ ਵਿਚੋਂ 9 ਕਵਿਤਾਵਾਂ ਪਿਆਰ ਮੁਹੱਬਤ, ਦੋ ਧਾਰਮਿਕ ਵਿਸ਼ਵਾਸ਼ ਨਾਲ ਸੰਬੰਧਤ ਅਤੇ ਦੋ ਮਾਂ ਦੀ ਮਮਤਾ ਵਾਲੀਆਂ ਹਨ। ਦੋ ਕਵਿਤਾਵਾਂ ਪ੍ਰਵਾਸ ਦੀ ਜਦੋਜਹਿਦ ਵਾਲੀਆਂ ਹਨ। ਜਸਬੀਰ ਸਿੰਘ ਆਹਲੂਵਾਲੀਆ ਪ੍ਰਵਾਸ ਦੀ ਪ੍ਰਣਾਲੀ ਦੀ ਪ੍ਰਸੰਸਾ ਕਰਦੇ ਨਜ਼ਰ ਆ ਰਹੇ ਹਨ। ਇਸ ਦੇ ਨਾਲ ਹੀ ਪ੍ਰਵਾਸ ਵਿੱਚ ਮਿਹਨਤ ਦੇ ਮੁੱਲ ਮਿਲਣ ਬਾਰੇ ਵੀ ਦਸਦੇ ਹਨ, ਜਦੋਂ ਕਿ ਪੰਜਾਬ ਵਿੱਚ ਅਜਿਹਾ ਕੁਝ ਨਹੀਂ ਹੈ। ਪ੍ਰਵਾਸ ਵਿੱਚ ਵੀ ਪੰਜਾਬੀਆਂ ਵੱਲੋਂ ਬੇਵਜਾਹ ਹੀ ਆਪਸੀ ਦੁਸ਼ਮਣੀਆਂ, ਨਫ਼ਰਤ ਅਤੇ ਧੋਖੇਬਾਜ਼ੀ ਕੀਤੀ ਜਾਂਦੀ ਹੈ। ਇਨਸਾਨਾ ਨੂੰ ਆਪਣੇ ਅੰਦਰ ਦੀ ਨਫ਼ਰਤ ਦੀ ਜ਼ਹਿਰ ਤੋਂ ਤਿਲਾਂਜਲੀ ਲੈਣੀ ਚਾਹੀਦੀ ਹੈ। ਖ਼ੁਸ਼ੀ ਸਫਲ ਜੀਵਨ ਵਿੱਚ ਸਹਾਇਕ ਸਾਬਤ ਹੁੰਦੀ ਹੈ। 'ਬਥੇਰਾ ਰੋ ਲਏ' ਸਿਰਲੇਖ ਵਾਲੀ ਕਵਿਤਾ ਵਿੱਚ ਕਵੀ ਲਿਖਦਾ ਹੈ:




ਜ਼ਿੰਦਗੀ ਦੇ ਰੁਝੇਵਿਆਂ ਨੇ, ਜ਼ਿੰਦਗੀ ਦੇ ਹਾਸੇ ਖੋਹ ਲਏ,
ਖ਼ੁਸ਼ੀਆਂ ਖੇੜੇ ਸਭ ਮਰ ਗਏ, ਬੱਸ ਗ਼ਮ ਹੀ ਮੇਰੇ ਹੋ ਗਏ।
ਇਕ ਦੂਜੇ ਦਾ ਹੱਥ ਫੜ ਕੇ, ਜ਼ਿੰਦਗੀ ਦਾ ਸਫਰ ਤਹਿ ਕਰੀਏ,
ਭੁੱਲ ਜਾਈਏ ਉਹਨਾਂ ਨੂੰ, ਜੋ ਜ਼ਿੰਦਗੀ ਨੂੰ ਅਲਵਿਦਾ ਕਹਿ ਗਏ।

ਮਿਲਵਰਤਨ ਨਾਲ ਰਹਿਣਾ ਇਨਸਾਨ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਕਰਦਾ ਹੈ। ਕਵੀ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਲੜਨ ਦੀ ਤਾਕੀਦ ਵੀ ਕਰਦਾ ਹੈ। ਜ਼ੁਲਮ ਦਾ ਟਾਕਰਾ ਕਰਨਾ ਬੇਹੱਦ ਜ਼ਰੂਰੀ ਹੈ। ਇਨਸਾਨੀਅਤ ਦੀਆਂ ਕਦਰਾਂ ਕੀਮਤਾਂ 'ਤੇ ਪਹਿਰਾ ਦੇਣ ਦੀ ਪ੍ਰੋੜ੍ਹਤਾ ਵੀ ਕਰਦਾ ਹੈ। ਪ੍ਰਵਾਸ ਵਿੱਚ ਸਿੱਖੀ ਤੋਂ ਮੁਨਕਰ ਹੋ ਕੇ ਪਤਿਤ ਹੋਣ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਾ ਹੋਇਆ ਧਾਰਮਿਕ ਪਵਿਤਰਤਾ 'ਤੇ ਜ਼ੋਰ ਦਿੰਦਾ ਹੈ। ਪੰਜਾਬੀ ਬੋਲੀ ਨੂੰ ਗੁਰੂ ਵੱਲੋਂ ਦਿੱਤਾ ਤੋਹਫ਼ਾ ਕਹਿੰਦਾ ਹੈ। ਪ੍ਰੰਤੂ ਅਸੀਂ ਲੋਕ ਪੰਜਾਬੀ ਤੋਂ ਮੁੱਖ ਮੋੜਕੇ ਸਫਲਤਾ ਚਾਹੁੰਦੇ ਹਾਂ। ਆਪਣੀ ਵਿਰਾਸਤ ਨਾਲ ਜੁੜਕੇ ਹੀ ਸਮਾਜਿਕ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

ਤੀਜਾ ਕਵੀ ਅਮਰੀਕ ਸਿੰਘ ਡੋਗਰਾ ਹੈ। ਅਮਰੀਕ ਸਿੰਘ ਡੋਗਰਾ ਨੂੰ ਕਵਿਤਾ ਲਿਖਣ ਦੀ ਚੇਟਕ ਇਕ ਛੋਟੇ ਬੱਚੇ ਦੀਆਂ ਕਵਿਤਾਵਾਂ ਸੁਣਨ ਤੋਂ ਬਾਅਦ ਲੱਗੀ। ਫਿਰ ਉਸ ਨੇ ਤੁਕ ਬੰਦੀ ਸ਼ੁਰੂ ਕਰ ਦਿੱਤੀ। 1984 ਵਿੱਚ ਉਹ ਆਸਟਰੇਲੀਆ ਪਹੁੰਚ ਗਿਆ। ਉਥੇ ਗੁਰੂ ਘਰ ਵਿੱਚ ਸਾਹਿਤਕ ਮਿਲਣੀਆਂ ਹੁੰਦੀਆਂ ਸਨ। ਉਹ ਵੀ ਉਨ੍ਹਾਂ ਵਿੱਚ ਜਾਣ ਲੱਗ ਪਿਆ।

ਗੁਰੂ ਘਰ ਵਿੱਚ ਉਸ ਨੇ ਵੀ ਕਵਿਤਾਵਾਂ ਪੜ੍ਹਨੀਆਂ ਸ਼ੁਰੂ ਦਿੱਤੀਆਂ। ਕਿੱਤੇ ਦੇ ਤੌਰ 'ਤੇ ਉਹ ਕੰਪਿਊਟਰ ਪ੍ਰੋਗਰਾਮਰ ਹੈ ਪ੍ਰੰਤੂ ਕਵਿਤਾਵਾਂ ਨੂੰ ਬੂਰ ਗੁਰੂ ਘਰ ਵਿੱਚ ਕਵਿਤਾਵਾਂ ਪੜ੍ਹਨ ਮੌਕੇ ਮਿਲੀ ਪ੍ਰਸੰਸਾ ਤੋਂ ਬਾਅਦ ਪੈਣ ਲੱਗਿਆ। ਆਸਟ੍ਰੇਲੀਆ ਵਿਖੇ ਉਹ ਲਗਾਤਾਰ ਗੁਰੂ ਘਰ ਨਾਲ ਜੁੜਿਆ ਰਿਹਾ, ਜਿਸ ਕਰਕੇ ਉਸ ਦੀ ਬਹੁਤੀ ਕਵਿਤਾ ਧਾਰਮਿਕ ਹੈ।

ਸਿੱਖ ਧਰਮ ਦੀ ਵਿਚਾਰਧਾਰਾ ਦਾ ਮੁਦਈ ਹੋਣ ਕਰਕੇ ਉਹ ਧਾਰਮਿਕ ਕਵਿਤਾਵਾਂ ਨੂੰ ਹੀ ਤਰਜੀਹ ਦਿੰਦਾ ਰਿਹਾ। ਇਸ ਕਾਵਿ ਸੰਗ੍ਰਹਿ ਦੀਆਂ 22 ਕਵਿਤਾਵਾਂ ਵਿੱਚੋਂ 10 ਕਵਿਤਾਵਾਂ ਰੱਬ ਦਾ ਕੰਪਿਊਟਰ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਗੁਰੂ ਦੀ ਗੋਲਕ, ਅਨੋਖੀ ਖਾਹਿਸ਼, ਗੁਰ ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ, ਬਾਬੇ ਨਾਨਕ ਦਾ ਅਵਤਾਰ, ਦਰਦ ਏ ਪੰਜਾਬ ਅਤੇ ਇਕ ਆਵਾਜ਼ ਆਦਿ ਧਾਰਮਿਕ ਰੰਗ ਵਿੱਚ ਰੰਗੀਆਂ ਹੋਈਆਂ ਹਨ। ਇਸ ਤੋਂ ਇਲਾਵਾ ਹੋਰ ਕਈ ਕਵਿਤਾਵਾਂ ਵਿੱਚ ਵੀ ਗੁਰੂ ਦੀ ਮਿਹਰ ਦਾ ਜ਼ਿਕਰ ਆਉਂਦਾ ਹੈ। ਪ੍ਰਕ੍ਰਿਤੀ ਅਤੇ ਵਾਤਾਵਰਨ ਨੂੰ ਵੀ ਉਨ੍ਹਾਂ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਇਆ ਹੈ। ਵਾਤਾਵਰਨ ਦੇ ਪ੍ਰਦੂਸ਼ਤ ਹੋਣ ਨਾਲ ਸਮਾਜ ਸਿਹਤਮੰਦ ਨਹੀਂ ਰਹਿੰਦਾ। ਪ੍ਰਕ੍ਰਿਤੀ ਦੀ ਤਾਰੀਫ 'ਸੁਖਾਂਦ ਨਜ਼ਾਰਾ' ਕਵਿਤਾ ਵਿੱਚ ਕਰਦਾ ਕਵੀ ਲਿਖਦਾ ਹੈ:

ਠਹਿਰ ਗਈ ਧੜਕਣ ਵੀ, ਜਦ ਮੂਰਤ ਦਿੱਤੀ ਦਿਖਾਈ।
ਚੁੱਪ ਚੁਪੀਤੇ ਆਈ ਕੋਲ ਮੇਰੇ, ਅੰਦਰ ਦੀ ਪਰਛਾਈ।
ਦੇਖ ਕੇ ਸਭ ਨਜ਼ਾਰਾ ਫਿਰ, ਭੁੱਲ ਗਿਆ ਆਸਾ ਪਾਸਾ।
ਸਾਥੀ ਮੇਰਾ ਵੀ ਨਾ ਹਿੱਲਿਆ, ਦੇਖ ਕੇ ਇਹ ਤਮਾਸ਼ਾ।

ਕਿਸਾਨੀ ਦਾ ਦਰਦ ਵੀ ਉਸ ਦੀਆਂ ਕਵਿਤਾਵਾਂ ਵਿੱਚੋਂ ਝਲਕਦਾ ਹੈ। ਦੋ ਕਵਿਤਾਵਾਂ ਕਿਸਾਨ ਅੰਦੋਲਨ ਸੰਬੰਧੀ ਹਨ। ਪੰਜਾਬੀ ਮਾਂ ਬੋਲੀ ਬਾਰੇ ਕਵਿਤਾਵਾਂ ਵਿੱਚ ਕਵੀ ਨੂੰ ਹੰਦੇਸ਼ਾ ਹੈ ਕਿ ਮਾਂ ਬੋਲੀ ਤੋਂ ਦੂਰ ਹੋਣਾ ਵਿਰਾਸਤ ਨਾਲੋਂ ਟੁੱਟਣਾ ਹੈ। ਉਹ ਵਹਿਮਾ ਭਰਮਾ ਵਿੱਚ ਗ੍ਰਸੇ ਲੋਕਾਂ ਨੂੰ ਅਜਿਹੀਆਂ ਅਲਾਮਤਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਕਰਦਾ ਹੈ। ਨਸ਼ਿਆਂ ਦੇ ਪ੍ਰਕੋਪ ਵਿੱਚੋਂ ਬਾਹਰ ਆਉਣ ਦੀ ਤਾਕੀਦ ਕਰਦਾ ਕਵੀ ਲਿਖਦਾ ਹੈ:

ਨਸ਼ਿਆਂ ਨੇ ਦਬੋਚਿਆ, ਤੂੰ ਕਿਉਂ ਨਹੀਂ ਲੈਂਦਾ ਸਾਰ,
ਅਣਖ ਨੂੰ ਜਗਾਉਣ ਲਈ, ਹੁਣ ਹੱਥ ਪੈਰ ਤੂੰ ਮਾਰ।
ਹੱਥ ਪੈਰ ਜ਼ਰਾ ਮਾਰ ਕੇ, ਕਰ ਆਪਣੇ ਤੇ ਉਪਕਾਰ,
ਉਮੀਦਾਂ ਲਾਈ ਤੇਰੇ ਤੇ, ਹੈ ਬੈਠਾ ਸਭ ਪਰਵਾਰ।

ਕਾਵਿ ਸੰਗ੍ਰਹਿ ਦੀ ਆਖ਼ਰੀ 'ਕੰਧ' ਸਿਰਲੇਖ ਵਾਲੀ ਕਵਿਤਾ ਵਿੱਚ ਕਵੀ ਪ੍ਰੇਮ ਭਾਵ, ਸਦਭਾਵਨਾ ਅਤੇ ਮਿਲਵਰਤਨ ਨਾਲ ਜੀਵਨ ਜਿਓਣ ਲਈ ਕਹਿੰਦਾ ਹੈ। ਇਨਸਾਨ ਨੂੰ ਰਿਸ਼ਤਿਆਂ ਦਾ ਨਿੱਘ ਬਣਾਈ ਰੱਖਣ ਦੀ ਤਾਕੀਦ ਕਰਦਾ ਹੈ। ਮੁਹੱਬਤ ਜੀਵਨ ਨੂੰ ਸਫਲ ਬਣਾਉਂਦੀ ਹੈ।

94 ਪੰਨਿਆਂ, 150 ਰੁਪਏ ਕੀਮਤ, ਰੰਗਦਾਰ ਦਿਲਕਸ਼ ਮੁੱਖ ਕਵਰ ਵਾਲੀ ਇਹ ਪੁਸਤਕ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤੀ ਹੈ।

# ਅਸੈਂਬਲੀਮੈਨ ਜੋਸ਼ ਹੂਵਰ ਨੇ ਬੇਘਰੇ ਖਰਚਿਆਂ ਦੇ ਦੋ-ਪੱਖੀ ਆਡਿਟ ਨੂੰ ਜਾਰੀ ਕਰਨ ਦੀ ਘੋਸ਼ਣਾ ਕੀਤੀ

**ਸੈਕਰਾਮੈਂਟੋ** – ਅੱਜ ਅਸੈਂਬਲੀਮੈਨ ਜੋਸ਼ ਹੂਵਰ (ਆਰ-ਫੋਲਸਮ) ਨੇ ਬੇਘਰੇ ਖਰਚਿਆਂ ਦੇ ਸਟੇਟ ਆਡੀਟਰ ਦੇ ਦੋ-ਪੱਖੀ ਆਡਿਟ ਨੂੰ ਜਾਰੀ ਕਰਨ ਦੀ ਘੋਸ਼ਣਾ ਕੀਤੀ ਜੋ ਉਸਨੇ ਸੈਨੇਟਰ ਰੋਜਰ ਨੀਲੋ (ਆਰ-ਫੇਅਰ ਓਕਸ), ਸੈਨੇਟਰ ਡੇਵ ਕੋਰਟੀਜ਼ (ਡੀ-ਸੈਨ ਜੋਸ), ਅਤੇ ਅਸੈਂਬਲੀਮੈਨ ਨਾਲ ਸਾਂਝੇ ਤੌਰ 'ਤੇ ਬੇਨਤੀ ਕੀਤੀ ਸੀ। ਈਵਾਨ ਲੋਅ (ਡੀ-ਸਿਲਿਕਨ ਵੈਲੀ)। ਆਡਿਟ ਦਾ ਫੋਕਸ ਇਹ ਨਿਰਧਾਰਤ ਕਰਨਾ ਸੀ ਕਿ ਰਾਜ ਦੇ ਵਧ ਰਹੇ ਬੇਘਰੇ ਸੰਕਟ ਨੂੰ ਹੱਲ ਕਰਨ ਲਈ ਹਾਲ ਹੀ ਵਿੱਚ ਕੀਤੇ ਨਿਵੇਸ਼ ਰਾਜ ਅਤੇ ਸਥਾਨਕ ਪੱਧਰ 'ਤੇ ਪ੍ਰਭਾਵਸ਼ਾਲੀ ਰਹੇ ਹਨ ਜਾਂ ਨਹੀਂ।

ਅਸੈਂਬਲੀ ਮੈਂਬਰ ਜੋਸ਼ ਹੂਵਰ ਨੇ ਕਿਹਾ, "ਇਸ ਆਡਿਟ ਦੇ ਨਤੀਜੇ ਸਾਡੇ ਨਿਵੇਸ਼ਾਂ ਨੂੰ ਬਿਹਤਰ ਬਣਾਉਣ, ਟੈਕਸਦਾਤਾਵਾਂ ਦੀ ਸੁਰੱਖਿਆ, ਸਾਡੇ ਜਨਤਕ ਸਥਾਨਾਂ ਨੂੰ ਬਹਾਲ ਕਰਨ, ਅਤੇ ਲੋਕਾਂ ਨੂੰ ਲੋੜੀਂਦੀ ਮਦਦ ਪ੍ਰਾਪਤ ਕਰਨ ਵੱਲ ਇੱਕ ਮਹੱਤਵਪੂਰਨ ਪਹਿਲਾ ਕਦਮ ਹਨ।" "ਹੁਣ ਜਦੋਂ ਅਸੀਂ ਆਪਣੀ ਮੌਜੂਦਾ ਪਹੁੰਚ ਦੀ ਬੇਅਸਰਤਾ ਅਤੇ ਸੀਮਾਵਾਂ ਦੀ ਪਛਾਣ ਕਰ ਲਈ ਹੈ, ਹੁਣ ਵਿਧਾਨ ਸਭਾ ਲਈ ਕਾਰਵਾਈ ਕਰਨ ਅਤੇ ਸਾਡੇ ਦੁਆਰਾ ਖਰਚ ਕੀਤੇ ਗਏ ਡਾਲਰਾਂ ਦੀ ਜਵਾਬਦੇਹੀ ਵਿੱਚ ਸੁਧਾਰ ਕਰਨਾ ਜ਼ਰੂਰੀ ਹੈ।"

ਆਡਿਟ ਨਿਮਨਲਿਖਤ ਦੋ ਰਿਪੋਰਟਾਂ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ, ਇੱਕ ਪੰਜ ਰਾਜ ਪ੍ਰੋਗਰਾਮਾਂ ਵਿੱਚ ਖਰਚ ਦਾ ਮੁਲਾਂਕਣ ਕਰਨ 'ਤੇ ਕੇਂਦ੍ਰਿਤ ਹੈ ਅਤੇ ਦੂਜਾ ਦੋ ਸਥਾਨਕ ਸਰਕਾਰਾਂ ਦੁਆਰਾ ਖਰਚੇ ਦੇ ਮੁਲਾਂਕਣ 'ਤੇ ਕੇਂਦ੍ਰਿਤ ਹੈ:

"ਕੈਲੀਫੋਰਨੀਆ ਵਿੱਚ ਬੇਘਰਤਾ: ਰਾਜ ਨੂੰ ਆਪਣੇ ਬੇਘਰੇ ਪ੍ਰੋ-ਗਰਾਮਾਂ ਦੀ ਲਾਗਤ-ਪ੍ਰਭਾਵ ਦਾ ਮੁਲਾਂਕਣ ਕਰਨ ਲਈ ਹੋਰ ਕੁਝ ਕਰਨਾ ਚਾਹੀਦਾ ਹੈ"

"ਕੈਲੀਫੋਰਨੀਆ ਵਿੱਚ ਬੇਘਰ: ਸੈਨ ਜੋਸ ਅਤੇ ਸੈਨ ਡਿਏਗੋ ਨੂੰ ਬੇਘਰੇ ਨੂੰ ਘਟਾਉਣ ਲਈ ਆਪਣੇ ਯਤਨਾਂ ਦੀ ਯੋਜਨਾ ਅਤੇ ਮੁਲਾਂਕਣ ਕਰਨ ਲਈ ਹੋਰ ਕੁਝ ਕਰਨਾ ਚਾਹੀਦਾ ਹੈ"

ASSEMBLYMAN Josh Hoover 7TH DISTRICT

ਸਟੇਟ ਆਡੀਟਰ ਦੀ ਰਿਪੋਰਟ ਦੇ ਮੁੱਖ ਉਪਾਵਾਂ ਵਿੱਚ ਸ਼ਾਮਲ ਹਨ: ਰਾਜ ਬੇਘਰੇ ਖਰਚਿਆਂ ਨੂੰ ਪ੍ਰਣਾਲੀਗਤ ਤੌਰ 'ਤੇ ਟਰੈਕ ਕਰਨ ਵਿੱਚ ਅਸਫਲ ਰਿਹਾ ਹੈ ਅਤੇ ਡੇਟਾ ਇਕੱਤਰ ਕਰਨ ਅਤੇ ਨਤੀਜਿਆਂ ਦਾ ਮੁਲਾਂਕਣ ਕਰਨ ਲਈ ਢੁਕਵੀਂ ਸਥਿਤੀ ਵਿੱਚ ਨਹੀਂ ਹੈ।

ਪਾਰਦਰਸ਼ਤਾ ਅਤੇ ਰਿਪੋਰਟਿੰਗ ਨੂੰ ਵਧਾਉਣ ਲਈ ਤਬਦੀਲੀਆਂ ਤੋਂ ਬਿਨਾਂ, ਨੀਤੀ ਨਿਰਮਾਤਾ ਇਸਦੇ ਬੇਘਰੇ ਪ੍ਰੋਗਰਾਮਾਂ ਦੀ ਪ੍ਰਭਾਵਸ਼ੀਲਤਾ ਦਾ ਸਹੀ ਢੰਗ ਨਾਲ ਮੁਲਾਂਕਣ ਕਰਨ ਦੇ ਯੋਗ ਨਹੀਂ ਹੋਣਗੇ।

ਪੰਜ ਰਾਜ ਪ੍ਰੋਗਰਾਮਾਂ ਵਿੱਚੋਂ ਸਿਰਫ਼ ਦੋ ਹੀ ਉਹਨਾਂ ਦੀ ਲਾਗਤ ਪ੍ਰਭਾਵ ਦਾ ਮੁਲਾਂਕਣ ਕਰਨ ਲਈ ਲੋੜੀਂਦੀ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ। ਨਾ ਤਾਂ ਸੈਨ ਜੋਸ ਜਾਂ ਸੈਨ ਡਿਏਗੋ ਕੇਂਦਰੀ ਤੌਰ 'ਤੇ ਇਸਦੇ ਖਰਚਿਆਂ ਅਤੇ ਨਤੀਜਿਆਂ ਨੂੰ ਟਰੈਕ ਕਰਦੇ ਹਨ ਅਤੇ ਰਿਪੋਰਟ ਕਰਦੇ ਹਨ।

ਕਿਸੇ ਵੀ ਸ਼ਹਿਰ ਨੇ ਆਪਣੇ ਬੇਘਰੇ ਪ੍ਰੋਗਰਾਮਾਂ ਦੇ ਪ੍ਰਭਾਵਾਂ ਦਾ ਮੁਲਾਂਕਣ ਨਹੀਂ ਕੀਤਾ ਹੈ।

ਦੋਵਾਂ ਸ਼ਹਿਰਾਂ ਨੇ ਬਾਹਰੀ ਸੇਵਾ ਪ੍ਰਦਾਤਾਵਾਂ ਨੂੰ ਫੰਡ ਭੇਜੇ ਹਨ, ਪਰ ਇਹ ਮੁਲਾਂਕਣ ਕਰਨ ਲਈ ਕੁਝ ਨਹੀਂ ਕੀਤਾ ਕਿ ਕੀ ਇਹ ਸੇਵਾ ਪ੍ਰਦਾਤਾ ਨਤੀਜੇ ਪ੍ਰਾਪਤ ਕਰ ਰਹੇ ਹਨ।

ਅਸੈਂਬਲੀਮੈਨ ਜੋਸ਼ ਹੂਵਰ ਨੇ ਅੱਗੇ ਕਿਹਾ, "ਬੇਘਰਾਂ ਪ੍ਰਤੀ ਸਾਡੀ ਮੌਜੂਦਾ ਪਹੁੰਚ ਸਾਡੇ ਭਾਈਚਾਰਿਆਂ ਨੂੰ ਲੋੜੀਂਦੇ ਨਤੀਜੇ ਪ੍ਰਾਪਤ ਕਰਨ ਵਿੱਚ ਅਸਫਲ ਰਹੀ ਹੈ। "ਇਹ ਆਡਿਟ ਸਪੱਸ਼ਟ ਤੌਰ 'ਤੇ ਕੀ ਦਰਸਾਉਂਦਾ ਹੈ ਕਿ ਰਾਜ ਅਸਲ ਨਤੀਜੇ ਪ੍ਰਾਪਤ ਕਰਨ ਨਾਲੋਂ ਟੈਕਸਦਾਤਾ ਡਾਲਰ ਖਰਚਣ ਨੂੰ ਤਰਜੀਹ ਦਿੰਦਾ ਹੈ। ਸਾਨੂੰ ਪਾਰਦਰਸ਼ਤਾ ਨੂੰ ਸੁਧਾਰਨ ਅਤੇ ਇਸ ਬਿਰਤਾਂਤ ਨੂੰ ਬਦਲਣ ਲਈ ਕੰਮ ਕਰਨਾ ਹੋਵੇਗਾ।

2018 ਤੋਂ ਕੈਲੀਫੋਰਨੀਆ ਨੇ ਮੌਜੂਦਾ ਬੇਘਰੇ ਸੰਕਟ ਨੂੰ ਹੱਲ ਕਰਨ ਲਈ $20 ਬਿਲੀਅਨ ਟੈਕਸਦਾਤਾ ਡਾਲਰ ਖਰਚ ਕੀਤੇ ਹਨ। ਉਸੇ ਸਮੇਂ ਦੌਰਾਨ ਰਾਜ ਦੀ ਸਮੁੱਚੀ ਬੇਘਰ ਆਬਾਦੀ ਵਿੱਚ 32 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ ਅਤੇ ਦੇਸ਼ ਦੇ ਅੱਧੇ ਬੇਘਰੇ ਹੁਣ ਕੈਲੀਫੋਰਨੀਆ ਵਿੱਚ ਰਹਿੰਦੇ ਹਨ। ਇਕੱਲੇ ਸੈਕਰਾਮੈਂਟੋ ਕਾਉਂਟੀ ਵਿੱਚ, 2019 ਤੋਂ ਬੇਘਰ ਆਬਾਦੀ ਵਿੱਚ 67% ਦਾ ਵਾਧਾ ਹੋਇਆ ਹੈ ਅਤੇ ਹਾਲ ਹੀ ਵਿੱਚ ਸੈਨ ਫਰਾਂਸਿਸਕੋ ਨੂੰ ਪਾਸ ਕੀਤਾ ਹੈ।

ਜੋਸ਼ ਹੂਵਰ ਅਸੈਂਬਲੀ ਡਿਸਟ੍ਰਿਕਟ 7 ਦੀ ਨੁਮ-ਾਇੰਦਗੀ ਕਰਦਾ ਹੈ, ਜਿਸ ਵਿੱਚ ਸਿਟਰਸ ਹਾਈਟਸ, ਫੋਲਸਮ, ਅਤੇ ਰੈਂਚੋ ਕੋਰਡੋਵਾ ਦੇ ਸ਼ਹਿਰ ਅਤੇ ਕਾਰਮਾਈਕਲ, ਫੇਅਰ ਓਕਸ, ਫੁੱਟਹਿਲ ਫਾਰਮ, ਗੋਲਡ ਰਿਵਰ, ਮੈਥਰ, ਮੈਕਲੇਲਨ ਪਾਰਕ, ਨਾਰਥ ਹਾਈਲੈਂਡਜ਼, ਓਰੇਂਜਵੇਲ ਅਤੇ ਰੋਜ਼ਮੋਂਟ ਦੇ ਗੈਰ-ਸੰਗਠਿਤ ਭਾਈਚਾਰੇ ਸ਼ਾਮਲ ਹਨ।

# ਟਿਕਟਾਂ ਦਲਬਦਲੂਆਂ ਨੂੰ?

ਲਵੋਂ ਦੇਖ ਇਤਿਹਾਸ ਦੇ ਫੋਲ ਵਰਕੇ
ਪਹਿਲੋਂ ਜਿਹੇ ਹੀ ਵਾਕਿਆ ਅੱਜ ਦੇ ਨੇ।

ਸ਼ਿਸਤਾਂ ਬੱਝੀਆਂ ਹੁੰਦੀਆਂ ਹੋਰ ਪਾਸੇ
'ਤੀਰ' ਹੋਧਰ ਹੀ ਕਿਤੇ ਜਾ ਵੱਜਦੇ ਨੇ।

ਵਰਕਰ ਦਲਾਂ ਦੇ ਮਿਹਨਤਾਂ ਕਰਨ ਵਾਲੇ
ਭੁੱਖੇ ਰਹਿਣ ਪਰ ਵਿਹਲੜ ਹੀ ਰੱਜਦੇ ਨੇ।

'ਵਰਖਾ' ਸੁਣੀ ਦੀ ਕਿੱਧਰੇ ਹੋਰ ਵਰ੍ਹਦੀ
ਬੱਦਲ ਹੋਰ ਹੀ ਗੁੱਠ ਵਿੱਚ ਗੱਜਦੇ ਨੇ।

ਆਏ ਦਿਨ 'ਟਪੂਸੀਆਂ' ਮਾਰ ਰਹੇ ਐ
ਆਵੇ ਸੰਗ ਨਾ ਬਿੱਟੂਆਂ-ਬਬਲੂਆਂ ਨੂੰ।

ਦੇਖ ਦੇਖ ਕੇ ਜਨਤਾ ਹੈਰਾਨ ਰਹਿ ਗਈ
ਟਿਕਟਾਂ ਲੈਂਦਿਆਂ ਦੇਖ ਦਲਬਦਲੂਆਂ ਨੂੰ!



ਤਰਲੋਚਨ ਸਿੰਘ
'ਦੁਪਾਲ ਪੁਰ'
91-78146-92724

# ਇਟਾਵਾ ਸੰਸਦੀ ਸੀਟ ਤੋਂ ਕਾਂਸ਼ੀ ਰਾਮ ਸਾਹਿਬ ਦੀ ਇਤਿਹਾਸਕ ਜਿੱਤ




ਲਾਲ ਸਿੰਘ ਸੁਲਹਾਣੀ
91-98721-55120

ਮਈ ਜੂਨ 1991 ਦੀਆਂ ਆਮ ਲੋਕ ਸਭਾ ਦੀਆਂ ਚੋਣਾਂ ਵਿੱਚ 244 ਸੀਟਾਂ ਜਿਤ ਕੇ ਕਾਂਗਰਸ ਪਾਰਟੀ ਇਕੱਲੀ ਸੱਭ ਤੋਂ ਵੱਡੀ ਪਾਰਟੀ ਵਜੋਂ ਉਭਰ ਚੁੱਕੀ ਸੀ ਤੇ ਭਾਰਤੀ ਜਨਤਾ ਪਰਟੀ 120 ਸੀਟਾਂ ਹਾਸਲ ਕਰ ਚੁੱਕੀ ਸੀ। ਕਮਿਊਨਿਸਟ ਪਾਰਟੀ ਆਫ ਇੰਡੀਆ, ਮਾਰਕਸਵਾਦੀ ਕਮਿਊਨਿਸਟ ਪਾਰਟੀ ਆਫ ਇੰਡੀਆ ਅਤੇ ਹੋਰ ਪਾਰਟੀਆਂ ਦੇ ਸਹਿਯੋਗ ਸਦਕਾ ਚਿਤਪਵਨ ਬ੍ਰਾਹਮਣ ਪੀ. ਵੀ. ਨਰਸਿਮ੍ਹਾ ਰਾਓ ਭਾਰਤ ਦੇ ਪ੍ਰਧਾਨ ਮੰਤਰੀ ਬਣ ਚੁਕੇ ਸਨ। ਬਾਈਕਾਟ ਕਰਕੇ ਪੰਜਾਬ ਚ ਕਾਂਗਰਸ ਪਾਰਟੀ ਚੋਣ ਅਮਲ ਚੋਂ ਬਾਹਰ ਸੀ। ਇਸ ਲਈ ਚੋਣ ਤੋਂ ਕੇਵਲ 24 ਘੰਟੇ ਪਹਿਲਾਂ ਪੰਜਾਬ ਦੀ ਚੋਣ ਅਣਮਿਥੇ ਸਮੇਂ ਲਈ ਰੱਦ ਕਰ ਦਿਤੀ ਗਈ। ਭਾਰਤ ਦੇ ਤਤਕਾਲੀ ਮੁੱਖ ਚੋਣ ਕਮਿਸ਼ਨਰ ਸ੍ਰੀ ਟੀ ਐਨ ਸ਼ੇਸ਼ਨ ਨੇ ਉੱਤਰ ਪ੍ਰਦੇਸ਼ ਦੀਆਂ ਅਮੇਠੀ, ਇਟਾਵਾ ਅਤੇ ਬੁਲੰਦ ਸ਼ਹਿਰ ਸੀਟਾਂ ਤੇ ਵੋਟਾਂ ਦੀ ਖ਼ਰੀਦੋ ਫਰੋਖ਼ਤ, ਵੋਟਾਂ ਚੋਰੀ ਕੀਤੇ ਜਾਣ ਵੋਟਾਂ ਲੁੱਟੇ ਜਾਣ ਤੇ ਹੋਰ ਚੋਣ ਧਾਂਦਲੀਆਂ ਕਾਰਨ ਰੱਦ ਕਰ ਦਿਤੀਆਂ ਗਈਆਂ ਸਨ ਅਤ ਉਹਨਾਂ ਸੀਟਾਂ ਤੇ 16 ਨਵੰਬਰ 1991 ਨੂੰ ਦੁਬਾਰਾ ਮਤਦਾਨ ਕਰਵਾਉਣ ਲਈ ਐਲਾਨ ਕਰ ਦਿਤਾ। ਬਹੁਜਨ ਸਮਾਜ ਪਾਰਟੀ ਉਤਰ ਪ੍ਰਦੇਸ਼ ਦੀਆਂ ਆਮ ਚੋਣਾਂ ਵਿਚ ਕਿਸੇ ਇਕ ਸੀਟ ਤੋਂ ਵੀ ਜਿੱਤ ਹਾਸਲ ਨਾ ਕਰ ਸਕੀ। ਕਾਰਜਕਰਤਾਵਾਂ ਵਿਚ ਇਸ ਕਾਰਨ ਨਿਰਾਸ਼ਤਾ ਆ ਜਾਣੀ ਸੁਭਾਵਕ ਗੱਲ ਸੀ। ਪਾਰਟੀ ਦੀ ਜਨਰਲ ਸਕੱਤਰ ਬੀਬੀ ਮਾਇਆਵਤੀ 1989 ਵਿਚ ਬਿਜਨੌਰ ਸੀਟ ਤੋਂ 1,90,000 ਵੋਟ ਹਾਸਲ ਕਰਕੇ ਸਾਂਸਦ ਬਣ ਗਏ ਸਨ ਪਰ ਇਸ ਵਾਰ 2,34,000 ਵੋਟ ਹਾਸਲ ਕਰਨ ਦੇ ਬਾਵਜੂਦ ਵੱਡੇ ਪੱਧਰ ਤੇ ਹੇਰਾਫੇਰੀ ਕਰਕੇ ਉਨ੍ਹਾਂ ਨੂੰ ਹਰਾ ਦਿਤਾ ਗਿਆ। ਉਹਨਾਂ ਦੀਆਂ 67,000 ਵੋਟਾਂ ਰੱਦ ਕਰ ਦਿਤੀਆਂ ਗਈਆਂ ਇਥੋਂ ਤੱਕ ਕਿ ਇਕੋ ਅਸੰਬਲੀ ਹਲਕੇ ਦੀਆਂ ਹੀ 34,000 ਵੋਟਾਂ ਰੱਦ ਕੀਤੀਆਂ ਗਈਆਂ। ਪੂਰੇ ਦੇਸ਼ ਦੇ ਕਾਰਜਕਰਤਾ ਤੇ ਆਗੂ ਸਾਹਿਬ ਕਾਂਸ਼ੀ ਰਾਮ ਨੂੰ ਨਿਜੀ ਰੂਪ ਵਿਚ ਮਿਲਕੇ ਸਮਾਜ ਵਿਚ ਆਈ ਨਿਰਾਸ਼ਤਾ ਖਤਮ ਕਰਨ ਲਈ ਜ਼ਿਮਨੀ ਚੋਣ ਵਿਚ ਖੁਦ ਚੋਣ ਲੜਨ ਲਈ ਉਹਨਾਂ ਨੂੰ ਬੇਨਤੀ ਕਰਨ ਲੱਗੇ। ਵਰਨਣਯੋਗ ਯੋਗ ਹੈ ਕਿ ਇਟਾਵਾ ਚੰਬਲ ਘਾਟੀ ਵਾਲਾ ਉਹ ਖੇਤਰ ਹੈ ਜਿੱਥੇ ਡਕੈਤਾਂ ਦੀ ਭਰਮਾਰ ਸੀ ਤੇ ਉਹ ਮਨੂਵਾਦੀ ਸਥਾਪਤ ਪਾਰਟੀਆਂ ਦੇ ਪੱਖ ਵਿਚ ਵੋਟਾਂ ਭੁਗਤਾਉਣ ਲਈ ਸਰਗਰਮ ਹਿੱਸਾ ਲੈਂਦੇ ਰਹਿੰਦੇ ਸਨ। ਗਰੀਬਾਂ ਤੇ ਭੋਲੇ ਭਾਲੇ ਲੋਕਾਂ ਨੂੰ ਭੈਅ ਭੀਤ ਕਰਕੇ ਮਨਚਾਹੀ ਪਾਰਟੀ ਨੂੰ ਵੋਟ ਪਾਉਣ ਲਈ ਉਹ ਦਬਾਅ ਪਾਉਂਦੇ ਸਨ। ਇਟਾਵਾ ਦੇ ਸਥਾਨਕ ਆਗੂਆਂ ਤੇ ਕਾਰਜਕਰਤਾਵਾਂ ਵਲੋਂ ਸਾਹਿਬ ਕਾਂਸ਼ੀ ਰਾਮ ਨੂੰ ਇਟਾਵਾ ਤੋਂ ਚੋਣ ਲੜਨ ਲਈ ਜ਼ੋਰਦਾਰ ਅਪੀਲ ਕੀਤੀ ਗਈ ਕਿ ਸਮਾਜਿਕ ਪਰਿਵਰਤਨ ਲਹਿਰ ਨੂੰ ਅੱਗੇ ਵਧਾਉਣ ਲਈ ਉਹਨਾਂ ਦਾ ਜਿੱਤ ਕੇ ਸੰਸਦ ਵਿਚ ਜਾਣਾ ਜ਼ਰੂਰੀ ਹੈ ਸਾਥੀਆਂ ਦੀ ਚਾਹਤ ਅਤੇ ਮਿਸ਼ਨ ਦੇ ਹਿਤ ਵਿਚ ਉਹਨਾਂ ਨੇ ਚੋਣ ਲੜਨਾ ਸਵੀਕਾਰ ਕਰ ਲਿਆ। ਭਾਵੇਂ ਕਿ ਉਹਨਾਂ ਦੀ ਆਪਣੀ ਸੋਚ ਇਹ ਰਹੀ ਸੀ ਕਿ ਜਿੰਨਾ ਚਿਰ ਘੱਟੋ ਘੱਟ 50 ਸਾਂਸਦ ਜਿੱਤ ਕੇ ਨਹੀਂ ਜਾਂਦੇ ਉਤਨਾ ਚਿਰ ਉਹ ਸੰਸਦ ਵਿਚ ਨਹੀਂ ਜਾਣਗੇ। ਉਹਨਾਂ ਨੇ 16 ਅਕਤੂਬਰ ਨੂੰ ਆਪਣਾ ਨਾਮਜ਼ਦਗੀ ਪੱਤਰ ਭਰਦਿਆਂ ਐਲਾਨ ਕੀਤਾ ਕਿ ਮੇਰੀ ਚਾਹਤ ਸੀ ਕਿ ਕੋਈ ਸਥਾਨਕ ਆਗੂ ਇਥੋਂ ਚੋਣ ਲੜਦਾ ਪਰ ਸਾਥੀਆਂ ਨੇ ਜ਼ੋਰ ਦੇਕੇ ਆਖਿਆ ਕਿ ਬਹੁਜਨ ਸਮਾਜ ਦੀ ਵਿਗੜੀ ਗੱਲ ਨੂੰ ਅੱਗੇ ਵਧਾਉਣ ਲਈ ਉਹਨਾਂ ਨੂੰ ਖੁਦ ਚੋਣ ਲੜਨੀ ਚਾਹੀਦੀ ਹੈ। ਉਹਨਾਂ ਨੇ ਆਖਿਆ ਕਿ ਇਕ ਵੋਟ ਦੇ ਨਾਲ ਇਕ ਨੋਟ ਦੇਣ ਨਾਲ ਸਾਡੇ ਕੋਲ ਪੈਸੇ ਦੀ ਕਮੀ ਨਹੀਂ ਆਏਗੀ। ਸਾਨੂੰ ਪਾਣੀ ਦੀ ਤਰ੍ਹਾਂ ਪੈਸਾ ਵਹਾਉਣ ਦੀ ਲੋੜ ਨਹੀਂ ਹੈ ਕਿਉਂਕਿ ਸਾਡੇ ਸਮਾਜ ਕੋਲ 85 ਫੀਸਦੀ ਵੋਟ ਹੈ ਇਸ ਲਈ ਨਾ ਸਾਨੂੰ ਵੋਟਾਂ ਖਰੀਦਣ ਦੀ ਲੋੜ ਹੈ, ਨਾ ਵੋਟਾਂ ਲੁੱਟਣ ਜਾਂ ਚੋਰੀ ਕਰਨ ਦੀ। ਅਜਿਹਾ ਕਰਨ ਦੀ ਉਹਨਾਂ ਨੂੰ ਲੋੜ ਪੈਂਦੀ ਹੈ ਜਿਹਨਾਂ ਕੋਲ ਬਹੁਤ ਘੱਟ ਵੋਟਾਂ ਹਨ। ਇਸ ਲਈ ਉਹ ਗਰੀਬਾਂ ਅਤੇ ਭੋਲੇ ਭਾਲੇ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਪੈਸੇ ਦਾ ਨੰਗਾ ਨਾਚ ਕਰਦੇ ਹਨ। ਉਹ ਵੋਟਾਂ ਖਰੀਦਣ ਦੀ ਕੋਸ਼ਿਸ਼ ਕਰਦੇ ਹਨ। ਅਗਰ ਵੋਟ ਵਿਕਦਾ ਨਹੀਂ ਤਾਂ ਫਿਰ ਵੋਟਾਂ ਚੋਰੀ ਕਰਨ, ਵੋਟਾਂ ਲੁੱਟਣ ਲਈ ਕਰੋੜਾਂ ਰੁਪਿਆ ਉਹਨਾਂ ਵੱਲੋਂ ਬਰਬਾਦ ਕੀਤਾ ਜਾਂਦਾ ਹੈ। ਪ੍ਰੰਤੂ ਆਪਾਂ ਉਤਨੇ ਪੈਸੇ ਨਾਲ ਹੀ ਚੋਣ ਲੜਕੇ ਵਿਰੋਧੀ ਨੂੰ ਜੰਗ ਦੇ ਮੈਦਾਨ ਵਿੱਚ ਚਿਤ ਕਰ ਸਕਦੇ ਹਾਂ ਜਿੰਨਾਂ ਚੋਣ ਕਮਿਸ਼ਨ ਨੇ ਨਿਰਧਾਰਤ ਕੀਤਾ ਹੈ।

ਪੰਜਾਬ ਦੇ ਚੋਣਵੇਂ ਆਗੂਆਂ ਨੂੰ ਇਟਾਵਾ ਪਹੁੰਚਣ ਦਾ ਨਿਰਦੇਸ਼ ਮਿਲ ਚੁੱਕਾ ਸੀ। ਮੈਂ ਆਪਣੇ ਮਾਮੇ ਦੇ ਲੜਕੇ ਸਤਨਾਮ ਸਿੰਘ ਚੈਨਾ ਨੂੰ ਨਾਲ ਲੈਕੇ ਇਟਾਵਾ ਪੁੱਜ ਗਿਆ। ਮਾਨ ਸਿੰਘ ਮਨਹੇੜਾ, ਬਲਜੀਤ ਸਿੰਘ ਮਚਾਕੀ, ਅਵਤਾਰ ਸਿੰਘ ਕਰੀਮਪੁਰੀ, ਸ਼ਿੰਗਾਰਾ ਰਾਮ ਸਹੂੰਗੜਾ, ਤੇ 25-30 ਹੋਰ ਸਾਥੀ ਪਹਿਲਾਂ ਹੀ ਪੁੱਜ ਗਏ ਸਨ। ਇਟਾਵਾ ਵਿਖੇ ਮੈਂ ਸ਼ਾਮ ਦੇ ਸਮੇਂ ਦੱਸੇ ਸਥਾਨ ਵੱਲ ਵਧ ਰਿਹਾ ਸੀ ਕਿ ਅੱਗੇ ਸਾਹਿਬ ਕਾਂਸ਼ੀ ਰਾਮ ਦੀ ਕਾਰ ਮੇਰੇ ਸਾਹਮਣੇ ਆ ਕੇ ਰੁਕ ਗਈ ਤੇ ਸਾਹਿਬ ਬੋਲ ਰਹੇ ਸਨ "ਲਉ ਬਈ ਸੁਲਹਾਨੀ ਭੀ ਆ ਗਿਆ।" ਉਹਨਾਂ ਦੇ ਮੂੰਹ ਤੋਂ ਆਪਣਾ ਨਾਮ ਸੁਣਕੇ ਮੈਨੂੰ ਬੜੀ ਖੁਸ਼ੀ ਮਹਿਸੂਸ ਹੋਈ। ਉਹ ਆਪਣੀ ਗੱਡੀ ਚ ਬਿਠਾ ਕੇ ਸਾਨੂੰ ਪੰਜਾਬ ਵਾਲੇ ਕੈਂਪ ਚ ਛੱਡਕੇ ਆਪਣੇ ਸਾਥੀਆਂ ਸਮੇਤ ਮਿੱਥੇ ਪ੍ਰੋਗਰਾਮ ਵੱਲ ਚਲੇ ਗਏ। ਸਾਹਿਬ ਕਾਂਸ਼ੀ ਰਾਮ ਇਟਾਵਾ ਦੀਆਂ ਚੋਣ ਸਭਾਵਾਂ ਵਿਚ ਖੁਲ੍ਹੇਆਮ ਪਰਚਾਰ ਕਰਿਆ ਕਰਦੇ ਸਨ ਕਿ "ਅਜੇ ਤੱਕ ਮੈਂ ਸਮਾਜ ਨੂੰ ਤਿਆਰ ਕਰਨ ਲਈ ਜਾਂਜਗੀਰ, ਫੂਲਪੁਰ, ਇਲਾਹਾਬਾਦ ਤੋਂ ਠਾਕੁਰ ਵੀ ਪੀ ਸਿੰਘ, ਅਮੇਠੀ ਤੋਂ ਰਾਜੀਵ ਗਾਂਧੀ ਅਤੇ ਪੂਰਬੀ ਦਿੱਲੀ ਤੋਂ ਐਚ। ਕੇ। ਐਲ। ਭਗਤ ਦੇ ਮੁਕਾਬਲੇ ਚੋਣ ਲੜਿਆ ਹਾਂ, ਹੁਣ ਮੈਂ ਇਟਾਵਾ ਤੋਂ ਚੋਣ ਜਿੱਤਣ ਲਈ ਲੜ ਰਿਹਾ ਹਾਂ। ਇਸ ਲਈ ਉਤਰ ਪਰਦੇਸ ਦੇ ਸਾਰੇ ਸੀਨੀਅਰ ਕਾਰਜ ਕਰਤਾਵਾਂ ਨੂੰ ਜੁਟਾਇਆ ਗਿਆ ਹੈ ਪਾਰਟੀ ਦੇ ਜ਼ਿਆਦਾਤਰ ਵਿਧਾਇਕਾ ਨੇ ਵੀ ਏਥੇ ਡੇਰਾ ਲਾਇਆ ਹੋਇਆ ਹੈ। ਇਹ ਚੋਣ ਹਰ ਹਾਲਤ ਵਿਚ ਜਿੱਤਣੀ ਹੈ ਕਾਰਜਕਰਤਾਵਾਂ ਨੂੰ ਨਿਰਦੇਸ਼ ਹੈ ਕਿ 'ਕਰੋ ਜਾਂ ਮਰੋ' ਅਗਰ ਅਸੀਂ ਇਹ ਨਹੀਂ ਕਰਦੇ ਤਾਂ ਸਮਾਜ ਦਾ ਮਨੋਬਲ ਉੱਚਾ ਨਹੀਂ ਹੋ ਸਕੇਗਾ ਇਸ ਲਈ ਬਹੁਜਨ ਸਮਾਜ ਦਾ ਮਨੋਬਲ ਉਚਾ ਕਰਨ ਲਈ ਸਾਨੂੰ ਆਪਣੀ ਪੂਰੀ ਤਾਕਤ ਲਗਾਉਣੀ ਹੋਵੇਗੀ।"

ਉਹਨਾਂ ਨੇ ਦੱਸਿਆ ਕਿ ਦੇਸ਼ ਭਰ ਚ ਹੋ ਰਹੀਆਂ 16 ਪਾਰਲੀਮੈਂਟਰੀ ਚੋਣਾਂ ਚੋਂ 8 ਅਤੇ ਅਸੰਬਲੀ ਦੀਆਂ 58 ਸੀਟਾਂ



ਵਿਚੋਂ 30 ਸੀਟਾਂ ਤੇ ਬਹੁਜਨ ਸਮਾਜ ਪਾਰਟੀ ਚੋਣ ਲੜ ਰਹੀ ਹੈ। ਇਟਾਵਾ ਲੋਕ ਸਭਾ ਅਧੀਨ ਆਉਂਦੇ ਪੰਜ ਵਿਧਾਨਸਭਾ ਹਲਕਿਆਂ ਵਿਚ ਵੀ ਮੁੜ ਚੋਣ ਹੋ ਰਹੀ ਸੀ ਬਸਪਾ ਨੇ ਜਸਵੰਤ ਨਗਰ ਸੀਟ ਜਿਥੋਂ ਮੁਲਾਇਮ ਸਿੰਘ ਯਾਦਵ ਚੋਣ ਲੜੀ ਰਿਹਾ ਸੀ ਉਸ ਦੇ ਮੁਕਾਬਲੇ ਤੋਂ ਬਸਪਾ ਉਮੀਦਵਾਰ ਹਟਾ ਕੇ ਉਸਦੀ ਜਿੱਤ ਲਈ ਰਾਹ ਪਧਰਾ ਕਰ ਦਿਤਾ ਸੀ ਕਿਉਂਕਿ ਸਾਰੀਆ ਮਨੂਵਾਦੀ ਪਾਰਟੀ ਇਹ ਪ੍ਰਚਾਰ ਕਰਦੀਆਂ ਸਨ ਕਿ ਮੁਲਾਇਮ ਸਿੰਘ ਨੂੰ ਕਿਸੇ ਕੀਮਤ ਵਿਧਾਨ ਚ ਜਾਣ ਤੋਂ ਰੋਕਿਆ ਜਾਵੇਗਾ। ਉਹ ਆਖ ਰਹੇ ਸਨ ਕਿ ਸਾਡੇ ਚੋਣ ਲੜਨ ਨਾਲ ਕਿਸੇ ਨਾ ਕਿਸੇ ਨੂੰ ਦਰਦ ਜ਼ਰੂਰ ਹੁੰਦਾ ਹੈ, ਤਕਲੀਫ਼ ਜ਼ਰੂਰ ਹੁੰਦੀ ਹੈ। ਉਹਨਾਂ ਨੇ ਦੱਸਿਆ ਕਿ ਉਤਰ ਪ੍ਰਦੇਸ਼ ਦੀਆਂ ਤਿੰਨ ਸੀਟਾਂ ਤੇ ਉਪ ਚੋਣ ਹੋ ਰਹੀ ਹੈ ਇਟਾਵਾ ਦੀ ਸੀਟ ਤੋਂ ਮੈਂ ਆਪ ਖੜ੍ਹਾ ਹਾਂ। ਮੇਰੇ ਚੋਣ ਲੜਨ ਨਾਲ ਜਿਹਨਾਂ ਲੋਕਾਂ ਨੂੰ ਦਰਦ ਹੁੰਦਾ ਹੈ ਉਹ ਕਹਿੰਦੇ ਹਨ ਕਿ ਕਾਂਸ਼ੀ ਰਾਮ ਸਮਾਜਵਾਦੀ ਪਾਰਟੀ ਨੂੰ ਚੋਣ ਜਿਤਾਉਣ ਲਈ ਖੜ੍ਹਾ ਹੋਇਆ ਹੈ। ਸਮਾਜਵਾਦੀ ਪਾਰਟੀ ਦੇ ਮੁਲਾਇਮ ਸਿੰਘ ਯਾਦਵ ਨੂੰ ਜਿਤਾਉਣ ਲਈ ਖੜ੍ਹਾ ਹੈ। ਖਾਸ ਕਰਕੇ ਕਾਂਗਰਸ ਵਾਲੇ ਭਾਈ ਇਹ ਕਹਿੰਦੇ ਹਨ। ਇਹੋ ਕਾਂਗਰਸ ਤੇ ਜਨਤਾ ਦਲ ਵਾਲੇ ਬੁਲੰਦ ਸ਼ਹਿਰ ਵਿਚ ਆਖਦੇ ਹਨ ਬਸਪਾ ਦੀ ਮਾਇਆਵਤੀ ਇਧਰ ਚੋਣ ਲੜਕੇ ਭਾਰਤੀ ਜਨਤਾ ਪਾਰਟੀ ਨੂੰ ਚੋਣ ਜਿਤਾਉਣ ਲਈ ਲੜ ਰਹੀ ਹੈ। ਬੁਲੰਦ ਸ਼ਹਿਰ ਤੇ ਇਟਾਵਾ ਤੋਂ ਇਲਾਵਾ ਤੀਜੀ ਸੀਟ ਅਮੇਠੀ ਤੋਂ ਚੋਣ ਹੋ ਰਹੀ ਹੈ ਅਮੇਠੀ ਤੋਂ ਬਸਪਾ ਚੋਣ ਨਹੀਂ ਲੜ ਰਹੀ ਉਧਰ ਭਾਜਪਾ ਵਾਲੇ ਕਹਿੰਦੇ ਹਨ ਕਿ ਬਸਪਾ ਕਾਂਗਰਸ ਨੂੰ ਜਿਤਾਉਣ ਲਈ ਇਥੋਂ ਚੋਣ ਨਹੀਂ ਲੜ ਰਹੀ। ਇਟਾਵਾ 'ਚ ਕਾਂਗਰਸ ਨੂੰ ਤਕਲੀਫ ਹੋ ਰਹੀ ਹੈ ਬੁਲੰਦ ਸ਼ਹਿਰ ਤੇ ਜਨਤਾ ਦਲ ਨੂੰ ਅਤੇ ਅਮੇਠੀ ਚ ਭਾਜਪਾ ਨੂੰ ਤਕਲੀਫ ਹੈ। ਕਾਂਗਰਸ, ਜਨਤਾ ਦਲ, ਭਾਜਪਾ ਤਿੰਨਾਂ ਨੂੰ ਹੀ ਸਾਡੇ ਚੋਣ ਲੜਨ ਨਾਲ ਵੀ ਤਕਲੀਫ ਹੈ ਅਤੇ ਨਾ ਲੜਨ ਨਾਲ ਵੀ ਤਕਲੀਫ ਹੈ, ਅਸੀਂ ਕੀ ਕਰੀਏ? ਚੋਣ ਲੜੀਏ ਜਾਂ ਨਾ ਲੜੀਏ ਸਾਨੂੰ ਵਿਕਣ ਵਾਲੇ ਕਿਹਾ ਜਾਂਦਾ ਹੈ। ਪਹਿਲੇ ਪਹਿਲੇ ਇਹ ਮੈਨੂੰ ਸੀ ਆਈ ਏ ਦਾ ਏਜੰਟ ਆਖਦੇ ਰਹੇ ਕਿ ਕਾਂਸ਼ੀ ਰਾਮ ਨੂੰ ਪੈਸਾ ਸੀ ਆਈ ਏ ਰਾਹੀਂ ਆਉਂਦਾ ਹੈ। ਇਸ ਲਈ ਮੈਨੂੰ ਬਾਰ ਬਾਰ ਮੰਚਾਂ ਤੋਂ ਕਹਿਣਾ ਪਿਆ ਕਿ ਇਸ ਦੇਸ਼ ਦੀ ਸਰਕਾਰ ਨਿਕੰਮੀ ਹੈ ਇਸ ਦੇਸ਼ ਦੀ ਸਰਕਾਰ ਖੁਸਰਿਆਂ ਦੀ ਸਰਕਾਰ ਹੈ। ਜਿਹੜੀ ਕਾਂਸ਼ੀ ਰਾਮ ਤੇ ਉਹਦੇ ਸਾਥੀਆਂ ਨੂੰ ਫੜਨ ਲਈ ਮਰਦਾਨਗੀ ਨਹੀਂ ਦਿਖਾਉਂਦੀ। ਇਸ ਨਿਕੰਮੀ ਸਰਕਾਰ ਨੂੰ ਤਿਆਰੀ ਕਰਕੇ ਇਕ ਨਾ ਇਕ ਦਿਨ ਬਦਲਨਾ ਹੈ ਨਹੀਂ ਤਾਂ ਇਹ ਦੇਸ਼ ਦਾ ਸਤਿਆਨਾਸ ਕਰ ਦੇਵੇਗੀ। ਜੇ ਅਸੀਂ ਚੋਣ ਲੜਦੇ ਹਾਂ ਤਾਂ ਆਖਦੇ ਹਨ ਇਹ ਪੈਸਾ ਲੈਕੇ ਖੜ੍ਹੇ ਹਨ ਜੇ ਨਹੀਂ ਲੜਦੇ ਤਾਂ ਆਖਦੇ ਹਨ ਇਹ ਪੈਸਾ ਲੈਕੇ ਨਹੀਂ ਲੜ ਰਹੇ। ਉਹ ਸਮਝਦੇ ਹਨ ਇਨ੍ਹਾਂ ਕੋਲ ਪੈਸਾ ਕਿੱਥੇ ਹੈ ਇਨ੍ਹਾਂ ਤੋਂ ਪੈਸਾ ਤਾਂ ਨਿੰਬੂ ਦੀ ਤਰ੍ਹਾਂ ਅਸੀਂ ਨਿਚੋੜ ਲਿਆ ਹੈ। ਇਨ੍ਹਾਂ ਕੋਲ ਕੁਝ ਵੀ ਰਹਿਣ ਨਹੀਂ ਦਿੱਤਾ, ਇਨ੍ਹਾਂ ਦਾ ਸਤਿਆਨਾਸ ਕਰ ਦਿਤਾ ਐ ਫਿਰ ਵੀ ਇਨ੍ਹਾਂ ਕੋਲ ਪੈਸਾ ਕਿਥੋਂ ਆ ਰਿਹਾ ਹੈ। ਪਰ ਮੈਂ ਦੇਖਿਆ ਕਿ ਕਿਸੇ ਨਾ ਕਿਸੇ ਕੋਨੇ ਵਿਚ ਰਸ ਬਚਿਆ ਹੈ ਉਹ ਕੋਨਾ ਮੈਨੂੰ 26 ਲੱਖ ਮੁਲਾਜ਼ਮਾਂ ਦੇ ਰੂਪ ਵਿਚ ਨਜ਼ਰ ਆਇਆ । ਜੋ 10000 ਕਰੋੜ ਕਮਾਉਂਦੇ ਹਨ, ਉਹ ਦਸ ਕਰੋੜ ਵੀ ਇਕਠਾ ਨਹੀਂ ਕਰ ਸਕਦੇ? ਇਸ ਲਈ ਮੁਲਾਜ਼ਮਾਂ ਨੂੰ ਸੰਗਠਤ ਕਰਨਾ ਜ਼ਰੂਰੀ ਸਮਝਿਆ ਗਿਆ ਤਾਂ ਕਿ ਨਿਰਧਨ ਸਮਾਜ ਚੋਂ ਕੁਛ ਧਨ ਪੈਦਾ ਕਰਕੇ ਗਿਰਾਏ ਗਏ ਸਮਾਜ ਨੂੰ ਆਪਣੇ ਪੈਰਾਂ ਤੇ ਖੜ੍ਹਾ ਕੀਤਾ ਜਾ ਸਕੇ। ਇਸ ਕੰਮ ਲਈ ਦਿਮਾਗ ਵੀ ਚਾਹੀਦਾ ਹੈ, ਹੁਨਰ ਚਾਹੀਦਾ ਹੈ, ਪੈਸਾ ਚਾਹੀਦਾ ਹੈ। ਇਹ ਪੜ੍ਹਾਈ ਲਿਖ-ਾਈ ਇਹ ਹੁਨਰ, ਇਹ ਪੈਸਾ ਸਰਕਾਰੀ ਕਰਮਚਾਰੀਆਂ ਨੂੰ ਸੰਗਠਤ ਕਰਕੇ ਪੈਦਾ ਕੀਤਾ ਜਾ ਸਕਦਾ ਹੈ। ਅੱਜ ਜਦੋਂ ਸਾਰੀਆਂ ਪਾਰਟੀਆਂ ਇਕ ਦੂਜੇ ਨੂੰ ਦਲਾਲ ਆਖ ਰਹੀਆਂ ਹਨ ਤਾਂ ਇਹਨਾਂ ਪਾਰਟੀਆਂ ਨੂੰ ਮੈਂ ਕਹਿਣਾ ਚਾਹੁੰਦਾ ਹਾਂ ਕਿ ਆਪਣੇ ਗਿਰਾਏ ਗਏ ਸਮਾਜ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਨ ਲਈ, ਅੱਗੇ ਵਧਾਉਣ ਲਈ, ਦੌੜ 'ਚ ਉਤਾਰਨ ਲਈ, ਦੌੜ ਵਿਚ ਐਨਾ ਤੇਜ਼ ਦੌੜਾਉਣ ਲਈ ਕਿ ਉਹ ਮੁੱਠੀ ਭਰ ਲੋਕਾਂ ਨੂੰ ਪਛਾੜ ਸਕੇ ਇਸ ਲਈ ਜਿੰਨਾ ਧਨ ਚਾਹੀਦਾ ਹੈ ਅਸੀਂ ਆਪਣੇ ਸਮਾਜ ਤੋਂ ਪੈਦਾ ਕਰਦੇ ਹਾਂ। ਅਗਰ ਕਰਮਚਾਰੀ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਉਂਦੇ ਤਾਂ ਵੀ ਘਬਰਾਉਣ ਦੀ ਕੋਈ ਗੱਲ ਨਹੀਂ। ਬਹੁਜਨ ਸਮਾਜ 70-75 ਕਰੋੜ ਲੋਕਾਂ ਦਾ ਸਮਾਜ ਹੈ। ਨਿਚੋੜੇ ਗਏ ਲੋਕਾਂ ਦਾ ਸਮਾਜ ਹੈ, ਭਾਵੇਂ ਉਸ ਵਿਚ ਰਸ ਨਹੀਂ ਰਹਿਣ ਦਿੱਤਾ ਗਿਆ ਫੇਰ ਵੀ ਜ਼ਿੰਦਾ ਹੈ, ਜਿੰਦਾ ਰਹਿਣ ਲਈ ਬੇਸ਼ਕ ਸਹੀ ਖਾਣਾ ਨਹੀਂ ਮਿਲਦਾ, ਭੁੱਖੇ ਮਰਦੇ ਹਨ, ਭੁੱਖੇ ਮਰਦੇ ਮਰਦੇ ਵੀ ਰੋਜ਼ਾਨਾ ਤਿੰਨ ਕੁ ਰੁਪਏ ਜ਼ਰੂਰ ਖਾ ਜਾਂਦੇ ਹਨ, ਐਸਾ ਸਰਕਾਰ ਦਾ ਅਨੁਮਾਨ ਹੈ। 70 ਕਰੋੜ ਲੋਕ ਦੋ ਸੌ ਕਰੋੜ ਦਾ ਖਾਣਾ ਹਰ ਰੋਜ਼ ਖਾ ਜਾਂਦੇ ਹਨ। ਦੂਜਿਆਂ ਲਈ ਭੁੱਖੇ ਮਰਨ ਵਾਲੇ ਲੋਕ ਅਗਰ ਆਪਣੇ ਲਈ ਭੁੱਖੇ ਰਹਿ ਜਾਣ ਤਾਂ ਇਕ ਦਿਨ ਦਾ ਦੋ ਸੌ ਕਰੋੜ ਆਪਣੇ ਸਮਾਜ ਨੂੰ ਤਿਆਰ ਕਰਨ ਲਈ ਬਚਾ ਸਕਦੇ ਹਨ। ਸਾਡੇ ਵੱਲ ਉਂਗਲ ਉਠਾਉਣ ਵਾਲ਼ੇ ਭਰਾਵਾਂ ਨੂੰ ਇਸ ਗੱਲ ਦਾ ਅਹਿਸਾਸ ਜ਼ਰੂਰ ਹੋਵੇਗਾ। ਇਟਾਵਾ 'ਚ ਸਾਰੀਆਂ ਪਾਰਟੀਆਂ ਦੇ ਮੁਕਾਬਲੇ ਤੇ ਹਰ ਤਰ੍ਹਾਂ ਦੇ ਚੋਣ ਪ੍ਰਚਾਰ 'ਚ ਬਸਪਾ ਅੱਗੇ ਚੱਲ ਰਹੀ ਸੀ ਚਾਹੇ ਕੰਧਾਂ ਤੇ ਲਿਖਾਈ ਹੋਵੇ , ਝੰਡੇ ਪੋਸਟਰ ਬੈਨਰ ਹੋਣ ਤੇ ਚਾਹੇ ਕਾਰਜ ਕਰਤਾਵਾਂ ਦੇ ਕਾਫਲੇ ਹੋਣ। ਬਸਪਾ ਵਲੋਂ ਹਰ ਚੋਣ ਦਫਤਰ ਵਿਚ ਮਤਦਾਨ ਦੇ ਦਿਨ ਪੂਰੀ ਤਿਆਰੀ ਹੋ ਚੁਕੀ ਸੀ ਹੁਣ ਤਾਂ ਸਿਰਫ ਸੁਰਖਿਅਤ ਵੋਟ ਪੁਆਉਣਾ ਬਾਕੀ ਸੀ। ਸਾਹਿਬ ਕਾਂਸ਼ੀ ਰਾਮ ਆਪਣੀਆਂ ਚੋਣ ਸਭਾਵਾਂ ਚ ਖੁਲ੍ਹੀ ਘੋਸ਼ਣਾ ਕਰਿਆ ਕਰਦੇ ਸਨ ਕਿ "ਸਾਨੂੰ ਵੋਟ ਦੀ ਸੁਰੱਖਿਆ ਲਈ ਸਰਕਾਰੀ ਮਸ਼ੀਨਰੀ ਤੇ ਭਰੋਸਾ ਨਹੀਂ ਕਰਨਾ ਹੋਵੇਗਾ ਅਗਰ ਅਸੀਂ ਆਪਣੇ ਹਿਤਾਂ ਦੀ ਰੱਖਿਆ ਕਰਨੀ ਹੈ ਤਾਂ ਵੋਟਾਂ ਦੀ ਲੁੱਟ, ਚੋਰੀ ਅਤੇ ਵਿਕਣ ਤੋਂ ਰੋਕਣ ਲਈ ਖੁਦ ਪ੍ਰਬੰਧ ਕਰਨਾ ਹੋਵੇਗਾ। ਕਿਉਂਕਿ ਪਿਛਲੀ ਚੋਣ ਵਿਚ ਇਸ ਕਿਸਮ ਦੀਆਂ ਘਟਨਾਵਾਂ ਚੋਣ ਮਸ਼ੀਨਰੀ ਦੇ ਸਹਿਯੋਗ ਨਾਲ਼ ਹੀ ਹੋਇਆਂ ਹਨ। ਚੋਣ ਕਮਿਸ਼ਨ ਇਹ ਸੱਭ ਕੁਝ ਰੋਕਣ ਲਈ ਕੁਝ ਵੀ ਨਹੀਂ ਕਰ ਸਕਿਆ।"

ਪੰਜਾਬ ਦੇ ਆਗੂਆਂ ਲਈ ਆਦੇਸ਼ ਸੀ ਕਿ ਉਹ ਜਲਸੇ ਚ ਜੁਟੀ ਭੀੜ ਦੇ ਆਲੇ ਦੁਆਲੇ ਖੜ੍ਹੇ ਹੋਕੇ ਪੂਰੀ ਚੌਕਸੀ ਵਰਤਣ। ਪੰਜਾਬੀ ਖਾਸ ਕਰਕੇ ਸਿੱਖ ਗਭਰੂਆਂ ਦੀ ਹਾਜ਼ਰੀ ਨਾਲ ਸਥਾਨਕ ਕਾਰਜ ਕਰਤਾਵਾਂ ਵਿਚ ਸੁਰੱਖਿਆ ਦਾ ਅਹਿਸਾਸ ਪਨਪਦਾ ਸੀ। ਸਾਹਿਬ ਕਾਂਸ਼ੀ ਰਾਮ ਨੇ ਚੋਣ ਧਾਂਦਲੀਆਂ ਰੋਕਣ ਲਈ ਵਿਰੋਧੀਆਂ ਦੀ ਹਰ ਚਾਲ ਦਾ ਮੋੜਵਾਂ ਪ੍ਰਬੰਧ ਕਰ ਰੱਖਿਆ ਸੀ।

18 ਨਵੰਬਰ ਨੂੰ ਵੋਟਾਂ ਦੀ ਗਿਣਤੀ ਵਾਲੇ ਦਿਨ ਖੁਸ਼ ਮਿਜਾਜ਼ ਰੌਂਅ ਚ ਉਹ ਸਾਡੇ ਕੋਲ ਬੈਠੇ ਹਲਕੀਆਂ ਫੁਲਕੀਆਂ ਗੱਲਾਂ ਸੁਣਾ ਰਹੇ ਸਨ। ਗਿਣਤੀ ਕੇਂਦਰ ਤੋਂ ਸੰਦੇਸ਼ ਆ ਗਿਆ ਕਿ ਰਿਟਰਨਿੰਗ ਅਫ਼ਸਰ ਵੱਲੋਂ ਦਸਵੇਂ ਰਾਊਂਡ ਤੋਂ ਬਾਅਦ ਗਿਣਤੀ ਦਾ ਐਲਾਨ ਕਰਨਾ ਬੰਦ ਕਰ ਦਿੱਤਾ ਗਿਆ ਹੈ। ਉਸਦਾ ਦਾ ਇਰਾਦਾ ਠੀਕ ਨਹੀਂ ਜਾਪਦਾ। ਸਾਹਿਬ ਤੁਰੰਤ ਮੈਨੂੰ ਤੇ ਇਕ ਹੋਰ ਸਾਥੀ ਨੂੰ ਨਾਲ ਲੈਕੇ ਗਿਣਤੀ ਕੇਂਦਰ ਵਲ ਚੱਲ ਪਏ। ਜਿਉਂ ਹੀ ਅਸੀਂ ਉਸ ਹਾਲ ਵਿਚ ਦਾਖਲ ਹੋਏ ਤਾਂ ਇਕ ਸ਼ਖ਼ਸ ਨੇ ਸਾਹਿਬ ਵਲ ਹੱਥ ਵਧਾਉਂਦਿਆਂ ਆਖਿਆ— " ਹੈਲੋ ਮੈਂ ਅਸ਼ੋਕ ਦੁੱਬੇ ਭਾਜਪਾ ਉਮੀਦਵਾਰ ਇਟਾਵਾ ਅਸੰਬਲੀ, ਮਿਸਟਰ ਜਾਰਜ ਕਾਂਸ਼ੀ ਰਾਮ ਕਿਆ ਹਾਲ ਹੈ" "ਅਰੇ ਮੈਂ ਤੋ ਕੇਵਲ ਕਾਂਸ਼ੀ ਰਾਮ ਹੂੰ, ਜਾਰਜ ਕਾਂਸ਼ੀ ਰਾਮ ਆਪ ਕੀ ਮਾਂ ਕਾ ਖਸਮ ਕੋਈ ਔਰ ਹੋਗਾ" —- ਸਾਹਿਬ ਕਾਂਸ਼ੀ ਰਾਮ ਨੇ ਬਿਨਾਂ ਉਸ ਵੱਲ ਹੱਥ ਵਧਾਇਆਂ ਘੂਰ ਕੇ ਵੇਖਦਿਆਂ ਆਖਿਆ। ਉਹ ਸ਼ਰਮਿੰਦਾ ਹੁੰਦਾ ਅੱਗੇ ਨਿਕਲ ਗਿਆ। ਸਾਹਿਬ ਨੇ ਰਿਟਰਨਿੰਗ ਅਫ਼ਸਰ ਨੂੰ ਤਾੜਨਾ ਕਰਦਿਆਂ ਆਖਿਆ ਕਿ ਹਮ ਸਰਕਾਰੀ ਮਸ਼ੀਨਰੀ ਔਰ ਸ਼ਾਸਨ ਪ੍ਰਸ਼ਾਸਨ ਕੇ ਗੈਰ ਸੰਵਿਧਾਨਕ ਇਰਾਦੋਂ ਕੋ ਚਕਨਾਚੂਰ ਕਰਨੇ ਕੇ ਲੀਏ ਹੀ ਇਟਾਵਾ ਸੇ ਚੁਨਾਵ ਲੜ ਰਹੇ ਹੈਂ। ਗਿਨਤੀ ਮੇਂ ਕਿਸੀ ਕਿਸਮ ਕੀ ਹੇਰਾਫੇਰੀ ਕਰਨੇ ਕੀ ਕੋਸ਼ਿਸ਼ ਪ੍ਰਸ਼ਾਸਨ ਕੋ ਭਾਰੀ ਪੜ ਸ਼ਕਤੀ ਹੈ। ਚਿਤਾਵਨੀ ਦਿੰਦਿਆਂ ਸਾਹਿਬ ਨੇ ਆਖਿਆ।

"ਜਾਉ ਬਾਹਰ ਜਾਕਰ ਪ੍ਰਸ਼ਾਸਨ ਕੇ ਗੰਦੇ ਮਨਸੂਬੋਂ ਕੋ ਰੋਕਨੇ ਕਾ ਬੰਦੋਬਸਤ ਕਰੇਂ"—ਮੇਰੀ ਤਰਫ ਝਾਕਦਿਆਂ ਉਹਨਾਂ ਨੇ ਹੁਕਮੀਆ ਲਹਿਜ਼ੇ ਆਖਿਆ।

ਜਿਉਂ ਹੀ ਅਸੀਂ ਬਾਹਰ ਨਿਕਲੇ ਗਿਣਤੀ ਕੇਂਦਰ ਕੋਲ ਉਤਸ਼ਾਹੀ ਬਸਪਾ ਕਾਰਜ ਕਰਤਾਵਾਂ ਤੇ ਆਗੂਆਂ ਦੀ ਭਾਰੀ ਭੀੜ ਜਮ੍ਹਾਂ ਹੋ ਚੁੱਕੀ ਸੀ ਜੋ ਜ਼ੋਸ਼ੀਲੇ ਨਾਅਰੇ ਲਾ ਰਹੇ ਸਨ। ਇਕ ਪਾਸੇ ਕਾਂਗਰਸ ਤੇ ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਦਾ ਹਜੂਮ ਇਕੱਠਾ ਹੋ ਰਿਹਾ ਸੀ। ਆਹਮੋ ਸਾਹਮਣੇ ਜ਼ੋਰਦਾਰ ਨਾਅਰੇਬਾਜ਼ੀ ਹੋ ਰਹੀ ਸੀ। ਭਾਜਪਾ ਦੇ ਵਰਕਰ ਗੁੰਡਾਗਰਦੀ ਤੇ ਉਤਾਰੂ ਸਨ। ਸਥਿਤੀ ਤਨਾਅਪੂਰਨ ਬਣਦੀ ਜਾ ਰਹੀ ਸੀ। ਸੀ। ਆਰ।ਪੀ।,ਪੀ।ਏ।ਸੀ। ਤੇ ਯੂ।ਪੀ ਪੁਲਿਸ ਨੇ ਸਾਨੂੰ ਪਿੱਛੇ ਹੋ ਜਾਣ ਲਈ ਕਿਹਾ। ਜਿਉਂ ਹੀ ਅਸੀਂ ਥੋੜ੍ਹਾ ਪਿੱਛੇ ਹੋਏ ਤਾਂ ਭਾਜਪਾ ਵਾਲਿਆਂ ਨੇ ਹਮਲਾਵਰ ਰੁਖ਼ ਅਪਣਾਉਂਦਿਆਂ ਸਾਡੇ ਵੱਲ ਵਧਣਾ ਸ਼ੁਰੂ ਕਰ ਦਿਤਾ। ਚੌਕ ਚ ਇਕ ਪਾਸੇ ਹੁੰਦਿਆਂ ਜੈਕਾਰਾ ਛਡਦਿਆਂ ਮੈਂ ਸਾਥੀਆਂ ਨੂੰ ਆਖਿਆ ਹੁਣ ਕੋਈ ਇਸ ਤੋਂ ਪਿਛੇ ਨਹੀਂ ਜਾਵੇਗਾ। ਸਾਡੇ ਸਾਥੀ ਉਥੇ ਹੀ ਡਟ ਗਏ। ਜਿਉਂ ਹੀ ਚੌਕ ਪਾਰ ਕਰਕੇ ਗੁੰਡਾ ਗਰਦੀ ਤੇ ਉਤਾਰੂ ਭਾਜਪਾਈ ਜੈ ਸੀਆ ਰਾਮ ਕਰਦੇ ਸਾਡੇ ਬਿਲਕੁਲ ਨਜ਼ਦੀਕ ਆ ਗਏ ਤਾਂ ਕਾਂਸ਼ੀ ਰਾਮ ਦੇ ਬੱਬਰ ਸ਼ੇਰਾਂ ਨੇ ਨੇੜਲੀ ਲੱਕੜਾਂ ਦੀ ਟਾਲ ਤੋਂ ਲੱਕੜਾਂ ਤੇ ਖਲਪਾੜਾਂ ਚੁੱਕ ਲਈਆਂ ਤੇ ਵੇਖਦਿਆਂ ਵੇਖਦਿਆਂ ਵਿਰੋਧੀ ਭੀੜ ਨੂੰ ਕਰਾਰੇ ਹੱਥ ਦਿਖਾਉਂਦਿਆਂ ਤਿੱਤਰ ਬਿੱਤਰ ਕਰਨ ਵਿਚ ਕਾਮਯਾਬੀ ਹਾਸਲ ਕਰ ਲਈ। ਪੰਜਾਬੀਆਂ ਨੇ ਆਪਣਾ ਜਲਵਾ ਦਿਖਾ ਦਿਤਾ। ਸਾਡੇ ਕੁਝ ਸਾਥੀਆਂ ਦੇ ਵੀ ਸੱਟਾਂ ਲੱਗ ਗਈਆਂ। ਏਸੇ ਦੌਰਾਨ ਸਪੀਕਰ ਤੋਂ ਐਲਾਨ ਕਰ ਦਿਤਾ ਗਿਆ ਕਿ ਬਸਪਾ ਉਮੀਦਵਾਰ ਕਾਂਸ਼ੀ ਰਾਮ ਇਟਾਵਾ ਲੋਕ ਸਭਾ ਸੀਟ ਤੋਂ ਜਿੱਤ ਦਿਤੇ ਗਏ ਹਨ। ਸਾਹਿਬ ਕਾਂਸ਼ੀ ਰਾਮ ਬਸਪਾ 144290 ਵੋਟਾਂ 30.4 ਫ਼ੀਸਦੀ ਲਾਲ ਸਿੰਘ ਵਰਮਾ ਕਾਂਗਰਸ 121824 ਵੋਟਾਂ 25.7 ਫ਼ੀਸਦੀ ਰਾਮ ਸਿੰਘ ਸ਼ਾਕਿਯਾ ਸ ਪਾ 82624 ਵੋਟਾਂ 17.4 ਫ਼ੀਸਦੀ। ਜਿੱਤ ਦਾ ਸਰਟੀਫਿਕੇਟ ਹਾਸਲ ਕਰਕੇ ਇਕੱਤਰ ਹੋਏ ਕਾਰਜ ਕਰਤਾਵਾਂ ਨੂੰ ਸੰਬੋਧਨ ਕਰਦਿਆਂ ਸਾਹਿਬ ਕਾਂਸ਼ੀ ਰਾਮ ਨੇ ਦੱਸਿਆ ਕਿ ਅਸੀਂ ਜੋ ਇਹ ਜਿੱਤ ਹਾਸਲ ਕੀਤੀ ਹੈ ਇਹ ਬਹੁਜਨ ਸਮਾਜ ਦੇ ਛੇ ਹਜ਼ਾਰ ਜਾਤੀ ਟੁਕੜਿਆਂ ਨੂੰ ਜੋੜ ਕੇ, ਉਹਨਾਂ ਵਿਚ ਭਾਈਚਾਰਾ ਪੈਦਾ ਕਰਕੇ, ਦੁਸ਼ਮਣ ਦੀਆਂ ਸਾਨੂੰ ਤੋੜਕੇ ਰੱਖਣ ਦੀਆਂ ਚਾਲਾਂ ਨੂੰ ਨਾਕਾਮਯਾਬ ਕਰਕੇ, ਹਾਸਲ ਕੀਤੀ ਹੈ ਹੁਣ ਤੱਕ ਅਸੀਂ ਬ੍ਰਾਹਮਣਵਾਦ ਦੀਆਂ ਗੁੰਮਰਾਹਕੁਨ ਗੱਲਾਂ ਵਿਚ ਉਲਝਕੇ ਭਟਕਦੇ ਰਹੇ ਹਾਂ ਉਹ ਸਾਡਾ ਜਨਮ ਤੋਂ ਮਰਨ ਤਕ ਦਾ ਸਮਾਂ ਤਕ ਤੈਅ ਕਰਦੇ ਰਹੇ ਉਹਨਾਂ ਦੇ ਭਰੋਸੇ ਸਾਡਾ ਦੇਸ਼ ਪਛੜਦਾ ਰਿਹਾ ਹੈ। ਇਕੱਠੇ ਹੋਏ ਜਨ ਸੰਮੂਹ ਦਾ ਧਨਵਾਦ ਕਰਦਿਆਂ ਉਹਨਾਂ ਨੇ ਆਖਿਆ ਕਿ ਆਪ ਨੇ ਮੈਨੂੰ ਜਿਤਾਉਣ ਲਈ ਜੋ ਸ਼ਕਤੀ ਲਾਈ ਹੈ ਇਹ ਮੇਰੇ ਲਈ ਫੁੱਲਾਂ ਮਾਲਾਵਾਂ ਵਾਂਗ ਹੈ ਅੱਜ ਬਹੁਜਨ ਸਮਾਜ ਅੰਦਰ ਖ਼ੁਸ਼ੀ ਦੀ ਲਹਿਰ ਹੈ।

ਇਸ ਨੂੰ ਹੋਰ ਅੱਗੇ ਵਧਾਉਣ ਲਈ ਯਤਨਸ਼ੀਲ ਰਹੋ ਅਤੇ ਆਪਣੇ ਆਪਣੇ ਖੇਤਰ ਵਿਚ ਅਨੁਸ਼ਾਸਨ ਬਣਾ ਕੇ ਰੱਖਿਆ ਜਾਵੇ ਕਿਉਂਕਿ ਬਹੁਜਨ ਸਮਾਜ ਪਾਰਟੀ ਅਨੁਸ਼ਾਸਤਬੱਧ ਲੋਕਾਂ ਦਾ ਸੰਗਠਨ ਹੈ।

# ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਬਾਰੇ ਮਹੱਤਵਪੂਰਨ ਜਾਣਕਾਰੀ



ਲਾਲ ਸਿੰਘ ਸੁਲਹਾਣੀ
91-98721-55120

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਅਸੀਂ ਭਾਰਤ ਰਤਨ ਭਾਰਤੀ ਸੰਵਿਧਾਨ ਦੇ ਮੁੱਖ ਸ਼ਿਲਪਕਾਰ, ਵਿਸ਼ਵ ਪੱਧਰ ਦੇ ਰਾਜ ਨੇਤਾ,ਅਰਥ ਸਾਸ਼ਤਰੀ ਤੇ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਦੇ ਤੌਰ ਤੇ ਜਾਣਦੇ ਹਾਂ। ਉਹਨਾਂ ਦਾ ਜਨਮ ਇਕ ਅਛੂਤ ਪ੍ਰਵਾਰ ਵਿਚ 14 ਅਪ੍ਰੈਲ 1891 ਨੂੰ ਮਹੂ ਛਾਉਣੀ ਵਿੱਚ ਹੋਇਆ। ਉਨ੍ਹਾਂ ਨੇ ਬਚਪਨ ਵਿੱਚ ਨਾਰਕੀ ਜੀਵਨ ਹੰਢਾਇਆ। ਉਹਨਾਂ ਦਾ ਪ੍ਰੀਨਿਰਵਾਣ 6 ਦਸੰਬਰ1956 ਨੂੰ ਦਿੱਲੀ ਵਿਖੇ ਹੋਇਆ। ਜੀਵਨ ਕਾਲ ਦੌਰਾਨ ਉਨ੍ਹਾਂ ਦਾ ਬੁੱਤ 1950 ਵਿਚ ਬਣਾਇਆ ਗਿਆ ਜੋ ਕੋਹਲਾਪੁਰ ਵਿਚ ਸਥਾਪਤ ਕੀਤਾ ਗਿਆ। ਵਿਸ਼ਵ ਵਿੱਚ ਸੱਭ ਤੋਂ ਵੱਧ ਬੁੱਤ ਬਾਬਾ ਸਾਹਿਬ ਦੇ ਸਥਾਪਤ ਕੀਤੇ ਗਏ ਹਨ।

ਆਕਸਫੋਰਡ ਯੂਨੀਵਰਸਿਟੀ ਆਫ ਲੰਡਨ ਦੁਆਰਾ ਪਿਛਲੇ 10000 ਸਾਲਾਂ ਵਿੱਚ ਹੋਏ ਵਿਸ਼ਵ ਦੇ 100 ਮਾਨਵਵਾਦੀ ਮਹਾਂਪੁਰਖਾਂ ਦੀ ਸੂਚੀ ਵਿੱਚ ਬਾਬਾ ਸਾਹਿਬ ਦਾ ਨਾਮ ਚੌਥੇ ਸਥਾਨ ਤੇ ਦਰਜ ਹੈ।

ਮੁਦਰੀਕਰਣ ਵਿਸ਼ੇ ਉੱਤੇ ਬਾਬਾ ਸਾਹਿਬ ਨੇ ਮਹੱਤਵ ਪੂਰਨ ਪੁਸਤਕ "Problem Of Rupee" ਵਿਚ ਦੱਸਿਆ ਹੈ ਕਿ ਕਿਸੇ ਵੀ ਦੇਸ਼ ਵਿੱਚ ਕਾਲੇ ਧਨ ਅਤੇ ਜਾਹਲੀ ਕਰੰਸੀ ਤੇ ਕਾਬੂ ਪਾਉਣ ਲਈ ਹਰ ਦਸ ਸਾਲ ਬਾਅਦ ਮੁੜ-ਮੁਦਰੀਕਰਣ ਕੀਤਾ ਜਾਣਾ ਚਾਹੀਦਾ ਹੈ। ਮੋਦੀ ਸਰਕਾਰ ਨੇ ਇਸੇ ਆਧਾਰ 'ਤੇ ਨੋਟ ਬੰਦੀ ਕੀਤੀ ਹੈ।

ਬਾਬਾ ਸਾਹਿਬ ਇਕ ਉੱਤਮ ਚਿੱਤਰਕਾਰ ਵੀ ਸਨ। ਉਹਨਾਂ ਨੇ ਪਹਿਲੀ ਵਾਰ ਮਹਾਤਮਾ ਬੁੱਧ ਦੀ ਖੁੱਲ੍ਹੀਆਂ ਅੱਖਾਂ ਵਾਲੀ ਮੂਰਤੀ ਦਾ ਨਿਰਮਾਣ ਕੀਤਾ। ਜੋ ਅੱਜ ਸੱਭ ਤੋਂ ਜ਼ਿਆਦਾ ਪ੍ਰਚਲਤ



ਹੈ। ਬਾਬਾ ਸਾਹਿਬ ਦੁਆਰਾ ਲਿਖੀ ਪੁਸਤਕ "Wiaitng For iVsa" ਕੋਲੰਬੀਆ ਯੂਨੀਵਰਸਿਟੀ ਵਿੱਚ ਟੈਕਸਟ ਬੁੱਕ ਦੇ ਤੌਰ ਤੇ ਪੜ੍ਹਾਈ ਜਾਂਦੀ ਹੈ। ਬਾਬਾ ਸਾਹਿਬ ਪਿੱਛੜੇ ਸਮਾਜ ਦੇ ਪਹਿਲੇ ਵਕੀਲ ਸਨ।

ਕੋਲੰਬੀਆ ਯੂਨੀਵਰਸਿਟੀ ਵੱਲੋਂ 2004 ਵਿਚ ਵਿਸ਼ਵ ਦੇ100 ਬੁੱਧੀਮਾਨ ਵਿਅਕਤੀਆਂ ਦੀ ਸੂਚੀ ਵਿੱਚ ਬਾਬਾ ਸਾਹਿਬ ਦਾ ਨਾਂ ਪਹਿਲੇ ਨੰਬਰ ਤੇ ਦਰਜ ਕੀਤਾ ਗਿਆ ਹੈ।

ਬਾਬਾ ਸਾਹਿਬ 64 ਵਿਸ਼ਿਆਂ ਦੇ ਮਾਸਟਰ ਸਨ। ਉਹ ਮਰਾਠੀ, ਪਾਲੀ, ਹਿੰਦੀ, ਫਰੈਂਚ, ਇੰਗਲਿਸ਼, ਗੁਜਰਾਤੀ, ਪਰਸ਼ੀਅਨ, ਜਰਮਨ ਤੇ ਸੰਸਕ੍ਰਿਤ ਸਮੇਤ 9 ਭਾਸ਼ਾਵਾਂ ਦੇ ਗਿਆਤਾ ਸਨ।

ਉਹਨਾਂ ਨੇ 21 ਸਾਲ ਵਿਸ਼ਵ ਦੇ ਸਮੂਹ ਧਰਮਾਂ ਦਾ ਤੁਲਨਾਤਮਕ ਅਧਿਐਨ ਕੀਤਾ। ਉਹਨਾਂ ਨੇ ਆਕਸਫੋਰਡ ਯੂਨੀਵਰਸਿਟੀ ਵਿੱਚ 8 ਸਾਲਾਂ ਚ ਪੂਰੀ ਹੋਣ ਵਾਲੀ ਪੜ੍ਹਾਈ ਕੇਵਲ 2 ਸਾਲ 3 ਮਹੀਨੇ 'ਚ ਪੂਰੀ ਕਰ ਲਈ। ਉਹ ਦਿਨ ਵਿੱਚ 21 ਘੰਟੇ ਪੜ੍ਹਦੇ ਸਨ। ਉਹਨਾਂ ਨੇ 8 ਲੱਖ 50 ਹਜ਼ਾਰ ਸਮਰੱਥਕਾਂ ਸਹਿਤ ਬੁੱਧ ਧਰਮ ਅਪਨਾਇਆ ਜੋ ਵਿਸ਼ਵ ਰਿਕਾਰਡ ਹੈ।

ਲੰਡਨ ਸਕੂਲ ਆਫ ਇਕਨਾਮਿਕਸ ਵਿਚ ਉਹਨਾਂ ਨੂੰ ਡਾਕਟਰ ਆਫ ਸਾਇੰਸ ਕਰਨ ਵਾਲੇ ਵਿਸ਼ਵ ਦੇ ਪਹਿਲੇ ਤੇ ਇਕਲੌਤੇ ਵਿਦਿਆਰਥੀ ਹੋਣ ਦਾ ਮਾਣ ਹਾਸਲ ਹੈ। ਉਹਨਾਂ ਤੋਂ ਬਾਅਦ ਕੁੱਝ ਬੁੱਧੀਮਾਨ ਵਿਅਕਤੀਆਂ ਵੱਲੋਂ ਇਹ ਡਿਗਰੀ ਹਾਸਲ ਕਰਨ ਦਾ ਯਤਨ ਕੀਤਾ ਗਿਆ ਪਰ ਸਫ਼ਲ ਨਹੀਂ ਹੋਏ।

ਉਹ ਅਰਥ ਸਾਸ਼ਤਰ ਵਿੱਚ ਡਾਕਟਰੇਟ PhD ਕਰਨ ਵਾਲੇ ਪਹਿਲੇ ਭਾਰਤੀ ਸਨ। ਉਹ ਪਹਿਲੇ ਭਾਰਤੀ ਹਨ ਜਿਹਨਾਂ ਦੀ ਮੂਰਤੀ ਲੰਡਨ ਮਿਊਜ਼ੀਅਮ ਵਿੱਚ ਕਾਰਲ ਮਾਰਕਸ ਦੀ ਮੂਰਤੀ ਨਾਲ ਲਗਾਈ ਗਈ ਹੈ।

ਭਾਰਤ ਦੇ ਤਿਰੰਗੇ ਵਿੱਚ ਅਸ਼ੋਕ ਚੱਕਰ ਲਗਵਾਉਣ ਦਾ ਮਾਣ ਉਹਨਾਂ ਨੂੰ ਹਾਸਲ ਹੈ। ਮੱਧ ਪ੍ਰਦੇਸ਼ ਤੇ ਬਿਹਾਰ ਦੇ ਬਿਹਤਰ ਵਿਕਾਸ ਲਈ ਉਹਨਾਂ ਨੇ 1950 ਵਿਚ ਇਹਨਾਂ ਸੂਬਿਆਂ ਦੀ ਵੰਡ ਦਾ ਪ੍ਰਸਤਾਵ ਰੱਖਿਆ ਸੀ ਜੋ ਸੰਨ 2000 ਵਿੱਚ ਛਤੀਸਗੜ੍ਹ ਤੇ ਝਾਰਖੰਡ ਸੂਬੇ ਬਣਾ ਕੇ ਪੂਰਾ ਕੀਤਾ ਗਿਆ ।

ਅਰਥ ਸਾਸ਼ਤਰੀ ਦੇ ਨੋਬਲ ਪੁਰਸਕਾਰ ਵਿਜੇਤਾ ਮਾਨਯੋਗ ਅਮ੍ਰਿਤਯ ਸੇਨ ਬਾਬਾ ਸਾਹਿਬ ਨੂੰ ਅਰਥ ਸਾਸ਼ਤਰ ਵਿਚ ਆਪਣਾ ਪਿਤਾਮਾ ਮੰਨਦੇ ਹਨ।

ਉਹਨਾਂ ਦੀ ਨਿੱਜੀ ਲਾਇਬਰੇਰ ਰਾਜ ਗ੍ਰਹਿ ਵਿਖੇ 50000 ਤੋਂ ਵੱਧ ਪੁਸਤਕਾਂ ਸਨ।

ਵਿਸ਼ਵ ਵਿੱਚ ਸੱਭ ਤੋਂ ਵੱਧ ਗਾਣੇ ਤੇ ਕਿਤਾਬਾਂ ਬਾਬਾ ਸਾਹਿਬ ਤੇ ਲਿਖੀਆਂ ਗਈਆਂ ਹਨ। ਗਵਰਨਰ ਲਾਰਡ ਲਿਨਲਿਥ ਤੇ ਮਹਾਤਮਾਂ ਗਾਂਧੀ ਦਾ ਮੰਨਣਾ ਹੈ ਕਿ 500 ਪ੍ਰੋਫੈਸਰਾਂ ਤੇ ਹਜ਼ਾਰਾਂ ਵਿਦਵਾਨਾਂ ਤੋਂ ਵੀ ਬਾਬਾ ਸਾਹਿਬ ਵੱਧ ਬੁੱਧੀਮਾਨ ਸਨ।

ਉਹ ਵਿਸ਼ਵ ਵਿੱਚ ਪੀਣ ਵਾਲੇ ਪਾਣੀ ਲਈ ਅੰਦੋਲਨ ਕਰਨ ਵਾਲੇ ਪਹਿਲੇ ਅੰਦੋਲਨਕਾਰੀ ਸਨ। ਬਾਬਾ ਸਾਹਿਬ ਮਹਾਤਮਾ ਬੁੱਧ, ਸਤਿਗੁਰੂ ਕਬੀਰ ਤੇ ਦਾਦਾ ਸਾਹਿਬ ਜੋਤੀ ਬਾ ਫੂਲੇ ਨੂੰ ਆਪਣਾ ਗੁਰੂ ਮੰਨਦੇ ਸਨ। ਪੂਰੇ ਵਿਸ਼ਵ ਵਿੱਚ ਉਹਨਾਂ ਦੀ ਜੈਅੰਤੀ ਮਨਾਈ ਜਾਂਦੀ ਹੈ ਤੇ ਉਹ ਵਿਸ਼ਵ ਰਤਨ ਹੋਣ ਦਾ ਮਾਣ ਹਾਸਲ ਕਰ ਚੁੱਕੇ ਹਨ।

## ਧਰਤੀ ਹੇਠੋਂ ਹੀ ਮਿਲ ਗਿਆ ਤਿੱਗਣਾ ਵੱਡਾ ਸਮੁੰਦਰ

ਜਿਵੇਂ ਧਰਤੀ ਦੇ ਪੈਦਾ ਹੋਣ ਦੀ ਕਹਾਣੀ ਬੜੀ ਦਿਲਚਸਪ ਹੈ ਉਸੇ ਤਰ੍ਹਾਂ ਹੀ ਇਸ ਉੱਤੇ ਪਾਣੀ ਦੀ ਹੋਂਦ ਕਿਸ ਤਰ੍ਹਾਂ ਹੋਈ ਇਹ ਵੀ ਦਿਲਚਸਪ ਹੈ। ਇਸ ਬਾਰੇ ਕਈ ਥਿਊਰੀਆਂ ਮੰਨੀਆਂ ਜਾਂਦੀਆਂ ਹਨ। ਪਰ ਸਭ ਤੋਂ ਪ੍ਰਚਲਿਤ ਅਤੇ ਪ੍ਰਵਾਣਤ ਥਿਊਰੀ ਇਹ ਹੈ ਕਿ ਧਰਤੀ ਉੱਤੇ ਪਾਣੀ ਉਲਕਾਪਿੰਡਾਂ, ਧੂਮਕੇਤੂਆਂ ਅਤੇ ਬੌਣੇ ਗ੍ਰਹਿਆਂ ਤੋਂ ਆਇਆ ਹੈ। ਕਿਸੇ ਸੂਰਜੀ ਮੰਡਲ ਵਿੱਚ ਧੂਮਕੇਤੂ ਸੂਰਜ ਦੁਆਲੇ ਘੁੰਮਣ ਵਾਲੀਆਂ ਉਹ ਵੱਡੀਆਂ ਵੱਡੀਆਂ ਚੀਜ਼ਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਪਿੰਡ ਆਖਦੇ ਹਨ ਅਤੇ ਇਹ ਪੱਥਰ, ਧੂੜ, ਬਰਫ ਆਦਿ ਦੇ ਬਹੁਤ ਸੰਘਣੇ ਰੂਪ ਵਿੱਚ ਬਣੇ ਹੁੰਦੇ ਹਨ।

ਸਾਡੇ ਵਿਗਿਆਨੀਆਂ ਦਾ ਹੁਣ ਤੱਕ ਇਹੀ ਮੰਨਣਾ ਰਿਹਾ ਹੈ ਕਿ ਧਰਤੀ ਉੱਤੇ ਜਿੰਨਾ ਵੀ ਪਾਣੀ ਹੈ ਇਹ ਸਾਰਾ ਇਹਨਾਂ ਧੂਮਕੇਤੂਆਂ ਜਾਂ ਬੌਣੇ ਗ੍ਰਹਿਆਂ ਤੋਂ ਹੀ ਆਇਆ ਹੈ। ਸਾਡੀ ਸਾਇੰਸ ਵੀ ਇਹੀ ਕੁਝ ਆਖਦੀ ਆਈ ਹੈ। ਪਰ ਹੁਣ ਜਿਹੜੀ ਤਾਜ਼ਾ ਜਾਂਚ ਪੜਤਾਲ ਹੋਈ ਹੈ ਉਸ ਅਨੁਸਾਰ ਅਜਿਹਾ ਨਹੀਂ ਹੈ। ਇਸ ਪੜਤਾਲ ਦੇ ਅਨੁਸਾਰ ਧਰਤੀ ਉੱਤੇ ਜਿੰਨਾ ਵੀ ਪਾਣੀ ਹੈ ਇਹ ਸਾਰਾ ਧਰਤੀ ਦੇ ਹੇਠਾਂ ਤੋਂ ਹੀ ਉੱਪਰ ਆਇਆ ਹੋ ਸਕਦਾ ਹੈ।

ਨਾਰਥਵੈਸਟਰਨ ਯੂਨੀਵਰਸਿਟੀ ਦੇ ਵਿਗਿਆਨੀ ਸਟੀਵਨ ਜੈਕਬਸਨ ਦੇ ਦੱਸਣ ਮੁਤਾਬਿਕ ਸਾਨੂੰ ਇਸ ਗੱਲ ਦੇ ਪੱਕੇ ਸਬੂਤ ਮਿਲੇ ਹਨ ਕਿ ਧਰਤੀ ’ਤੇ ਪਾਣੀ ਧਰਤੀ ਦੇ ਅੰਦਰੋਂ ਆਇਆ ਹੈ। ਵਿਗਿਆਨੀਆਂ ਨੇ ਅਮਰੀਕਾ ਵਿਚ ਸਥਾਪਿਤ 2000 ਸੀਸਮੋਗ੍ਰਾਫਾਂ ਦੀ ਵਰਤੋਂ ਕੀਤੀ। ਉਹਨਾਂ ਨੇ ਪਿਛਲੇ 500 ਭੂਚਾਲਾਂ ਦਾ ਨਰੀਖਣ ਕੀਤਾ ਅਤੇ ਉਨ੍ਹਾਂ ਦੀਆਂ ਤਰੰਗਾਂ ਦੀ ਜਾਂਚ ਕੀਤੀ। ਜਦੋਂ ਭੂਚਾਲ ਦੀਆਂ ਤਰੰਗਾਂ ਧਰਤੀ ਦੇ ਧੁਰੇ ਵਿੱਚੋਂ ਲੰਘਦੀਆਂ ਸਨ, ਤਾਂ ਉਨ੍ਹਾਂ ਦੀ ਗਤੀ ਘੱਟ ਜਾਂਦੀ ਸੀ। ਜਿਸ ਤੋਂ ਉਹਨਾਂ ਨੂੰ ਇਹ ਪਤਾ ਲੱਗਾ ਕਿ ਧਰਤੀ ਦੇ ਅੰਦਰ ਚੱਟਾਨਾਂ ਵਿੱਚ ਪਾਣੀ ਹੈ। ਸਾਡੀ ਧਰਤੀ ਦੀ ਸਤ੍ਹਾ ਦਾ ਲਗਭਗ 71 ਫੀਸਦ ਭਾਗ ਪਾਣੀ ਹੈ। ਇਸ ਵਿੱਚ ਸਮੁੰਦਰਾਂ, ਨਦੀਆਂ, ਝੀਲਾਂ ਦਾ ਸਾਰਾ ਪਾਣੀ ਸ਼ਾਮਲ ਹੈ।ਹੁਣ ਇਕ ਤਾਜ਼ਾ ਖੋਜ ਨੇ ਧਰਤੀ ਉੱਤੇ ਪਾਣੀ ਦੇ ਇਕ ਨਵੇਂ ਸਰੋਤ ਦੀ ਖੋਜ ਕੀਤੀ ਹੈ। ਦਿਲਚਸਪ ਗੱਲ ਇਹ ਹੈ ਕਿ ਧਰਤੀ ਦੇ ਅੰਦਰ ਮੌਜੂਦ ਪਾਣੀ ਇਸਦੀ ਸਤ੍ਹਾ ’ਤੇ ਮੌਜੂਦ ਪਾਣੀ ਨਾਲੋਂ ਤਿੰਨ ਗੁਣਾ ਜ਼ਿਆਦਾ ਹੋ ਸਕਦਾ ਹੈ। ਧਰਤੀ ਦੀ ਸਤ੍ਹਾ ਤੋਂ ਕਰੀਬ 700 ਕਿਲੋਮੀਟਰ ਹੇਠਾਂ ਪਾਣੀ ਦੇ ਇਸ ਨਵੇਂ ਭੰਡਾਰ ਦੀ ਖੋਜ ਕੀਤੀ ਗਈ ਹੈ। ਇਹ ਭੰਡਾਰ ਰਿੰਗਵੁਡਾਈਟ ਨਾਂ ਦੇ ਖਣਿਜ ਦੇ ਅੰਦਰ ਲੁਕੇ ਹੋਣ ਬਾਰੇ ਵੀ ਜਾਣਕਾਰੀ ਮਿਲੀ ਹੈ। ਮਤਲਬ ਧਰਤੀ ਦੀ ਪਰਤ ਦੇ ਅੰਦਰ ਇਕ ਬਹੁਤ ਵੱਡਾ ਸਮੁੰਦਰ ਪਾਇਆ ਗਿਆ ਹੈ। ਇਹ ਨਵੀਂ ਖੋਜ ਹੁਣ ਧਰਤੀ ਦੇ ਜਲ ਚੱਕਰ ਬਾਰੇ ਨਵੀਂ ਥਿਊਰੀ ਵੀ ਪੇਸ਼ ਕਰੇਗੀ। ਇਹ ਖੋਜ ਦੱਸਦੀ ਹੈ ਕਿ ਧੂਮਕੇਤੂਆਂ ਆਦਿ ਦੇ ਪ੍ਰਭਾਵਾਂ ਰਾਹੀਂ ਪਾਣੀ ਧਰਤੀ ਤੱਕ ਨਹੀਂ ਪਹੁੰਚਿਆ ਹੋਵੇਗਾ। ਇਸ ਦੀ ਬਜਾਇ, ਹੋ ਸਕਦਾ ਹੈ ਕਿ ਧਰਤੀ ਦੇ ਸਮੁੰਦਰ ਹੌਲੀ-ਹੌਲੀ ਇਸ ਦੇ ਮੂਲ ਵਿੱਚੋਂ ਨਿਕਲ ਕੇ ਹੋਂਦ ਵਿੱਚ ਆਏ ਹੋਣ। ਅਸਲ ਵਿੱਚ ਧਰਤੀ ਦੇ ਕੇਂਦਰ ਤੋਂ ਧਰਤੀ ਦੀ ਸਤ੍ਹਾ ਦੀ ਦੂਰੀ ਭਾਵ ਧਰਤੀ ਦਾ ਅਰਧਵਿਆਸ 6400 ਕਿਲੋਮੀਟਰ ਹੈ ਅਤੇ ਇਸ ਪਾਣੀ ਦੇ ਹੋਣ ਦਾ ਪਤਾ 700 ਕਿਲੋਮੀਟਰ ਹੇਠਾਂ ਲੱਗਾ ਹੈ। ਹਾਲੇ ਤੱਕ ਅਸੀਂ ਜਿਹੜਾ ਧਰਤੀ ਹੇਠਲਾ ਪਾਣੀ ਵਰਤਦੇ ਹਾਂ ਇਹ 200 ਤੋਂ 500 ਮੀਟਰ ਹੇਠਾਂ ਹੀ ਮਿਲ ਜਾਂਦਾ ਹੈ।

ਪਿਛਲੇ ਕਈ ਸਾਲਾਂ ਤੋਂ ਇਹ ਰੌਲਾ ਪਿਆ ਹੋਇਆ ਹੈ ਕਿ ਧਰਤੀ ਦੇ ਕਾਫੀ ਹਿੱਸਿਆਂ ‘ਚ ਪਾਣੀ ਖਤਮ ਹੋ ਰਿਹਾ ਹੈ। ਪਰ ਇਸ ਤਾਜ਼ਾ ਖੋਜ ਅਨੁਸਾਰ ਇਕ ਆਸ ਦੀ ਕਿਰਨ ਬੱਝੀ ਹੈ। ਇਸ ਆਸ ਦੀ ਕਿਰਨ ਨੂੰ ਹਕੀਕਤ ਬਣਨ ਲਈ ਹਾਲੇ ਲੰਬਾ ਸਫਰ ਤੈਅ ਕਰਨਾ ਪਵੇਗਾ ਕਿਉਂਕਿ ਜਿਹੜਾ ਇਹ ਧਰਤੀ ਹੇਠੋਂ ਪਾਣੀ ਲੱਭਿਆ ਹੈ ਇਹ ਸਾਡੀ ਸੋਚ ਤੋਂ ਵੀ ਬਹੁਤ ਹੇਠਾਂ ਹੈ। ਧਰਤੀ ਦੀ ਪੇਪੜੀ ਤੋਂ 700 ਕਿਲੋਮੀਟਰ ਹੇਠਾਂ। ਇਸ ਡੂੰਘਾਈ ਤੋਂ ਪਾਣੀ ਉੱਪਰ ਸਤ੍ਹਾ ਤੇ ਕਿਵੇਂ ਆਵੇਗਾ ਅਤੇ ਕਿਵੇਂ ਵਰਤਿਆ ਜਾਵੇਗਾ? ਇਸ ਪ੍ਰਸ਼ਨਾਂ ਦੇ ਉੱਤਰ ਤਾਂ ਹਜੇ ਭਵਿੱਖ ਵਿੱਚ ਹੀ ਹਨ। ਜਿਹੜੀਆਂ ਤਕਨੀਕਾਂ ਦੀ ਵਰਤੋਂ ਕਰਕੇ ਇਹ ਪਾਣੀ ਉੱਪਰ ਆਵੇਗਾ ਉਹਨਾਂ ਬਾਰੇ ਹਾਲੇ ਦੇਖਣਾ ਅਤੇ ਸੋਚਣਾ ਬਾਕੀ ਹੈ। ਪਰ ਇਹਨਾਂ ਜਰੂਰ ਹੈ ਕਿ ਜੇ ਸਾਨੂੰ ਇਸ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਇਹ ਵਰਤੋਂ ਯੋਗ ਹੋਇਆ ਤਾਂ ਇਹ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਲਈ ਕਾਫੀ ਲਾਹੇਵੰਦ ਸਾਬਿਤ ਹੋਵੇਗਾ।

ਸੰਜੀਵ ਝਾਂਜੀ, ਜਗਰਾਉਂ (80049 10000)

## ਮੋਟੀਵੇਸ਼ਨਲ ਸਪੀਕਰ ਵਿੱਚ ਨੌਕਰੀ ਅਤੇ ਕਰੀਅਰ ਦੇ ਮੌਕੇ



ਵਿਜੈ ਗਰਗ

ਇੱਕ ਪ੍ਰੇਰਣਾਦਾਇਕ ਸਪੀਕਰ ਉਹ ਹੁੰਦਾ ਹੈ ਜੋ ਦਰਸ਼ਕਾਂ ਨੂੰ ਪ੍ਰੇਰਿਤ ਜਾਂ ਪ੍ਰੇਰਿਤ ਕਰਨ ਲਈ ਬੋਲਦਾ ਹੈ। ਪ੍ਰੇਰਕ ਬੁਲਾਰੇ ਆਪਣੇ ਜੀਵਨ ਦੇ ਤਜ਼ਰਬਿਆਂ ਅਤੇ ਗਿਆਨ ਦੀ ਵਰਤੋਂ ਦੂਜਿਆਂ ਨਾਲ ਗੱਲ ਕਰਨ ਲਈ ਕਰਦੇ ਹਨ ਅਤੇ ਉਹਨਾਂ ਨੂੰ ਕਾਰਵਾਈ ਕਰਨ ਜਾਂ ਉਹਨਾਂ ਦੇ ਜੀਵਨ ਨੂੰ ਬਦਲਣ ਲਈ ਪ੍ਰੇਰਿਤ ਕਰਦੇ ਹਨ। ਪ੍ਰੇਰਕ ਸਪੀਕਰ ਨੂੰ ਖਾਸ ਵਿਸ਼ਿਆਂ ਜਿਵੇਂ ਕਿ ਮਾਰਕੀਟਿੰਗ, ਪ੍ਰਬੰਧਨ, ਖੇਡਾਂ, ਜਾਂ ਵਿਕਰੀ ਜਾਂ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਨਾਲ ਨਜਿੱਠਣ, ਸਵੈ-ਮਾਣ ਬਣਾਉਣਾ, ਵਿਵਾਦਾਂ ਨੂੰ ਸੁਲਝਾਉਣਾ, ਜਾਂ ਸੰਚਾਰ ਜਾਂ ਉਤਪਾਦਕਤਾ ਵਿੱਚ ਸੁਧਾਰ ਵਰਗੇ ਵਿਸ਼ਿਆਂ ਵਿੱਚ ਮੁਹਾਰਤ ਹਾਸਲ ਕਰਨ ਦੀ ਲੋੜ ਹੁੰਦੀ ਹੈ। ਉਹ ਧਾਰਮਿਕ ਮਾਹੌਲ ਤੋਂ ਆ ਸਕਦੇ ਹਨ ਜਾਂ ਉਹ ਵਿਅਕਤੀ ਹੋ ਸਕਦੇ ਹਨ ਜਿਨ੍ਹਾਂ ਕੋਲ ਜਨਤਾ ਦੇ ਸਾਹਮਣੇ ਬੋਲਣ ਅਤੇ ਸੰਦੇਸ਼ ਦੇਣ ਦੀ ਸ਼ਕਤੀ ਹੈ। ਪ੍ਰੇਰਣਾਦਾਇਕ ਬੁਲਾਰੇ ਇੰਟਰਵਿਊ ਪ੍ਰਦਾਨ ਕਰਨ ਵਿੱਚ ਬਹੁਤ ਚੰਗੀ ਤਰ੍ਹਾਂ ਸ਼ਾਮਲ ਹੋ ਸਕਦੇ ਹਨ, ਖਾਸ ਤੌਰ 'ਤੇ ਜੇ ਉਹ ਇੱਕ ਚੰਗੀ-ਪ੍ਰਚਾਰਿਤ ਵਿਸ਼ੇ 'ਤੇ ਕੰਮ ਕਰ ਰਹੇ ਹਨ। ਉਹ ਸਕੂਲਾਂ, ਚਰਚਾਂ, ਭਾਈਚਾਰਕ ਸਮਾਗਮਾਂ, ਸਰਕਾਰੀ ਏਜੰਸੀਆਂ, ਵਿਸ਼ੇਸ਼ ਸਮਾਗਮਾਂ, ਵਪਾਰਕ ਪ੍ਰਦਰਸ਼ਨਾਂ ਅਤੇ ਕਾਨਫਰੰਸਾਂ ਸਮੇਤ ਵੱਖ-ਵੱਖ ਵਾਤਾਵਰਣਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਵਿੱਚ ਆਪਣੇ ਭਾਸ਼ਣ ਦੇ ਸਕਦੇ ਹਨ। ਪ੍ਰੇਰਕ ਬੁਲਾਰਿਆਂ ਨੂੰ ਵੱਖ-ਵੱਖ ਸਥਾਨਾਂ ਦੀ ਯਾਤਰਾ ਕਰਨ ਅਤੇ ਲੋਕਾਂ ਦੇ ਸਮੂਹਾਂ ਨੂੰ ਆਪਣੀਆਂ ਪੇਸ਼ਕਾਰੀਆਂ ਕਰਨ ਲਈ ਭੁਗਤਾਨ ਕੀਤਾ ਜਾਂਦਾ ਹੈ। ਪ੍ਰੇਰਕ ਸਪੀਕਰ ਯੋਗਤਾ ਵਿੱਦਿਅਕ ਯੋਗਤਾ ਹਾਲਾਂਕਿ ਇੱਕ ਪ੍ਰੇਰਣਾਦਾਇਕ ਸਪੀਕਰ ਬਣਨ ਲਈ ਕੋਈ ਅਧਿਕਾਰਤ ਵਿਦਿਅਕ ਯੋਗਤਾ ਲੋੜਾਂ ਨਹੀਂ ਹਨ, ਆਮ ਤੌਰ 'ਤੇ ਮੂਲ ਭਾਸ਼ਾ ਵਿੱਚ ਹਾਈ ਸਕੂਲ ਡਿਪਲੋਮਾ ਜਾਂ ਕਾਲਜ ਦੀ ਡਿਗਰੀ ਹੋਣ ਦੀ ਉਮੀਦ ਕੀਤੀ ਜਾਂਦੀ ਹੈ। ਉਮਰ ਸੀਮਾਵਾਂ ਉਮੀਦਵਾਰ ਦੀ ਉਮਰ ਦੇ ਸਬੰਧ ਵਿੱਚ ਕੋਈ ਪਾਬੰਦੀ ਨਹੀਂ ਹੈ ਜੇਕਰ ਉਹ ਇੱਕ ਪ੍ਰੇਰਣਾਦਾਇਕ ਸਪੀਕਰ ਬਣਨਾ ਚਾਹੁੰਦਾ ਹੈ। ਪ੍ਰੇਰਣਾਦਾਇਕ ਸਪੀਕਰ ਲੋੜੀਂਦੇ ਹੁਨਰ ਇੱਕ ਉਤਸ਼ਾਹੀ ਪ੍ਰੇਰਕ ਸਪੀਕਰ ਨੂੰ ਉਸਦੇ ਪੇਸ਼ੇ ਵਿੱਚ ਕਾਫ਼ੀ ਪ੍ਰਭਾਵਸ਼ਾਲੀ ਹੋਣ ਲਈ ਹੇਠਾਂ ਦਿੱਤੇ ਹੁਨਰਾਂ ਦੀ ਲੋੜ ਹੁੰਦੀ ਹੈ। ਲੋੜੀਂਦੇ ਹੁਨਰ ਹਨ: ਉਮੀਦਵਾਰਾਂ ਕੋਲ ਵਧੀਆ ਸੰਚਾਰ ਹੁਨਰ ਹੋਣੇ ਚਾਹੀਦੇ ਹਨ ਤਾਂ ਜੋ ਦਰਸ਼ਕਾਂ ਦੀਆਂ ਜ਼ਰੂਰਤਾਂ ਦੇ ਅਨੁਸਾਰ ਸਹੀ ਢੰਗ ਨਾਲ ਸੰਚਾਰ ਕਰ ਸਕਣ। ਪ੍ਰੇਰਕ ਬੁਲਾਰੇ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਾਣਕਾਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਲਈ ਦੂਜਿਆਂ ਨਾਲ ਕਿਵੇਂ ਗੱਲ ਕਰਨੀ ਹੈ। ਉਸ ਨੂੰ ਇਸ ਗੱਲ ਵੱਲ ਪੂਰਾ ਧਿਆਨ ਦੇਣ ਦੀ ਲੋੜ ਹੈ ਕਿ ਦੂਜੇ ਲੋਕ ਕੀ ਕਹਿ ਰਹੇ ਹਨ, ਬਣਾਏ ਜਾ ਰਹੇ ਨੁਕਤਿਆਂ ਨੂੰ ਸਮਝਣ ਲਈ ਸਮਾਂ ਕੱਢੋ, ਉਚਿਤ ਸਵਾਲ ਪੁੱਛੋ, ਅਤੇ ਅਣਉਚਿਤ ਸਮੇਂ 'ਤੇ ਰੁਕਾਵਟ ਨਾ ਪਓ। ਪ੍ਰੇਰਕ ਬੁਲਾਰੇ ਨੂੰ ਦੂਜਿਆਂ ਦੀਆਂ ਪ੍ਰਤੀਕਿਰਿਆਵਾਂ ਤੋਂ ਜਾਣੂ ਹੋਣਾ ਚਾਹੀਦਾ ਹੈ ਅਤੇ ਸਮਝਣਾ ਚਾਹੀਦਾ ਹੈ ਕਿ ਉਹ ਕਿਉਂ ਪ੍ਰਤੀਕਿਰਿਆ ਕਰਦੇ ਹਨ ਜਿਵੇਂ ਕਿ ਉਹ ਕਰਦੇ ਹਨ। ਉਸਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਮੇਂ ਦਾ ਪ੍ਰਬੰਧਨ ਕਿਵੇਂ ਕਰਨਾ ਹੈ। ਪ੍ਰੇਰਕ ਬੁਲਾਰੇ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਵਿਕਲਪਕ ਹੱਲਾਂ, ਸਿੱਟਿਆਂ ਜਾਂ ਸਮੱਸਿਆਵਾਂ ਦੇ ਪਹੁੰਚ ਦੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਦੀ ਪਛਾਣ ਕਰਨ ਲਈ ਤਰਕ ਅਤੇ ਤਰਕ ਦੀ ਵਰਤੋਂ ਕਿਵੇਂ ਕਰਨੀ ਹੈ। ਉਸਨੂੰ ਪਤਾ ਹੋਣਾ ਚਾਹੀਦਾ ਹੈ ਕਿ ਨਵੀਆਂ ਚੀਜ਼ਾਂ ਸਿੱਖਣ ਜਾਂ ਸਿਖਾਉਣ ਵੇਲੇ ਸਥਿਤੀ ਲਈ ਢੁਕਵੇਂ ਸਿਖਲਾਈ/ਸਿੱਖਿਆ ਦੇ ਢੰਗਾਂ ਅਤੇ ਪ੍ਰਕਿਰਿਆਵਾਂ ਦੀ ਚੋਣ ਅਤੇ ਵਰਤੋਂ ਕਿਵੇਂ ਕਰਨੀ ਹੈ। ਇੱਕ ਪ੍ਰੇਰਣਾਦਾਇਕ ਸਪੀਕਰ ਕਿਵੇਂ ਬਣਨਾ ਹੈ? ਇੱਕ ਪ੍ਰੇਰਣਾਦਾਇਕ ਸਪੀਕਰ ਬਣਨ ਲਈ ਚਾਹਵਾਨ ਉਮੀਦਵਾਰ ਨੂੰ ਦਿੱਤੇ ਗਏ ਕਦਮਾਂ ਦੀ ਪਾਲਣਾ ਕਰਨੀ ਪੈਂਦੀ ਹੈ: ਕਦਮ 1 ਸਭ ਤੋਂ ਪਹਿਲਾਂ, ਉਮੀਦਵਾਰ ਨੂੰ ਆਪਣਾ ਸਕੂਲ ਪਾਸ ਕਰਨ ਅਤੇ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ/ਇੰਸਟੀਚਿਊਟ ਤੋਂ ਕਿਸੇ ਵੀ ਸਟ੍ਰੀਮ ਵਿੱਚ ਬੈਚਲਰ ਦੀ ਡਿਗਰੀ ਲਈ ਜਾਣ ਦੀ ਲੋੜ ਹੁੰਦੀ ਹੈ। ਹਾਲਾਂਕਿ, ਕੁਝ ਮੂਲ ਭਾਸ਼ਾਵਾਂ ਜਾਂ ਮਾਸ ਕਮਿਊਨੀਕੇਸ਼ਨ ਵਿੱਚ ਇੱਕ ਬੈਚਲਰ ਡਿਗਰੀ ਯਕੀਨੀ ਤੌਰ 'ਤੇ ਇੱਕ ਸਫਲ ਪ੍ਰੇਰਕ ਸਪੀਕਰ ਲਈ ਜ਼ਰੂਰੀ ਸੰਚਾਰ ਹੁਨਰ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰੇਗੀ। ਕਦਮ 2 ਉਮੀਦਵਾਰ ਨੂੰ ਇੱਕ ਮਾਨਤਾ ਪ੍ਰਾਪਤ ਸੰਸਥਾ ਤੋਂ ਪੋਸਟ-ਸੈਕੰਡਰੀ ਸਿਖਲਾਈ ਸੰਚਾਰ ਡਿਗਰੀ ਦੀ ਲੋੜ ਹੁੰਦੀ ਹੈ ਤਾਂ ਜੋ ਇੱਕ ਪ੍ਰੇਰਣਾਦਾਇਕ ਸਪੀਕਰ ਬਣਨ ਲਈ ਪ੍ਰਮਾਣਿਤ ਕੀਤਾ ਜਾ ਸਕੇ। ਕਦਮ 3 ਲੋੜੀਂਦੀ ਸਿਖਲਾਈ ਪ੍ਰਕਿਰਿਆ ਤੋਂ ਬਾਅਦ, ਕੋਈ ਵੀ ਕਾਰਪੋਰੇਟ ਸੈਕਟਰ, ਰੱਖਿਆ ਸੰਗਠਨ, ਵਿਦਿਅਕ ਸੰਸਥਾਵਾਂ ਆਦਿ ਵਿੱਚ ਇੱਕ ਪ੍ਰੇਰਕ ਸਪੀਕਰ ਵਜੋਂ ਨੌਕਰੀ ਲੱਭ ਸਕਦਾ ਹੈ ਜਾਂ ਇੱਕ ਫ੍ਰੀਲਾਂਸ ਮੋਟੀਵੇਸ਼ਨਲ ਸਪੀਕਰ ਵਜੋਂ ਆਪਣਾ ਕਰੀਅਰ ਬਣਾ ਸਕਦਾ ਹੈ। ਵਿੱਚ ਕੁਝ ਨਾਮਵਰ ਮੋਟੀਵੇਸ਼ਨਲ ਸਪੀਕਰ ਟਰੇਨਿੰਗ ਇੰਸਟੀਚਿਊਟਭਾਰਤ ਅਨੁਰਾਗ ਅਗਰਵਾਲ ਇੰਸਟੀਚਿਊਟ ਆਫ ਪਬਲਿਕ ਸਪੀਕਿੰਗ, ਨੋਇਡਾ, ਉੱਤਰ ਪ੍ਰਦੇਸ਼ ਪੇਪ ਟਾਕ ਇੰਡੀਆ - ਇੰਗਲਿਸ਼, ਪਬਲਿਕ ਸਪੀਕਿੰਗ ਇੰਸਟੀਚਿਊਟ, ਨਵੀਂ ਦਿੱਲੀ ਭਾਰਤ ਵਿੱਚ ਪ੍ਰੇਰਣਾ ਸਪੀਕਰ - ਆਨੰਦ ਮੁਨਸ਼ੀ, ਮੁੰਬਈ ਪ੍ਰੇਰਣਾਦਾਇਕ ਸਪੀਕਰ ਨੌਕਰੀ ਦਾ ਵੇਰਵਾ ਪ੍ਰੇਰਕ ਸਪੀਕਰ ਲਗਭਗ ਹਮੇਸ਼ਾ ਅਨਿਯਮਿਤ ਘੰਟੇ ਕੰਮ ਕਰਦੇ ਹਨ ਅਤੇ ਉਹ ਆਮ ਤੌਰ 'ਤੇ ਵਿਆਪਕ ਯਾਤਰਾ ਕਰਦੇ ਹਨ। ਤਨਖਾਹ ਆਮ ਤੌਰ 'ਤੇ ਪ੍ਰਤੀ ਰੁਝੇਵਿਆਂ ਲਈ ਹੁੰਦੀ ਹੈ ਅਤੇ ਤੁਹਾਡੇ ਦੁਆਰਾ ਪ੍ਰਸਿੱਧੀ ਪ੍ਰਾਪਤ ਕਰਨ ਦੇ ਨਾਲ ਵਧ ਸਕਦੀ ਹੈ। ਇੱਕ ਸਫਲ, ਅਭਿਲਾਸ਼ੀ ਪ੍ਰੇਰਣਾਦਾਇਕ ਸਪੀਕਰ ਦਰਸ਼ਕਾਂ ਦੇ ਸਾਹਮਣੇ ਬੋਲਣ ਦੇ ਕਿਸੇ ਵੀ ਮੌਕੇ 'ਤੇ ਛਾਲ ਮਾਰ ਦੇਵੇਗਾ। ਸਫਲ ਪ੍ਰੇਰਕ ਬੁਲਾਰਿਆਂ ਨੂੰ ਵੱਡੀਆਂ ਬਹੁ-ਰਾਸ਼ਟਰੀ ਕੰਪਨੀਆਂ, ਕਾਨਫਰੰਸਾਂ, ਸਕੂਲਾਂ, ਕਾਲਜਾਂ ਆਦਿ ਵਿੱਚ ਬੋਲਣ ਦਾ ਮੌਕਾ ਮਿਲਦਾ ਹੈ। ਉਸਨੂੰ ਦੋ ਵੱਖ-ਵੱਖ ਸਥਾਨਾਂ ਦੀ ਯਾਤਰਾ ਕਰਨ ਲਈ ਭੁਗਤਾਨ ਕੀਤਾ ਜਾਂਦਾ ਹੈ ਜਿੱਥੇ ਉਹ ਬੋਲਣ ਦਾ ਰੁਝਾਨ ਰੱਖਦਾ ਹੈ। ਮੋਟੀਵੇਸ਼ਨਲ ਸਪੀਕਰ ਨੂੰ ਉਸ ਵਿਸ਼ੇ 'ਤੇ ਇਕ ਲੰਮੀ ਪੇਸ਼ਕਾਰੀ ਤਿਆਰ ਕਰਨੀ ਪੈਂਦੀ ਹੈ ਜਿਸ ਨੂੰ ਉਸ ਨੇ ਵੱਡੀ ਭੀੜ ਦੇ ਸਾਹਮਣੇ ਬੋਲਣਾ ਹੁੰਦਾ ਹੈ। ਉਹ ਆਪਣੇ ਜੀਵਨ ਦੇ ਤਜ਼ਰਬਿਆਂ, ਯੋਗਤਾਵਾਂ, ਤਾਕਤ ਜਾਂ ਕਮਜ਼ੋਰੀ ਦੀ ਵਰਤੋਂ ਕਰ ਸਕਦਾ ਹੈ ਤਾਂ ਜੋ ਭਾਸ਼ਣ ਨੂੰ ਦਿਲਚਸਪ ਅਤੇ ਸਾਰਿਆਂ ਲਈ ਸਮਝਣ ਵਿੱਚ ਆਸਾਨ ਬਣਾਇਆ ਜਾ ਸਕੇ। ਉਸ ਨੇ ਇਸ ਤਰ੍ਹਾਂ ਬੋਲਣਾ ਹੁੰਦਾ ਹੈ ਕਿ ਹਰ ਕੋਈ ਪ੍ਰੇਰਿਤ ਅਤੇ ਪ੍ਰੇਰਿਤ ਹੁੰਦਾ ਹੈ ਅਤੇ ਉਸ ਦੇ ਭਾਸ਼ਣ ਤੋਂ ਸਬਕ ਪ੍ਰਾਪਤ ਕਰਦਾ ਹੈ। ਇਸ ਕੈਰੀਅਰ ਵਿੱਚ ਸਫਲ ਹੋਣ ਲਈ, ਪ੍ਰੇਰਕ ਸਪੀਕਰ ਨੂੰ ਇੱਕ ਤਾਜ਼ਾ ਸੰਦੇਸ਼ ਲੱਭਣਾ ਅਤੇ ਪ੍ਰਦਾਨ ਕਰਨਾ ਚਾਹੀਦਾ ਹੈ ਜੋ ਮਹੱਤਵਪੂਰਨ ਹੈ। ਪ੍ਰੇਰਕ ਸਪੀਕਰ ਕਰੀਅਰ ਦੀਆਂ ਸੰਭਾਵਨਾਵਾਂ ਅੱਜ ਦੇ ਹਾਲਾਤ ਵਿੱਚ, ਪ੍ਰੇਰਕ ਬੁਲਾਰਿਆਂ ਦੀ ਬਹੁਤ ਜ਼ਿਆਦਾ ਮੰਗ ਹੈ; ਜਿਸਦਾ ਮਤਲਬ ਹੈ ਕਿ ਇੱਕ ਪ੍ਰੇਰਣਾਦਾਇਕ ਸਪੀਕਰ ਬਣਨ ਲਈ ਨੌਕਰੀ ਦੇ ਬਹੁਤ ਸਾਰੇ ਮੌਕੇ ਹਨ। ਪਿਛਲੇ ਦਹਾਕੇ ਵਿੱਚ ਨੈਸ਼ਨਲ ਸਪੀਕਰਜ਼ ਐਸੋਸੀਏਸ਼ਨ ਦੀ ਮੈਂਬਰਸ਼ਿਪ ਵਿੱਚ 30 ਫੀਸਦੀ ਦਾ ਵਾਧਾ ਹੋਇਆ ਹੈ, ਜੋ ਬੋਲਣ ਦੇ ਪੇਸ਼ੇ ਵਿੱਚ ਵਾਧਾ ਦਰਸਾਉਂਦਾ ਹੈ। ਹਾਲਾਂਕਿ, ਪ੍ਰੇਰਕ ਬੁਲਾਰਿਆਂ ਲਈ ਨੌਕਰੀ ਦੀ ਮਾਰਕੀਟ ਉਹਨਾਂ ਦੀ ਵਿਸ਼ੇਸ਼ਤਾ ਅਤੇ ਨਿਸ਼ਾਨਾ ਦਰਸ਼ਕਾਂ 'ਤੇ ਨਿਰਭਰ ਕਰਦੀ ਹੈ। ਇਸ ਕਿੱਤੇ ਵਿੱਚ ਬਹੁਤ ਮੁਕਾਬਲਾ ਹੈ। ਮੋਟੀਵੇਸ਼ਨਲ ਸਪੀਕਰ ਬਣ ਕੇ ਤੁਸੀਂ ਕਾਰਪੋਰੇਟ ਸੈਕਟਰ, ਐਜੂਕੇਸ਼ਨ ਸੈਕਟਰ, ਡਿਫੈਂਸ ਸਰਵਿਸਿਜ਼ ਦੇ ਨਾਲ-ਨਾਲ ਰਾਜਨੀਤੀ ਵਿੱਚ ਆਪਣਾ ਕਰੀਅਰ ਬਣਾ ਸਕਦੇ ਹੋ। ਪ੍ਰੇਰਕ ਸਪੀਕਰ ਦੀ ਤਨਖਾਹ ਮੋਟੀਵੇਸ਼ਨਲ ਸਪੀਕਰ ਦਾ ਤਨਖਾਹ ਸਕੇਲ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਸਨੇ ਕਿੰਨੇ ਭਾਸ਼ਣ ਕਰਵਾਏ ਹਨ ਅਤੇ ਉਸਦਾ ਕੰਮ ਕਿੰਨਾ ਪ੍ਰਭਾਵਸ਼ਾਲੀ ਹੈ। ਆਮ ਤੌਰ 'ਤੇ, ਪ੍ਰੇਰਕ ਬੁਲਾਰਿਆਂ ਦੀ ਤਨਖਾਹ ਰੁਪਏ ਦੇ ਵਿਚਕਾਰ ਹੁੰਦੀ ਹੈ। 40,000 ਤੋਂ ਰੁ। 50,000 ਪ੍ਰਤੀ ਮਹੀਨਾ। ਇੱਕ ਕੁਸ਼ਲ ਅਤੇ ਤਜਰਬੇਕਾਰ ਪ੍ਰੇਰਕ ਸਪੀਕਰ ਵੀ ਰੁਪਏ ਪ੍ਰਾਪਤ ਕਰ ਸਕਦਾ ਹੈ। 1,00,000 ਤੋਂ ਰੁ। ਭਾਰਤ ਵਿੱਚ 2,00,000 ਪ੍ਰਤੀ ਮਹੀਨਾ। ਇਹ ਕਿੱਤਾ ਤੁਹਾਨੂੰ ਲੱਖਾਂ ਦੀ ਕਮਾਈ ਕਰ ਸਕਦਾ ਹੈ।

# ਬਾਬਾ ਸਾਹਿਬ ਦੇ ਵਿਰੋਧੀਆਂ 'ਚ ਬਾਬਾ ਸਾਹਿਬ ਲਈ ਮੋਹ ਕਿੱਥੋ ਜਾਗ ਆਇਆ...



ਪਰਸ਼ੋਤਮ ਲਾਲ ਸਰੋਏ
91-92175-44348

ਚਾਨਣ-ਮੁਨਾਰਾ ਪੰਜਾਬੀ ਆਨ-ਲਾਈਨ ਬਿਓਰੋ (ਜਲੰਧਰ), ਸੂਝਵਾਨ ਪਾਠਕੋ! ਕਿੰਨੀ ਹੈਰਾਨੀਜਨਕ ਤੇ ਅਚੰਭੇ ਵਾਲੀ ਗੱਲ ਹੈ ਕਿ ਜਿਹੜੇ ਲੋਕ ਬਾਬਾ ਸਾਹਿਬ ਦੀ ਫੋਟੋ ਤੱਕ ਕਿਸੇ ਦੇ ਘਰ ਲੱਗੀ ਦੇਖ ਲੈਂਦੇ ਸੀ ਤੇ ਉਹ ਈਰਖ਼ਾਵੱਸ ਇਹ ਟਿੱਪਣੀ ਕਰ ਦਿੰਦੇ ਸੀ, "ਲੋਕਾਂ ਦੇ ਘਰ ਤਾਂ ਅੰਬੇਡਕਰ ਦੀ ਫੋਟੋ ਲੱਗੀ ਹੈ ਤੇ ਪਿਛਲੇ ਕੁਝ ਸਮੇਂ ਤੋਂ ਉਹੀ ਲੋਕ ਬਾਬਾ ਸਾਹਿਬ ਦੇ ਜਨਮ ਦਿਨ 'ਤੇ ਦਿਲਾਂ ਵਿੱਚ ਮੈਲ਼ ਭਰ ਕੇ ਆਉਂਦੇ ਹਨ ਤੇ ਦਿਖਾਵੇ ਲਈ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਸਾਹਿਬ ਦੀ ਤਸਵੀਰ ਜਾਂ ਉਨ੍ਹਾਂ ਦੇ ਬਣੇ ਸਮਾਰਕ 'ਤੇ ਸ਼ਰਧਾ ਦੇ ਫੁੱਲ ਅਰਪਣ ਕਰਨ ਦਾ ਢੋਂਗ ਕਰਦੇ ਹੋਏ ਨਜ਼ਰੀਂ ਪਏ ਹਨ।

ਦੋਸਤੋ ਇਹ ਸੋਚਣ ਵਾਲੀ ਗੱਲ 'ਤੇ ਇੱਕ ਸ਼ੰਕਾ ਦਾ ਵਿਸ਼ਾ ਵੀ ਬਣਦਾ ਹੋਇਆ ਦਿਖਾਈ ਦਿੰਦਾ ਹੈ ਕਿ ਇਹ ਹਾਥੀ ਵਾਲੇ ਦੰਦ ਕਿਉਂ ਦਿਖਾਏ ਜਾ ਰਹੇ ਹਨ? ਆਖ਼ਿਰ ਇਹਦੇ ਪਿੱਛੇ ਇਨ੍ਹਾਂ ਦਾ ਕੀ ਮਕਸਦ ਹੈ? ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਸਾਹਿਬ ਜੀ ਦੀ ਫੋਟੋ ਤੱਕ ਤੋਂ ਨਫ਼ਰਤ ਕਰਨ ਵਾਲਿਆਂ ਦੇ ਮਨਾਂ ਵਿੱਚ ਐਸਾ ਕਿਹੜਾ ਚਮਤਕਾਰ ਉਤਪੰਨ ਹੋ ਗਿਆ? ਇਹ ਅਚਾਨਕ ਬਾਬਾ ਸਾਹਿਬ ਵਾਸਤੇ ਮੋਹ ਕਿੱਥੋਂ ਜਾਗ ਪਿਆ? ਸੰਸਾ ਉਤਪੰਨ ਕਰਨ ਵਾਲਾ ਸੁਆਲ ਕੇਵਲ ਸੂਝਵਾਨ ਲੋਕਾਂ ਦੇ ਮਨਾਂ ਵਿੱਚ ਉੱਠਦਾ ਹੀ ਦਿਖਾਈ ਦਿੰਦਾ ਹੋਵੇਗਾ।

ਵਿੱਦਿਆ ਤੇ ਗਿਆਨ ਦੀ ਦੇਵੀ (ਜਿਸਦਾ ਚਾਨਣ ਕਿ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਸਾਹਿਬ ਵਿੱਚ ਵਿਸ਼ਾਲ ਰੂਪ ਵਿੱਚ ਭਰਿਆ ਪਿਆ ਹੈ) ਦਾ ਅਪਮਾਨ ਕਰਨ ਵਾਲੇ ਅਚਾਨਕ ਕਿਹੜੀ ਜੜ੍ਹੀ-ਬੂਟੀ ਘੋਲ਼ ਕੇ ਪੀ ਲਈ ਜਾਂ ਕੋਈ ਗੁਰੂ ਲੱਭ ਲਿਆ ਜਿਸਨੇ ਇਨ੍ਹਾਂ ਨੂੰ ਮੱਤ ਦੇ ਦਿੱਤੀ ਹੋਵੇ ਕਿ ਸੱਚ ਦਾ ਸਾਥ ਦੇਣਾ ਚਾਹੀਦਾ ਹੈ। ਸ਼ਾਇਦ ਸਮਝ ਆ ਗਈ ਹੋਏ ਕਿ ਭਗਵਾਨ ਦੇ ਗਿਆਨ ਨੂੰ ਨਕਾਰਨਾ ਬੁਰੀ ਗੱਲ ਹੈ। ਪਰ ਅਸਲ ਵਿੱਚ ਅਜਿਹਾ ਨਹੀਂ ਹੈ। ਸੱਚ ਨੂੰ ਡੰਗ ਮਾਰਨ ਵਾਲੇ ਨਾਗ਼ ਕਦੇ ਵੀ ਆਪਣਾ ਫ਼ਨ ਫ਼ੈਲਾ ਕੇ ਡੰਗ ਮਾਰਨਾ ਨਹੀਂ ਭੁੱਲਦੇ। ਇਹ ਦਿਖਾਵੇਬਾਜ਼ੀ ਕਰ ਕੇ ਇਨ੍ਹਾਂ ਨੇ ਕੋਈ ਡੰਗਣ ਦਾ ਤਰੀਕਾ ਖੋਜ ਲਿਆ ਹੈ। ਨਹੀਂ ਤਾਂ ਇਨ੍ਹਾਂ ਮੂਰਖ਼ਾਂ ਨੂੰ ਕਿਹੜੀ ਗਿੱਦੜਸਿੰਗੀ ਮਿਲ ਗਈ ਜਿਸ ਨਾਲ ਕਿ ਇਨ੍ਹਾਂ ਵਿੱਚ ਸੱਚ ਦਾ ਰੂਪ ਪ੍ਰਕਾਸ਼ਮਾਨ ਹੋ ਗਿਆ। ਓ ਭਾਈ ਸੋਚੋ! ਜਿਹੜੇ ਲੋਕ ਆਪਣੇ ਗੁਰੂਆਂ, ਪੀਰਾਂ-ਫ਼ਕੀਰਾਂ ਦੇ ਸਕੇ ਨਹੀਂ ਬਣਦੇ ਉਹ ਦੂਸਰੇ ਦੇ ਸਕੇ ਕਿਵੇਂ ਬਣ ਸਕਦੇ ਨੇ ਭਲਾ? ਇਹ ਤਾਂ ਧਾਰਮਿਕ ਸਥਲ ਜਿਹੜੇ ਕਿ ਗੁਰੂਆਂ-ਪੀਰਾਂ ਦਾ ਸਾਂਝਾ ਸਥਲ ਹੈ। ਉੱਥੇ ਵੀ ਰਾਜਨੀਤੀ ਝਾੜਣ ਤੋਂ ਵੀ ਬਾਜ ਨਹੀਂ ਆਉਂਦੇ। ਫਿਰ ਬਾਬਾ ਸਾਹਿਬ ਵਰਗੇ ਮਸੀਹਾ ਦੇ ਸਕੇ ਕਿਵੇਂ ਬਣ ਸਕਦੇ ਨੇ ਇਹ ਚਤੁਰ ਲੋਕ। ਅਸੀਂ ਤੁਹਾਡੇ ਨਾਲ ਹਾਂ ਦਾ ਦਾਅਵਾ ਕਰਨ ਵਾਲੇ ਵਿੱਦਿਆ ਅਥਵਾ ਗਿਆਨ ਤੱਕ ਦੀ ਦੇਵੀ ਦਾ ਅਪਮਾਨ ਤੱਕ ਕਰਨੋਂ ਵੀ ਬਾਜ ਨਹੀਂ ਆਉਂਦੇ। ਇੱਥੇ ਗਿਆਨ ਵਿਹੂਣੇ ਦਸਵੀਂ ਫ਼ੇਲ੍ਹਾਂ ਨੂੰ ਮਾਸਟਰ ਕਹਿ ਕੇ ਮਾਸਟਰ ਡਿਗਰੀਆਂ ਦਾ ਕਿੱਡਾ ਵੱਡਾ ਮਜ਼ਾਕ ਉਡਾਇਆ ਜਾ ਰਿਹਾ ਹੈ। ਜਿਹੜੇ ਆਪ ਤਾਂ ਕੀ ਇਨ੍ਹਾਂ ਦੇ ਬਾਪ-ਦਾਦਾ ਵੀ ਸਕੂਲ ਮਗਰੋਂ ਦੀ ਕੱਟਾ ਲੈ ਕੇ ਨਹੀਂ ਲੰਘੇ ਹੁੰਦੇ ਉਹ ਭਿੱਖਿਆ ਮੰਤਰੀ, ਸਿੱਖਿਆ ਮੰਤਰੀ ਦੀ ਉਪਾਧੀ ਪਾ ਰਹੇ ਹਨ।

ਕੀ ਹੋ ਰਿਹਾ ਹੈ ਸਮਾਜ ਵਿਚਲੇ ਪੜ੍ਹੇ ਲਿਖੇ ਲੋਕ ਧੱਕੇ ਖਾ ਰਹੇ ਹਨ। ਬਿਲਕੁਲ ਘੱਟ ਪੜ੍ਹੇ-ਲਿਖੇ ਜਾਂ ਗੰਵਾਰ ਲੋਕ ਕਿਸੇ ਨਾ ਕਿਸੇ ਮਹਿਕਮੇ ਵਿੱਚ ਅਫ਼ਸਰ ਲੱਗੇ ਹੋਏ ਹੁੰਦੇ ਹਨ। ਇੱਕ ਕਹਾਵਤ ਮਸ਼ਹੂਰ ਹੈ 'ਕਾਲਾ ਅੱਖਰ ਭੈਂਸ ਬਰਾਬਰ' ਅਰਥਾਤ ਸਾਡੇ ਸਮਾਜ 'ਤੇ ਭੈਂਸਾ ਦਾ ਰਾਜ ਚੱਲ ਰਿਹਾ ਹੈ।

ਜੇਕਰ ਬੱਕਰੀ ਵੀ ਮੈਂਅ-ਮੈਂਅ ਕਰਕੇ ਆ ਜਾਵੇ ਤਾਂ ਉਹਨੂੰ ਸਰਕਾਰ ਵੱਲੋਂ ਉੱਚੀ ਉਪਾਧੀ ਮਿਲ ਜਾਵੇਗੀ। ਕਿਉਂਕਿ ਭਾਰਤ ਦੇ ਜ਼ਿਆਦਾ ਸੂਝਵਾਨ ਲੋਕਾਂ ਨੇ ਕਹਿਣਾ ਕਿ ਇਨ੍ਹਾਂ ਨੂੰ ਮੈਂ ਦੀ ਭਾਸ਼ਾ ਦਾ ਗਿਆਨ ਹੈ। ਇਸ ਲਈ ਇਹ ਹੀ ਮਸੀਹਾ ਕਹਾਉਣ ਦੇ ਲਾਇਕ ਹਨ। ਇਹ ਸਾਰੀ ਗੱਲ ਮੈਂ ਪਿਛਲੇ ਸਾਰੇ ਇਤਿਹਾਸ ਵੱਲ ਨਿਗ੍ਹਾ ਮਾਰ ਕੇ ਕਹਿ ਰਿਹਾ ਹਾਂ ਕੋਈ ਆਪਣੇ ਕੋਲੋਂ ਬਿਆਨ ਨਹੀਂ ਕਰ ਰਿਹਾ। ਇਸ ਬਦਨਸ਼ੀਬੀ ਦਾ ਸ਼ਿਕਾਰ, ਸਾਡੇ ਸਾਰੇ ਗੁਰੂ-ਪੀਰ ਵੀ ਹੋਏ ਹਨ। ਰਿਸ਼ੀ ਸੰਬੂਕ ਦਾ ਵੀ ਵੱਢ ਹੀ ਕੀਤਾ ਗਿਆ। ਕਿਸੇ ਨੂੰ ਜ਼ੇਲ੍ਹਾਂ ਵਿੱਚ ਡੱਕ ਦਿੱਤਾ, ਕਿਸੇ ਨੂੰ ਸਲੀਬ 'ਤੇ ਚੜ੍ਹਾ ਦਿੱਤਾ ਤੇ ਕੋਈ ਤੱਤੀਆਂ ਲੋਹਾਂ 'ਤੇ ਬੈਠ ਗਿਆ। ਕਿਉਂਕਿ ਉਨ੍ਹਾਂ ਦੇ ਵਿੱਚ ਮੈਂ ਵਾਲੀ ਕੋਈ ਵੀ ਗੱਲ ਨਹੀਂ ਸੀ। 'ਤੇਰਾ ਭਾਣਾ ਮੀਠਾ ਲਾਗੇ' ਦੀ ਵਾਲੀ ਰੌਸ਼ਨੀ ਹੁੰਦੀ ਹੈ। ਬਾਕੀ ਅੱਜ ਕਿਹੜੀ ਖਿੱਚੜੀ ਪਕਾਈ ਜਾ ਰਹੀ ਹੈ। ਬਾਬਾ ਸਾਹਿਬ ਦੇ ਪੈਰੋਕਾਰਾਂ ਦੁ-ਆਰਾ ਦੁਸ਼ਮਣ ਨੂੰ ਪਹਿਚਾਨਣ ਲਈ ਇਨ੍ਹਾਂ ਮੁਫ਼ਤ ਦੇ ਚੌਧਰੀਆਂ ਦੀਆਂ ਕੋਝੀਆਂ ਚਾਲਾਂ ਨੂੰ ਸਮਝਣਾ ਤੇ ਜਾਨਣਾ ਪਵੇਗਾ।

ਪੜ੍ਹਾਈ ਦੀ ਕਦਰ ਜਿਨ੍ਹਾਂ ਮੂਰਖ਼ ਲੋਕਾਂ ਨੇ ਗਵਾ ਦਿੱਤੀ ਉਹ ਸਿੱਖਿਆ ਦੇ ਪ੍ਰਸਾਰ ਦੇ ਪਹਿਰੇਦਾਰ ਬਾਬਾ ਸਾਹਿਬ ਨੂੰ ਕਦਰ ਵੀ ਕਿਸ ਤਰ੍ਹਾਂ ਦੇ ਸਕਦੇ ਨੇ ਭਲਾ। ਬਾਬਾ ਸਾਹਿਬ ਦੇ ਮਿਸ਼ਨ ਨੂੰ ਅੱਗੇ ਵਧਾਉਣ ਦਾ ਬੀੜਾ ਬਾਬੂ ਕਾਂਸ਼ੀ ਰਾਮ ਨੇ ਚੁੱਕਿਆ ਤਾਂ ਇਹ ਉਹਦੇ ਵੀ ਦੁਸ਼ਮਣ ਬਣ ਗਏ। ਬਾਕੀ ਬਾਬਾ ਸਾਹਿਬ ਦੇ ਲੋਕਤੰਤਰ ਨੂੰ ਵਿਗਾੜ ਕੇ ਐਜੂਕੇਸ਼ਨ ਤੱਕ ਦੀ ਅਹਿਮੀਅਤ ਨੂੰ ਹੀ ਖ਼ਤਮ ਕਰਨ 'ਤੇ ਤੁਲੇ ਹੋਣ ਵਾਲੇ ਬਾਬਾ ਸਾਹਿਬ ਦੇ ਅੰਦਰੋਂ ਵਿਰੋਧੀ ਦਿਖਾਵੇ ਦਾ ਢੋਂਗ ਕਿਉਂ ਰਚਾ ਰਹੇ ਹਨ? ਬਾਬਾ ਸਾਹਿਬ ਦੇ ਨਾਂ 'ਤੇ ਮਾਰਗਾਂ ਦੇ ਨਾਂਅ ਕਿਉਂ ਨਹੀਂ ਰੱਖੇ ਗਏ? ਇਸ ਲਈ ਕਿ ਬਾਬਾ ਸਾਹਿਬ ਦੇ ਪੈਰੋਕਾਰ ਕੱਚੀਆਂ ਡੰਡੀਆਂ 'ਤੇ ਚੱਲਣ?



ਅਨਪੜ੍ਹ ਜਾਂ ਕਾਲਾ ਅੱਖਰ ਭੈਂਸ ਬਰਾਬਰ ਤਾਂ ਮੰਨਿਆ ਕੀ ਤੁਸੀਂ ਬਾਬਾ ਸਾਹਿਬ ਦੇ ਲੋਕਤੰਤਰ ਦੇ, ਉਸਦੀ ਐਜੂਕੇਸ਼ਨ ਦੇ ਅਪਮਾਨ ਨੂੰ ਸਮਝ ਨਹੀਂ ਸਕਦੇ? ਕੀ ਗਧਾ ਘੋੜਾ ਇੱਕ ਹੋ ਗਿਆ। ਪਚਾਸੀ ਪ੍ਰਤੀਸ਼ਤ ਲੋਕਾਂ ਦੇ ਪੰਦਰਾਂ ਪ੍ਰਤੀਸ਼ਤ ਲੋਕ ਮਾਲਕ ਕਿਵੇਂ ਹੋ ਗਏ ਭਲਾ? ਕੀ ਬਾਬਾ ਸਾਹਿਬ ਨੇ ਇਸ ਲੋਕਤੰਤਰ ਦੀ ਨੀਂਹ ਰੱਖੀ ਹੈ ਜਿੱਥੇ ਪਚਾਸੀ ਪ੍ਰਤੀਸ਼ਤ ਲੋਕ ਲੋਕਤੰਤਰ ਤੋਂ ਬਾਹਰ ਆ ਰਹੇ ਹੋਣ? ਬੜੀ ਸ਼ਰਮ ਦੀ ਗੱਲ ਹੈ। ਬਾਕੀ ਅੱਜ ਦੇ ਲੋਕਤੰਤਰ ਦਾ ਹਾਲ ਦੇਖ ਕੇ ਜੇਕਰ ਨੌਜਵਾਨ ਲੜਕੇ-ਲੜਕੀਆਂ ਪੜ੍ਹ-ਲਿਖ ਵੀ ਜਾਂਦੇ ਹਨ ਤਾਂ ਅੱਜ ਲੋਕਤੰਤਰ ਤੋਂ ਦੁਖੀ ਹੋ ਕੇ ਉਹ ਬਾਹਰ ਭੱਜਣ ਦੀ ਹੋੜ ਵਿੱਚ ਹਨ। ਲੜਕੇ ਤਾਂ ਵਿਦੇਸ਼ ਵੱਲ ਭੱਜਦੇ ਹੀ ਹਨ ਪਰ ਲੜਕੀਆਂ ਵੀ ਵਿਦੇਸ਼ੀ ਲਾੜਾ ਹੀ ਲੱਭਦੀਆਂ ਹਨ ਉਸ ਵਿੱਚ ਚਾਹੇ ਵਿਦੇਸ਼ ਵਾਲਾ ਲੜਕਾ, ਲੜਕੀ ਦੇ ਬਾਪ ਦੀ ਉਮਰ ਦਾ ਹੀ ਕਿਉਂ ਨਾ ਹੋਵੇ ਜਾਂ ਲੜਕੀ ਨੇ ਉੱਚ ਵਿੱਦਿਆ ਪ੍ਰਾਪਤ ਕੀਤੀ ਹੈ ਪਰ ਵਿਦੇਸ਼ੀ ਲੜਕਾ ਚਾਹੇ ਬਿਲਕੁਲ ਅਨਪੜ੍ਹ ਹੋਵੇ।

ਬਾਬਾ ਸਾਹਿਬ ਨੇ ਜਿਸ ਲੋਕਤੰਤਰ ਦੀ ਸਥਾਪਨਾ ਕੀਤੀ ਹੈ ਉਸ ਦੀ ਸਥਾਪਤੀ ਦੀ ਨੀਂਹ ਦੀ ਮਜ਼ਬੂਤੀ ਲਈ ਗਿਆਨਵਾਨ ਬਣਨ ਦੀ ਜ਼ਰੂਰਤ ਹੈ। ਜੇਕਰ ਗਿਆਨ ਹੋਵੇਗਾ ਤਾਂ ਦੁਸ਼ਮਣ ਦੀਆਂ ਕੋਝੀਆਂ ਚਾਲਾਂ ਨੂੰ ਸਮਝਣ ਦੀ ਸਮਰੱਥਾ ਉਤਪੰਨ ਹੋਵੇਗੀ। ਜੇਕਰ ਨਹੀਂ ਤਾਂ ਕਦੇ ਵੀ ਬਾਬਾ ਸਾਹਿਬ ਦਾ ਰਾਜ ਨਹੀਂ ਆ ਸਕਦਾ। ਕਿਉਂਕਿ ਦੁਸ਼ਮਣ ਆਪਣੀ ਚਾਲ ਬੜੀ ਚਤੁਰ ਚਾਲਾਕੀ ਨਾਲ ਚੱਲ ਰਿਹਾ ਹੈ। ਜਿਸ ਦੇ ਦੰਦ ਭੰਨਣ ਦੀ ਅੱਜ ਬੇਹੱਦ ਜ਼ਰੂਰਤ ਹੈ। ਅਸਲ ਕੀ ਹੈ? ਅਸਲ ਇਹੋ ਗੱਲ ਧਿਆਨ ਵਿੱਚ ਆਉਂਦੀ ਹੈ ਕਿ ਵਿਰੋਧੀ ਸਾਡੇ ਵਿੱਚ ਹੀ ਬੈਠੇ ਹੋਏ ਹਨ ਤੇ ਸਾਡੇ ਕੁੱਛੜ ਬੈਠ ਕੇ ਸਾਡੀ ਹੀ ਦਾਹੜੀ ਪੁੱਟਣ ਦੀਆਂ ਵਿਉਂਤਾਂ ਗੁੰਦ ਲੈਂਦੇ ਹਨ।

ਵਿਰੋਧੀਆਂ ਦੀ ਪਹਿਚਾਣ ਕਦੋਂ ਹੋਵੇਗੀ? ਉਦੋਂ, ਜਦ ਸਾਡੇ ਗ਼ਰੀਬ ਲੋਕਾਂ ਦੇ ਬੱਚੇ ਵੀ ਪੜ੍ਹ-ਲਿਖ ਜਾਣਦੇ। ਪਰ ਗ਼ਰੀਬ ਵਿਰੋਧੀ ਪ੍ਰਵਿਰਤੀ ਵਾਲੇ ਲੋਕਾਂ ਜਾਂ ਗ਼ਰੀਬਾਂ ਦਾ ਸ਼ੋਸ਼ਣ ਕਰਨ ਵਾਲੇ ਲੋਕਾਂ ਦੀ ਤਾਂ ਇਹੋ ਹੀ ਭੈੜੀ ਸੋਚ ਹੁੰਦੀ ਹੈ ਕਿ ਗ਼ਰੀਬ ਜਾਂ ਗ਼ਰੀਬਾਂ ਦੇ ਬੱਚੇ ਕਿਤੇ ਐਜੂਕੇਸ਼ਨ ਗ੍ਰਹਿਣ ਨਾ ਕਰ ਜਾਣ। ਇਸ ਦੀ ਇਵਜ਼ ਵਿੱਚ ਇਹ ਭੈੜੀਆਂ ਚਾਲਾਂ ਚੱਲਦੇ ਹਨ। ਗ਼ਰੀਬਾਂ ਦੇ ਮਸੀਹਾਂ ਨੂੰ ਦਿਖਾਵੇ ਵਿਚ ਹਾਰ ਪਹਿਨਾਉਣ ਵਾਲਿਆਂ ਦੇ ਦਿਲਾਂ ਵਿੱਚ ਚੋਰ ਹੁੰਦਾ ਹੈ ਕਿ ਉਨ੍ਹਾਂ ਨੂੰ ਆਪਣੇ ਪੱਖ ਵਿੱਚ ਕਰਕੇ ਉਨ੍ਹਾਂ ਦਾ ਸ਼ੋਸ਼ਣ ਕਰ ਸਕਣ। ਉਨ੍ਹਾਂ ਨੂੰ ਲੁੱਟ ਕੇ ਖਾ ਸਕਣ। ਵਿਰੋਧੀਆਂ ਦੀਆਂ ਚਾਲਾਂ ਦਾ ਮੂੰਹ ਤੋੜ ਜਵਾਬ ਦੇਣ ਲਈ ਦਿਖਾਵੇ ਦਾ ਢੋਂਗ ਕਰਨ ਵਾਲੇ ਵਿਰੋਧੀਆਂ ਦੀਆਂ ਲੂੰਬੜ ਚਾਲਾਂ ਨੂੰ ਸਮਝਣ ਦੀ ਲੋੜ ਹੈ। ਕਿਉਂਕਿ ਕੁੱਤੇ ਦੀ ਪੂਛ ਕਦੇ ਵੀ ਸਿੱਧੀ ਨਹੀਂ ਹੁੰਦੀ। ਕ੍ਰਿਪਾ ਕਰਕੇ ਦੁਸ਼ਮਣ ਦਾ ਵਿਸ਼ਵਾਸ ਕਰਕੇ ਬਾਬਾ ਸਾਹਿਬ ਦੇ ਮਾਰਗ ਤੋਂ ਨਾ ਭਟਕੋ। ਜੇ ਸੱਚ ਨੂੰ ਪਹਿਚਾਣ ਜਾਓਗੇ ਤਦ ਹੀ ਪਚਾਸੀ ਪ੍ਰਤੀਸ਼ਤ ਲੋਕ ਪੰਦਰਾਂ ਪ੍ਰਤੀਸ਼ਤ ਲੋਕਾਂ ਦੀਆਂ ਚਾਲਾਂ ਦਾ ਜਵਾਬ ਸਹੀ ਤਰੀਕੇ ਨਾਲ ਦੇ ਸਕਦੇ ਹਨ।

# ਦੱਖਣੀ ਕੋਰੀਆ ਨੇ ਕੀਤਾ ਕਮਾਲ: ਬਣਾਇਆ ਨਵਾਂ ਸੂਰਜ

ਸੰਜੀਵ ਝਾਂਜੀ, ਜਗਰਾਉਂ (80049 10000)

ਦੁਨੀਆ ਭਰ ਵਿੱਚ ਆਬਾਦੀ ਦੇ ਲਗਾਤਾਰ ਵਾਧੇ ਅਤੇ ਨਿਤ ਨਵੀਂ ਤਕਨੀਕ ਵਿਕਸਿਤ ਹੋਣ ਦੇ ਨਾਲ ਸਾਡੀਆਂ ਊਰਜਾ ਦੀਆਂ ਲੋੜਾਂ ਲਗਾਤਾਰ ਵੱਧਦੀਆਂ ਜਾ ਰਹੀਆਂ ਹਨ। ਸਾਡਾ ਹਰ ਕਾਰਜ ਊਰਜਾ ਤੇ ਨਿਰਭਰ ਹੈ ਅਤੇ ਅਸੀਂ ਊਰਜਾ 'ਤੇ। ਊਰਜਾ ਦੀ ਲਗਾਤਾਰ ਮੰਗ ਵਧਣ ਦੇ ਕਾਰਨ ਸਾਨੂੰ ਊਰਜਾ ਦੇ ਹੋਰ ਵਸੀਲੇ ਲੱਭਣੇ ਪੈ ਰਹੇ ਹਨ। ਵਿਗਿਆਨੀ ਚਿਰਾਂ ਤੋਂ ਅਤੇ ਲਗਾਤਾਰ ਇਹਨਾਂ ਵਸੀਲਿਆਂ ਦੀ ਭਾਲ ਵਿੱਚ ਹਨ।



ਆਮ ਤੌਰ ਤੇ ਊਰਜਾ ਦੀ ਪ੍ਰਾਪਤੀ ਦੇ ਲਈ ਦੋ ਤਰ੍ਹਾਂ ਦੇ ਤਰੀਕੇ ਅਪਣਾਏ ਜਾਂਦੇ ਹਨ। ਇਕ ਨੂੰ ਨਾਭਿਕ-ਵਿਖੰਡਨ (ਨਿਊਕਲੀਅਰ ਵਿਖੰਡਨ) ਕਿਹਾ ਜਾਂਦਾ ਹੈ ਅਤੇ ਦੂਜੇ ਨੂੰ ਨਾਭਿਕ-ਜੋੜਕ (ਨਿਊਕਲੀਅਰ ਸੰਯੋਜਨ)। ਨਾਭਿਕ-ਵਿਖੰਡਨ ਤਕਨੀਕ ਪਰਮਾਣੂ ਬੰਬਾਂ ਵਿੱਚ ਵਰਤੀ ਜਾਂਦੀ ਹੈ ਅਤੇ ਪਰਮਾਣੂ ਰਿਐਕਟਰਾ ਰਾਹੀਂ ਇਸ ਤੋਂ ਬਿਜਲੀ ਪ੍ਰਾਪਤ ਕੀਤੀ ਜਾਂਦੀ ਹੈ। ਇਸ ਵਿੱਚ ਬੇਕਾਬੂ ਕਿਰਿਆ ਨੂੰ ਕਾਬੂ ਕਰਕੇ ਬਿਜਲੀ ਦੀ ਜਾਂ ਊਰਜਾ ਦੀ ਪ੍ਰਾਪਤੀ ਹੁੰਦੀ ਹੈ। ਊਰਜਾ ਪ੍ਰਾਪਤੀ ਤੋਂ ਬਾਅਦ ਬਚੇ ਵਾਧੂ ਪਦਾਰਥ ਨੂੰ ਨਿਪਟਾਉਣਾ ਬੜਾ ਔਖਾ ਹੈ ਅਤੇ ਇਸੇ ਲਈ ਇਸ ਤਕਨੀਕ ਨੂੰ ਜਿਆਦਾ ਲਾਹੇਵੰਦ ਨਹੀਂ ਮੰਨਿਆ ਜਾਂਦਾ।

ਦੂਜੇ ਪਾਸੇ ਸਾਡੇ ਕੋਲ ਨਾਭਿਕ ਜੋੜਕ (ਨਿਊਕਲੀਅਰ ਸੰਜੋਜਨ) ਨਾਂ ਦੀ ਕਿਰਿਆ ਹੈ। ਇਹ ਉਹ ਕਿਰਿਆ ਹੈ, ਜਿਸ ਵਿੱਚ ਦੋ ਜਾਂ ਦੋ ਤੋਂ ਵੱਧ ਪਰਮਾਣੂ ਜੁੜ ਕੇ ਇੱਕ ਨਵਾਂ ਪਰਮਾਣੂ ਬਣਾਉਂਦੇ ਹਨ ਅਤੇ ਬਹੁਤ ਸਾਰੀ ਊਰਜਾ ਦਿੰਦੇ ਹਨ। ਇਹ ਕਿਰਿਆ ਆਮ ਤੌਰ ਤੇ ਤਾਰਿਆਂ ਅਤੇ ਸੂਰਜ ਵਿੱਚ ਹੁੰਦੀ ਹੈ। ਸੂਰਜ ਦੇ ਸਭ ਤੋਂ ਗਰਮ ਭਾਗ ਜਿਸ ਨੂੰ ਕੋਰ ਕਿਹਾ ਜਾਂਦਾ ਹੈ, ਦਾ ਤਾਪਮਾਨ ਲਗਭਗ ਡੇਢ ਕਰੋੜ ਡਿਗਰੀ ਸੈਲਸੀਅਸ ਹੁੰਦਾ ਹੈ। ਇਸ ਦੀ ਗਰਮੀ ਦਾ ਅੰਦਾਜ਼ਾ ਤੁਸੀਂ ਇਸ ਗੱਲ ਤੋਂ ਲਗਾ ਸਕਦੇ ਹੋ ਕਿ ਸੂਰਜ ਤੋਂ ਲੱਖਾਂ ਕਿਲੋਮੀਟਰ ਦੂਰ ਸਥਿਤ ਧਰਤੀ ਤੇ ਵੀ ਅਸੀਂ ਉਸ ਦਾ ਸੇਕ ਮਹਿਸੂਸ ਕਰਦੇ ਹਾਂ ਜਾਂ ਦੂਜੇ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਧਰਤੀ ਤੇ ਜੀਵਨ ਵੀ ਉਸੇ ਗਰਮੀ ਦੇ ਕਾਰਨ ਹੀ ਹੈ। ਕਾਫੀ ਦੇਰ ਤੋਂ ਦੁਨੀਆਂ ਭਰ ਦੇ ਵਿਗਿਆਨੀ ਇਸ ਤਕਨੀਕ ਦੀ ਵਰਤੋਂ ਕਰਕੇ ਨਕਲੀ ਸੂਰਜ ਬਣਾਉਣ ਲਈ ਮਗਜ ਖਪਾਈ ਕਰ ਰਹੇ ਹਨ। ਇਸ ਦੌੜ ਵਿੱਚ ਚੀਨ, ਦੱਖਣੀ ਕੋਰੀਆ, ਅਮਰੀਕਾ ਅਤੇ ਫਰਾਂਸ ਸ਼ਾਮਲ ਹਨ। ਇੰਨ੍ਹਾ ਚੋਂ ਹੁਣ ਦੱਖਣੀ ਕੋਰੀਆ ਦੇ ਵਿਗਿਆਨੀਆਂ ਨੇ ਇੱਕ ਨਵਾਂ ਹੀ ਸੂਰਜ ਬਣਾ ਕੇ ਬਾਜੀ ਮਾਰ ਲਈ ਹੈ। ਇਸ ਦੇ ਵਿਗਿਆਨੀਆਂ ਨੇ ਨਾਭਿਕ ਜੋੜਕ (ਨਿਊਕਲੀਅਰ ਸੰਯੋਜਨ) ਪ੍ਰਤੀਕਿਰਿਆ ਰਾਹੀਂ 10 ਕਰੋੜ ਡਿਗਰੀ ਸੈਲਸੀਅਸ ਦਾ ਤਾਪਮਾਨ ਪੈਦਾ ਕਰਕੇ ਵਿਸ਼ਵ ਰਿਕਾਰਡ ਬਣਾਇਆ ਹੈ। ਇਹ ਤਾਪਮਾਨ ਸੂਰਜ ਦੇ ਤਾਪਮਾਨ ਤੋਂ ਲਗਭਗ ਸੱਤ ਗੁਣਾ ਜਿਆਦਾ ਹੈ। ਕੋਰੀਆਈ ਇੰਸਟੀਚਿਊਟ ਆਫ ਐਨਰਜੀ ਦੇ ਇਸ ਨਕਲੀ ਸੂਰਜ ਨੇ ਦਸੰਬਰ 2023 ਅਤੇ ਫਰਵਰੀ 2024 ਵਿਚਕਾਰ ਟੈਸਟਾਂ ਦੌਰਾਨ 48 ਸਕਿੰਟਾਂ ਲਈ 10 ਕਰੋੜ ਡਿਗਰੀ ਦੇ ਤਾਪਮਾਨ ਦੇ ਨਾਲ ਪਲਾਜ਼ਮਾ ਨੂੰ ਬਣਾਈ ਰੱਖਣ ਵਿੱਚ ਕਾਮਯਾਬੀ ਹਾਸਿਲ ਕੀਤੀ ਸੀ। ਇਸ ਤੋਂ ਪਹਿਲਾ ਰਿਕਾਰਡ 2021 ਵਿੱਚ 30 ਸਕਿੰਟਾਂ ਦਾ ਸੀ। ਪਲਾਜ਼ਮਾ ਦੀ ਅਸਥਿਰ ਪ੍ਰਕਿਰਤੀ ਅਤੇ ਇੰਨ੍ਹੇ ਜਿਆਦਾ ਤਾਪਮਾਨ ਦੇ ਕਾਰਨ ਇੰਨ੍ਹਾ ਜਿਆਦਾ ਤਾਪਮਾਨ ਬਰਕਰਾਰ ਰੱਖਣਾ ਬੜਾ ਹੀ ਔਖਾ ਕਾਰਜ ਹੈ। ਇਸ ਲਈ ਇਹ ਤਾਜ਼ਾ ਰਿਕਾਰਡ ਬਹੁਤ ਅਹਮੀਅਤ ਰਖਦਾ ਹੈ। ਨਾਭਿਕ-ਜੋੜਕ ਕਿਰਿਆ ਉਦੋਂ ਹੀ ਹੁੰਦੀ ਹੈ ਜਦੋਂ ਪਰਮਾਣੂ ਬਹੁਤ ਜ਼ਿਆਦਾ ਗਰਮੀ ਅਤੇ ਦਬਾਅ ਹੇਠ ਹੁੰਦੇ ਹਨ। ਅਜਿਹੀ ਸਥਿਤੀ ਵਿੱਚ, ਧਰਤੀ ਉੱਤੇ ਇਸ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਇੱਕ ਵਿਸ਼ੇਸ਼ ਚੈਂਬਰ ਦੀ ਲੋੜ ਹੁੰਦੀ ਹੈ। ਵਿਗਿਆਨੀਆਂ ਦਾ ਟੀਚਾ 2026 ਤੱਕ ਘੱਟੋ-ਘੱਟ 5 ਮਿੰਟਾਂ ਲਈ ਪਲਾਜ਼ਮਾ ਦੇ ਤਾਪਮਾਨ ਨੂੰ 10 ਕਰੋੜ ਡਿਗਰੀ ਸੈਲਸੀਅਸ 'ਤੇ ਬਣਾਈ ਰੱਖਣ ਦਾ ਹੈ।

ਨਕਲੀ ਸੂਰਜ ਬਣਾਉਣ 'ਚ ਸਫਲਤਾ ਮਿਲਣ ਤੋਂ ਬਾਅਦ ਵਿਗਿਆਨੀਆਂ ਨੂੰ ਕਈ ਫਾਇਦੇ ਮਿਲਣਗੇ। ਜੈਵਿਕ ਬਾਲਣ ਨੂੰ ਸਾੜਨ ਦੇ ਉਲਟ, ਇਹ ਪ੍ਰਕਿਰਿਆ ਕੋਈ ਪ੍ਰਦੂਸ਼ਣ ਪੈਦਾ ਨਹੀਂ ਕਰਦੀ। ਘੱਟੋ-ਘੱਟ ਰੇਡੀਓਐਕਟਿਵ ਰਹਿੰਦ-ਖੂੰਹਦ ਪੈਦਾ ਕਰਦੀ ਹੈ। ਬੇਅੰਤ ਊਰਜਾ ਪੈਦਾ ਹੁੰਦੀ ਹੈ, ਜੋ ਟਿਕਾਊ ਅਤੇ ਵਾਤਾਵਰਣ-ਪੱਖੀ ਹੈ। ਪਰ, ਧਰਤੀ 'ਤੇ ਇਸ ਪ੍ਰਕਿਰਿਆ ਵਿੱਚ ਮੁਹਾਰਤ ਹਾਸਲ ਕਰਨਾ ਬਹੁਤ ਚੁਣੌਤੀਪੂਰਨ ਕਾਰਜ ਹੈ। ਇਸ ਕਿਰਿਆ ਵਿੱਚ ਕੋਈ ਗਰੀਨ ਹਾਊਸ ਪ੍ਰਭਾਓ ਪੈਦਾ ਕਰਨ ਵਾਲੀ ਗੈਸ ਵੀ ਪੈਦਾ ਨਹੀਂ ਹੁੰਦੀ। ਇਸ ਨਾਲ ਜਿੱਥੇ ਸਾਡੀਆਂ ਊਰਜਾ ਸਬੰਧੀ ਲੋੜਾਂ ਪੂਰੀਆਂ ਹੋਣਗੀਆਂ ਉੱਥੇ ਪੁਲਾੜ ਦੀਆਂ ਖੋਜਾਂ ਵਿੱਚ ਵੀ ਇਹ ਮਹੱਤਵਪੂਰਨ ਰੋਲ ਅਦਾ ਕਰ ਸਕਦੀ ਹੈ ਕਿਉਂਕਿ ਪੁਲਾੜ ਦੀਆਂ ਖੋਜਾਂ ਵਿੱਚ ਮਿਸ਼ਨ ਤੇ ਜਾ ਕੇ ਊਰਜਾ ਸਰੋਤ ਕੰਮ ਕਰਨਾ ਬੰਦ ਕਰ ਦਿੰਦੇ ਹਨ ਜਾਂ ਖਤਮ ਹੋ ਜਾਂਦੇ ਹਨ। ਇਸ ਲਈ ਨਾਭਕੀ ਜੋੜਕ ਕਿਰਿਆ ਰਾਹੀਂ ਥੋੜਾ ਜਿਹਾ ਬਾਲਣ ਵਰਤ ਕੇ ਬਹੁਤ ਸਾਰੀ ਊਰਜਾ ਪ੍ਰਾਪਤ ਕਰਕੇ ਅਗਾਂਹ ਦੀਆਂ ਖੋਜਾਂ ਕੀਤੀਆਂ ਜਾ ਸਕਦੀਆਂ ਹਨ। ਭਵਿੱਖ ਚ ਇਹ ਊਰਜਾ ਤਕਨੀਕ ਮੀਲ-ਪੱਥਰ ਸਾਬਤ ਹੋ ਸਕਦੀ ਹੈ।

## ਓਸ ਭੀਮ ਦੀ ਗੱਲ ਕਰੀਏ

ਲਿਖ ਗਿਆ ਜੋ ਸੰਵਿਧਾਨ ਦੇਸ਼ ਦਾ ਓਸ ਭੀਮ ਦੀ ਗੱਲ ਕਰੀਏ
ਕਾਫਲਾ ਮੰਜ਼ਿਲ ਤੇ ਪਹੁੰਚਾ ਕੇ ਹਰ ਮਸਲੇ ਦਾ ਹੱਲ ਕਰੀਏ
ਲਿਖਤਾਂ ਸਾਨੂੰ ਦੇ ਗਿਆ ਲਿਖ ਕੇ ਸੋਚੋ ਪੜ੍ਹੋ ਵਿਚਾਰੋ
ਬਈ ਆਪਣੀ ਕਿਸਮਤ ਆਪ ਲਿਖਣ ਲਈ ਉੱਠੋ ਹੰਬਲਾ ਮਾਰੋ ਬਈ
ਆਪਣੀ ਹੱਕਾਂ ਦੇ ਲਈ ਸੱਜਣੋ ਕਦੇ ਵੀ ਅੱਜ ਅਤੇ ਕੱਲ ਕਰੀਏ
ਲਿਖ ਗਿਆ ਜੋ ਸੰਵਿਧਾਨ ਦੇਸ਼ ਦਾ .....

ਭੀਮ ਕਲਮ ਦੇ ਨਾਲ ਦਵਾਈ ਹਰ ਦੁੱਖੜੇ ਦੀ ਵੰਡ ਗਿਆ
ਉਠੋ ਮੇਰੇ ਦੇਸ਼ ਵਾਸੀਓ ਲਾਹ ਸਿਰ ਤੋਂ ਉਹ ਪੰਡ ਗਿਆ
ਆਪਸ ਵਿੱਚ ਹੋ ਇਕੱਠੇ ਜਾਈਏ ਗੱਲ ਦਿੱਲੀ ਦੀ ਰਲ ਕਰੀਏ
ਲਿਖ ਗਿਆ ਜੋ ਸੰਵਿਧਾਨ ਦੇਸ਼ ਦਾ .....

ਝੰਡਾ ਡੰਡਾ ਫੰਡਾ ਦੇ ਗਿਆ ਗੁੜਤੀ ਅਣਖ ਨਾ ਜੀਣੇ ਦੀ
ਸੋਚ ਤੇ ਪਹਿਰਾ ਦਿਓ ਲੋੜ ਨਹੀਂ ਲਹੂਆਂ ਦੇ ਘੁੱਟ ਪੀਣੇ ਦੀ
ਸਾਡੇ ਹੱਕ ਹੁਣ ਇੱਥੇ ਰੱਖ ਗੱਲ ਆਪਣੇ ਹੀ ਨਿੱਜ ਬੱਲ ਕਰੀਏ
ਲਿਖ ਗਿਆ ਜੋ ਸੰਵਿਧਾਨ ਦੇਸ਼ ਦਾ .....

'ਚੁੰਬਰਾ' ਸਾਡੇ ਰਹਿਬਰ ਸਾਨੂੰ ਹਰ ਗੁੰਝਲ ਸਮਝਾ ਤੁਰ ਗਏ
ਟੇਡਿਆਂ ਰਾਹਾਂ ਤੋਂ ਫੜ ਸਾਨੂੰ ਪਾ ਕੇ ਅਸਲੀ ਰਾਹ ਤੁਰ ਗਏ
ਸੋਚ ਸਮਝ ਦੇ ਹਾਣੀ ਬਣ ਕੇ ਗੱਲ ਥਾਂ ਆਪਣੀ ਮੱਲ ਕਰੀਏ
ਲਿਖ ਗਿਆ ਜੋ ਸੰਵਿਧਾਨ ਦੇਸ਼ ਦਾ .....

- ਕੁਲਦੀਪ ਚੁੰਬਰ



**ਜਨਮ ਦਿਨ 'ਤੇ ਵਿਸ਼ੇਸ਼**

# ਸਾਹਿਬਜਾਦਾ ਜੁਝਾਰ ਸਿੰਘ ਜੀ



ਡਾ. ਚਰਨਜੀਤ ਸਿੰਘ ਗੁਮਟਾਲਾ
91-9417533060

ਆਪ ਜੀ ਦਸ਼ਮੇਸ਼ ਪਿਤਾ ਜੀ ਦੇ ਦੂਜੇ ਪੁੱਤਰ ਸਨ। ਆਪ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਸੰਮਤ 1747 (14 ਮਾਰਚ 1691 ਈ.) ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਆਪ ਦਾ ਦਾ ਪਾਲਣ-ਪੋਸ਼ਣ ਵੀ ਬਾਬਾ ਅਜੀਤ ਸਿੰਘ ਜੀ ਵਾਂਗ ਹੀ ਹੋਇਆ। ਆਪ ਜੀ ਨੇ ਧਾਰਮਿਕ ਵਿਦਿਆ, ਸ਼ਸਤਰ ਵਿਦਿਆ ਅਤੇ ਰਣਨੀਤੀ ਗ੍ਰਹਿਣ ਕੀਤੀ। ਅੱਠ ਸਾਲ ਦੀ ਉਮਰ ਵਿੱਚ ਅੰਮ੍ਰਿਤ ਪਾਨ ਕੀਤਾ। ਆਪ ਜੀ ਵੀ ਗੁਰੂ ਪਿਤਾ ਅਤੇ ਵੱਡੇ ਭਰਾਤਾ ਬਾਬਾ ਅਜੀਤ ਸਿੰਘ ਤੇ ਹੋਰ ਮਰਜੀਵੜੇ ਸਿੰਘਾਂ ਨਾਲ ਚਮਕੌਰ ਸਾਹਿਬ ਪਹੁੰਚੇ।

ਬਾਬਾ ਜੁਝਾਰ ਸਿੰਘ ਜੀ ਨੇ ਗੜ੍ਹੀ ਦੀ ਅਟਾਰੀ ਤੇ ਬੈਠ ਕੇ ਸਿੰਘਾਂ ਸੂਰਮਿਆਂ ਅਤੇ ਬਾਬਾ ਅਜੀਤ ਸਿੰਘ ਜੀ ਦਾ ਜੰਗ ਵੇਖਿਆ। ਜਦੋਂ ਬਾਬਾ ਅਜੀਤ ਸਿੰਘ ਜੀ ਸ਼ਹੀਦ ਹੋ ਗਏ ਤਾਂ ਬਾਬਾ ਜੁਝਾਰ ਸਿੰਘ ਜੀ ਦਾ ਖ਼ੂਨ ਖੌਲਿਆ ਤੇ ਜੰਗ ਕਰਨ ਦੀ ਲਾਲਸਾ ਪ੍ਰਬਲ ਹੋ ਉੱਠੀ। ਗੁਰੂ ਪਿਤਾ ਜੀ ਤੋਂ ਆਗਿਆ ਮੰਗੀ। ਇਸ ਘਟਨਾ ਨੂੰ ਅੱਲਾ ਯਾਰ ਖਾਂ ਇਉਂ ਬਿਆਨ ਕਰਦੇ ਹਨ :-

ਬੇਟੇ ਕੋ ਸ਼ਹਾਦਤ ਮਿਲੀ ਦੇਖਾ ਜੋ ਪਿਦਰ ਨੇ।
ਇਸ ਵਕਤ ਕਹਾ ਨੰਨੇ ਸੇ ਮਾਸੂਮ ਪਿਸਰ ਨੇ।
ਰੁਖਸਤ ਹਮੇਂ ਦਿਲਵਾਉ ਪਿਤਾ ਜਾਏਗੇ ਮਰਨੇ।




ਪਿਤਾ ਦੇ ਸਾਹਮਣੇ ਵੱਡਾ ਬੇਟਾ ਸ਼ਹੀਦ ਹੋ ਗਿਆ। ਛੋਟੇ ਪੁੱਤਰ ਨੇ ਵੇਖ ਕੇ ਪਿਤਾ ਗੁਰੂ ਤੋਂ ਆਗਿਆ ਮੰਗੀ ਕਿ ਮੈਨੂੰ ਵੀ ਰਣ ਤੱਤੇ ਵਿੱਚ ਕੁੱਦਣ ਦਿਓ। ਬਾਬਾ ਜੁਝਾਰ ਸਿੰਘ ਜੀ ਦੀ ਬੇਨਤੀ ਸੁਣ ਕੇ ਪਿਤਾ ਗੁਰੂ ਜੀ ਨੇ ਫਰਮਾਇਆ, ਬੇਟਾ ਤੁਸੀਂ ਪੰਥ ਦੀ ਬੇੜੀ ਦੇ ਮਲਾਹ ਹੋ, ਸੀਸ ਭੇਟ ਕਰੋ ਤਾਂ ਜੋ ਧਰਮ ਦਾ ਬੇੜਾ ਪਾਰ ਲੱਗੇ। ਜਾਓ ਤੁਹਾਨੂੰ ਵੱਡੇ ਭਾਈ ਬਾਬਾ ਅਜੀਤ ਸਿੰਘ ਜੀ ਉਡੀਕ ਰਹੇ ਹਨ। ਮੇਰੀ ਚਾਹਨਾ ਹੈ ਕਿ ਮੈਂ ਤੈਨੂੰ ਜੰਗ ਵਿੱਚ ਬਰਛੀ ਚਲਾਉਂਦੇ ਤੇ ਬਰਛੀ ਦਾ ਵਾਰ ਸਹਿੰਦੇ ਹੋਏ ਵੇਖਾਂ। ਪਿਤਾ ਗੁਰੂ ਜੀ ਨੇ ਆਗਿਆ ਦਿੱਤੀ ਸ਼ਸਤਰ ਸਜਾਏ ਅਤੇ ਪੰਜ ਸਿੰਘ ਨਾਲ ਤੋਰੇ। ਕਵਿ ਸੈਨਾ ਪਤਿ ਲਿਖਦੇ ਹਨ :-

ਜਬ ਦੇਖਿਓ ਜੁਝਾਰ ਸਿੰਘ ਸਮਾਂ ਪਹੁੰਚਿਓ ਆਨ।
ਦੌਰਿਓ ਦਲ ਮੈਂ ਧਾਇ ਕੈ ਕਰ ਮਹਿ ਗਹੀ ਕਮਾਨ।

ਬਾਬਾ ਜੁਝਾਰ ਸਿੰਘ ਜੀ ਨੂੰ ਰਣ ਵਿੱਚ ਜੂਝਣ ਦਾ ਕਿੰਨਾ ਚਾਓ ਸੀ :-

ਐਸੇ ਰੌਰੇ ਜਬ ਉਹਾ ਭਇਓ। ਸਾਹਿਬ ਜੁਝਾਰ ਸਿੰਘ ਮਨ ਮਹਿ ਠਯੋ।
ਅਬ ਜੀਵਨ ਕੋ ਕੁਛ ਧ੍ਰਮ ਨਹੀਂ। ਪੁਤ੍ਰ ਜੀਵੈ ਲੜ ਪਿਤਾ ਮਰਾਹੀ।

ਬਾਬਾ ਅਜੀਤ ਸਿੰਘ ਜੀ ਤੋਂ ਬਾਅਦ ਜਦੋਂ ਬਾਬਾ ਜੁਝਾਰ ਸਿੰਘ ਰਣ ਤੱਤੇ ਵਿੱਚ ਗਰਜੇ ਤਾਂ ਵੈਰੀ ਦਲਾਂ ਵਿੱਚ ਸਹਿਮ ਛਾ ਗਿਆ। ਦੁਸ਼ਮਣ ਅੱਗੇ ਅੱਗੇ ਭੱਜਣ ਲੱਗੇ ,ਡਰ ਦੇ ਮਾਰੇ ਕੋਈ ਨੇੜੇ ਨਹੀਂ ਢੁੱਕਦਾ ਸੀ। ਜੰਗ ਵਿੱਚ ਲੋਥਾਂ ਦੇ ਢੇਰ ਲੱਗ ਗਏ। ਸਾਹਿਜ਼ਾਦੇ ਦੇ ਨੇਜ਼ੇ ਨੇ ਐਸੇ ਕਮਾਲ ਦਿਖਾਏ ਕਿ ਮੁਗਲ ਫੌਜਾਂ ਹੈਰਾਨ ਰਹਿ ਗਈਆਂ ਕਿ ਇਤਨੀ ਛੋਟੀ ਉਮਰ ਵਿੱਚ ਨੇਜ਼ਾ ਬਾਜ਼ੀ ਦੀ ਇਤਨੀ ਮੁਹਾਰਤ ਅਤੇ ਨਿਰਭੈਤਾ। ਯੋਗੀ ਅੱਲਾ ਯਾਰ ਖਾਂ ਜੀ ਇਸ ਤਰ੍ਹਾਂ ਲਿਖਦੇ ਹਨ :-


ਦਸ ਬੀਸ ਕੋ ਜਖਮੀ ਕੀਆ ਦਸ ਬੀਸ ਕੋ ਮਾਰਾ।
ਇਕ ਹਮਲੇ ਮੇਂ ਇਸ ਏਕ ਨੇ ਇੱਕੀਸ ਕੋ ਮਾਰਾ।
ਖੰਨਾਸ ਕੋ ਮਾਰਾ ਕਭੀ ਇਬਲੀਸ ਕੋ ਮਾਰਾ।
ਗੁਲ ਮਚ ਗਿਆ ਇਕ ਤਿਫਲ ਨੇ ਚਾਲੀਸ ਕੋ ਮਾਰਾ।
ਬਚ ਬਚ ਕੇ ਲੜੋ ਕਲਗੀਓ ਵਾਲੇ ਕੇ ਪਿਸਰ ਸੇ।
ਯਿਹ ਨੀਮਚਾਂ ਲਾਏ ਹੈਂ ਗੁਰੂ ਜੀ ਕੀ ਕਮਰ ਸੇ।

ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਘਮਸਾਨ ਮਚਾ ਦਿੱਤਾ। ਇੱਕੋ ਹਮਲੇ ਵਿੱਚ 21 ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਰਾਂਖਸ਼ਾਂ ਵਰਗੇ ਦੈਂਤ ਪਠਾਣਾਂ ਨੂੰ ਪਰੇ ਦਿੱਤਾ। ਸਾਰੇ ਰੌਲਾ ਮਚ ਗਿਆ ਕਿ ਕਲਗੀਧਰ ਦੇ ਬੀਰ ਸਪੂਤ ਤੋਂ ਬਚ ਕੇ ਲੜੋ ।ਇਹਨਾਂ ਕੋਲ ਪਿਤਾ ਗੁਰੂ ਜੀ ਦਾ ਬਖਸ਼ਿਆ ਖੰਡਾ ਹੈ।

ਪਰ ਪੰਜ ਭੁੱਖੇ ਸਿੰਘ ਲੱਖਾਂ ਦਾ ਮੁਕਾਬਲਾ ਕਿੰਨੀ ਕੁ ਦੇਰ ਕਰ ਸਕਦੇ ਸਨ। ਸਾਹਿਬਜ਼ਾਦੇ ਨੂੰ ਲੜਦਿਆਂ ਲੜਦਿਆਂ ਸ਼ਾਮ ਪੈ ਗਈ। ਉਸ ਸਮੇਂ ਇੱਕ ਤੀਰ ਆ ਕੇ ਬਾਬਾ ਜੁਝਾਰ ਸਿੰਘ ਦੇ ਦਿਲ ਵਿੱਚ ਲੱਗਾ। ਮਾਨੋ ਇਹ ਤੀਰ ਕਲੇਜੇ ਵਿੱਚ ਨਹੀਂ ਸਗੋਂ ਫੁੱਲ ਵਿੱਚ ਕੰਡਾ ਵੱਜਾ ਹੈ। ਸਾਰੇ ਪਾਸੇ ਹਨੇਰਾ ਛਾ ਗਿਆ। ਹਾ-ਹਾ ਕਾਰ ਮਚ ਗਈ। ਦਸਮੇਸ਼ ਪਿਤਾ ਦਾ ਲਾਡਲਾ ਸਪੂਤ ਭੁਆਟਣੀ ਖਾ ਕੇ ਜ਼ਮੀਨ 'ਤੇ ਡਿੱਗ ਗਿਆ।

ਇਸ ਤਰ੍ਹਾਂ ਨਾਲ ਸਾਹਿਬ ਜੁਝਾਰ ਸਿੰਘ ਜੀ ਆਪਣੇ ਵੱਡੇ ਭਰਾ ਅਜੀਤ ਸਿੰਘ ਦੇ ਨਾਲ ਰਲ ਕੇ ਬਾਬਾ ਗੁਰੂ ਤੇਗ ਬਹਾਦਰ ਜੀ ਦੀ ਗੋਦ ਵਿੱਚ ਜਾ ਬੈਠੇ। ਸੂਰਜ ਵੀ ਅਸਤ ਹੋ ਗਿਆ ਮਾਨੋ ਮੁਗਲਾਂ ਦੇ ਰਾਜ ਦਾ ਸੂਰਜ ਹੀ ਡੁੱਬ ਗਿਆ। ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਯਾਦਗਾਰ ਚਮਕੌਰ ਸਾਹਿਬ ਵਿੱਚ ਗੁਰਦੁਆਰਾ ਕਤਲ ਗੜ੍ਹ ਸਾਹਿਬ ਅਤੇ ਗੜ੍ਹੀ ਸਾਹਿਬ ਸੁਸ਼ੋਭਿਤ ਹੈ, ਯੋਗੀ ਅੱਲਾ ਯਾਰ ਖਾਂ ਕਹਿੰਦੇ ਹਨ :-

ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ।
ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲੀਏ।
ਚਮਕ ਹੈ ਮਿਹਰ ਕੀ ਚਮਕੌਰ! ਥੇਰੇ ਜ਼ਰਰੋ ਮੇਂ।
ਯਹੀਂ ਸੇ ਬਨ ਕੇ ਸਤਾਰੇ ਗਏ ਸ਼ਮਾਂ ਕੇ ਲੀਏ।




ਗੁਰੂ ਗੋਬਿੰਦ ਕੇ ਲ਼ਖ਼ਤਿ ਜਿਗਰ ਅਜੀਤੋ ਜੁਝਾਰ।
ਫਲਕ ਪਿ ਇਕ ਯਹਾਂ ਦੋ ਚਾਂਦ ਹੈ ਜਿਯਾ ਕੇ ਲੀਏ।

ਯੋਗੀ ਜੀ ਕਿੰਨਾ ਸੁੰਦਰ ਬਿਆਨ ਕਰਦੇ ਹਨ ਕਿ ਹਿੰਦੁਸਤਾਨ ਵਿੱਚ ਯਾਤਰਾ ਕਰਨ ਲਈ ਕੇਵਲ ਇੱਕੋ ਇੱਕ ਤੀਰਥ ਹੈ, ਚਮਕੌਰ ਸਾਹਿਬ। ਜਿੱਥੇ ਕਿ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬੇਟੇ ਧਰਮ ਤੋਂ ਕੁਰਬਾਨ ਕੀਤੇ। ਚਮਕੌਰ ਸਾਹਿਬ ਦੇ ਕਿਣਕੇ ਕਿਣਕੇ ਵਿੱਚ ਕੁਰਬਾਨੀ ਰੂਪੀ ਸੂਰਜ ਦੀ ਚਮਕ ਹੈ।

ਇਥੋਂ ਹੀ ਸ਼ਹੀਦੀ ਪਰਵਾਨੇ ਉੱਠੇ ਤੇ ਆਕਾਸ਼ 'ਤੇ ਪਹੁੰਚ ਗਏ ਭਾਵ ਅਮਰ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਸਪੂਤ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਮਾਨੋਂ ਦੋ ਚੰਦ ਇਸ ਅਸਥਾਨ ਨੂੰ ਰੋਸ਼ਨ ਕਰ ਰਹੇ ਹਨ। ਸ਼ਹੀਦ ਬੀਬੀ ਸ਼ਰਨ ਕੌਰ ਚਮਕੌਰ ਸਾਹਿਬ ਦੇ ਲਾਗਲੇ ਪਿੰਡ ਰਾਏ ਪੁਰ ਦੀ ਰਹਿਣ ਵਾਲੀ ਸੀ। ਇਸ ਬੀਬੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਰੂਹਾਨੀਅਤ ਤਰੀਕੇ ਦਰਸ਼ਨ ਦੇ ਕੇ ਆਤਮਿਕ ਬਲ ਬਖਸ਼ਿਆ। ਬੀਬੀ ਨੇ ਸ਼ਹੀਦ ਸਾਹਿਬਜ਼ਾਦਿਆਂ ਤੇ ਹੋਰ ਸਿੰਘਾਂ ਦਾ ਸਸਕਾਰ ਕਰਨ ਦੀ ਹਿੰਮਤ ਕੀਤੀ। ਲੱਭ ਲੱਭ ਕੇ ਕੁਝ ਸ਼ਹੀਦਾਂ ਦੀਆਂ ਦੇਹਾਂ ਇਕੱਠੀਆਂ ਕਰਕੇ ਅੰਗੀਠਾ ਤਿਆਰ ਕਰ ਅੱਗ ਲਾ ਦਿੱਤੀ। ਅੱਗ ਦੇ ਭਾਂਬੜ ਮਚ ਗਏ। ਮੁਗਲ ਸਿਪਾਹੀ ਜੋ ਆਪਣੇ ਮੁਰਦਿਆਂ ਨੂੰ ਦਫਨਾਉਂਦੇ ਥੱਕੇ ਹਾਰੇ ਬੇਸੁਰਤ ਸੁੱਤੇ ਹੋਏ ਸੀ ਅੱਭੜਵਾਹੇ ਉੱਠੇ ਅੱਗ ਦੀਆਂ ਲਾਟਾਂ ਦੇਖ ਕੇ ਭੈ ਭੀਤ ਹੋ ਗਏ। ਕੁਝ ਚਿਰ ਪਿੱਛੋਂ ਹੌਂਸਲਾ ਕਰਕੇ ਅੱਗ ਦੇ ਕੋਲ ਪਹੁੰਚੇ ਬੀਬੀ ਨੂੰ ਦੇਖ ਕੇ ਹੈਰਾਨ ਹੋ ਗਏ। ਬੀਬੀ ਨੂੰ ਪੁੱਛਿਆ ਤੂੰ ਕੌਣ ਹੈ ? ਬੀਬੀ ਨੇ ਗਰਜ ਕੇ ਉਤਰ ਦਿੱਤਾ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਧੀ ਹਾਂ ਤੇ ਸ਼ਹੀਦਾਂ ਦਾ ਸਸਕਾਰ ਕਰ ਰਹੀ ਹਾਂ। ਸਿਪਾਹੀਆਂ ਨੇ ਫੜਨਾ ਚਾਹਿਆ ਪਰ ਬੀਬੀ ਨੇ ਤਲਵਾਰ ਧੂਹ ਕੇ ਕਈਆਂ ਨੂੰ ਮਾਰ ਮੁਕਾਇਆ ਤੇ ਆਪ ਫੱਟੜ ਹੋ ਕੇ ਡਿੱਗ ਪਈ। ਜ਼ਾਬਰ ਸਿਪਾਹੀਆਂ ਨੇ ਗੰਭੀਰ ਜ਼ਖਮੀ ਬੀਬੀ ਸ਼ਰਨ ਕੌਰ ਨੂੰ ਅੱਗ ਵਿੱਚ ਸੁੱਟ ਦਿੱਤਾ। ਇਉਂ ਬੀਬੀ ਸ਼ਰਨ ਕੌਰ ਨੇ ਸ਼ਹੀਦਾਂ ਦਾ ਸਸਕਾਰ ਕਰਦਿਆਂ 9 ਪੋਹ ਦੀ ਰਾਤ ਸ਼ਹੀਦੀ ਪਾਈ।

ਉਨ੍ਹਾਂ ਦਿਨਾਂ ਵਿੱਚ ਹੀ ਭਾਈ ਰਾਮਾ ਤੇ ਤਿਲੋਕਾ ਜੀ ਮਹਿਰਾਜ ਨਿਵਾਸੀ ਬਾਬਾ ਫੂਲ ਜੀ ਤੇ ਸਪੁੱਤਰ ਸਰਹੰਦ ਮਾਮਲਾ ਤਾਰਨ ਆਏ ਹੋਏ ਸਨ। ਉਹਨਾਂ ਨੂੰ ਚਮਕੌਰ ਸਾਹਿਬ ਦੇ ਸ਼ਹੀਦੀ ਸਾਕੇ ਦਾ ਪਤਾ ਲੱਗਾ।

ਦੋਹਾਂ ਭਰਾਵਾਂ ਨੇ ਬੜਾ ਦੁੱਖ ਮਹਿਸੂਸ ਕੀਤਾ ਤੇ ਸਲਾਹ ਕੀਤੀ ਆਪਾਂ ਜਾਨ ਵਾਰ ਕੇ ਵੀ ਗੁਰੂ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਅਤੇ ਪਿਆਰੇ ਸ਼ਹੀਦ ਸਿੰਘਾਂ ਦਾ ਸਸਕਾਰ ਜਰੂਰ ਕਰਾਂਗੇ। ਦੂਰੋਂ ਨੇੜਿਓ ਬਾਕੀ ਸਿੰਘਾਂ ਤੇ ਸਾਹਿਬਜ਼ਾਦਿਆਂ ਦੇ ਸਰੀਰ ਇਕੱਠੇ ਕਰਕੇ ਅੱਗ ਦੀ ਭੇਟ ਕਰ ਦਿੱਤੇ। ਇਸ ਤਰ੍ਹਾਂ ਸਤਿਗੁਰੂ ਪਾਤਸ਼ਾਹ ਦੀ ਕ੍ਰਿਪਾ ਸਦਕਾ ਦੋਵੇਂ ਭਰਾ 10 ਪੋਹ ਦੀ ਰਾਤ ਨੂੰ ਸਾਹਿਬਜ਼ਾਦਿਆਂ ਦੇ ਸਸਕਾਰ ਕਰਨ ਵਿੱਚ ਸਫ਼ਲ ਹੋ ਗਏ।

ਭਾਈ ਸੰਤੋਖ ਸਿੰਘ ਜੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਇਉਂ ਅੰਕਿਤ ਕਰਦੇ ਹਨ ਕਿ ਸਾਹਿਬਜ਼ਾਦਿਆਂ ਦੇ ਸਰੀਰ ਦੁਸ਼ਮਣਾਂ ਨੂੰ ਨਜ਼ਰ ਹੀ ਨਹੀਂ ਆਏ।ਗੁਰੂ ਕ੍ਰਿਪਾ ਦੁਆਰਾ ਭਾਈ ਤਿਲੋਕਾ ਤੇ ਭਾਈ ਰਾਮਾ ਜੀ ਨੂੰ ਦਰਸ਼ਨ ਹੋ ਗਏ :-

ਦ੍ਰਿਸ਼ਟਿ ਪਰੇ ਨਹਿ ਦੋਹਨੁ ਭਾਈ। ਜੇ ਪਾਵਤਿ ਸਿਰ ਵੱਢ ਲੇ ਜਾਈ।
ਆਪਣੇ ਜਾਨਿ ਦਾਸ ਇਨ ਤਾਈ। ਦੋਨੋ ਲੋਥੈਂ ਦਈ ਦਿਖਾਈ।

ਵਿਸਥਾਰ ਲਈ ਵੇਖੋ: ਗੁਰਬਾਣੀ ਇਸੁ ਮਹਿ ਚਾਨਣੁ, ਪਰਚਾਰ ਤੇ ਪ੍ਰਸਾਰ ਸੰਸਥਾ, ਐਸ ਏ ਐਸ ਨਗਰ ਮੁਹਾਲੀ ਦੁਆਰਾ ਪ੍ਰਕਸ਼ਿਤ ਪੁਸਤਕ, ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜਾਦੇ।

# ਵਿਸਾਖੀ ਦੀ ਸੱਭਿਆਚਾਰਕ, ਸਦਾਚਾਰਕ ਅਤੇ ਇਤਿਹਾਸਕ ਮਹੱਤਤਾ

ਕਰਮਜੀਤ ਕੌਰ ਮਾਨਸ਼ਾਹੀਆ
ਜਵਾਹਰਕੇ, ਮਾਨਸਾ

ਅਪਰੈਲ ਦੇ ਮਹੀਨੇ ਵਿੱਚ ਕਣਕ ਦੀ ਫ਼ਸਲ ਪੱਕ ਜਾਂਦੀ ਹੈ ਅਤੇ ਪੱਕੀ ਕਣਕ ਧਰਤੀ ਦੀ ਹਿੱਕ ਇੱਕ ਸੁਨਹਿਰੀ ਚਾਦਰ ਤਣੀ ਲੱਗਦੀ ਹੈ। ਪੱਕੀ ਫਸਲ ਤੱਕਕੇ ਕਿਸਾਨਾਂ ਦੇ ਚਿਹਰਿਆਂ ਉੱਪਰ ਖੁਸ਼ੀ ਦੀ ਲਹਿਰ ਹੁੰਦੀ ਹੈ। ਪੋਹ ਮਾਘ ਦੀਆਂ ਕਕਰੀਲੀਆਂ ਰਾਤਾਂ ਚ ਝਾਕੀਆਂ ਚਾਨਣੀਆਂ ਅਤੇ ਸੱਪਾਂ ਦੀਆਂ ਮਿੱਧੀਆਂ ਸਿਰੀਆਂ ਵਾਲੀ ਛੇ ਮਹੀਨਿਆਂ ਦੀ ਕਿਸਾਨ ਦੀ ਹੱਡ ਭੰਨਵੀਂ ਮਿਹਨਤ ਨੂੰ ਬੂਰ ਪਿਆ ਹੁੰਦਾ ਹੈ, ਕਿਉਂਕਿ ਕਿਸਾਨ ਆਪਣੀ ਫਸਲ ਨੂੰ ਪੁੱਤਾਂ ਵਾਂਗ ਪਾਲਦਾ ਹੈ। ਪੰਜਾਬ ਮੇਲਿਆਂ ਦਾ ਦੇਸ਼ ਹੈ। ਪੰਜਾਬ ਵਿੱਚ ਬਹੁਤ ਸਾਰੇ ਮੇਲੇ ਅਤੇ ਤਿਉਹਾਰ ਮਨਾਏ ਜਾਂਦੇ ਹਨ, ਪਰ ਵਿਸਾਖੀ ਦਾ ਤਿਉਹਾਰ ਹਾੜ੍ਹੀ ਦੀ ਫਸਲ ਪੱਕਣ ਦੀ ਖੁਸ਼ੀ ਚ 13 ਅਪ੍ਰੈਲ ਨੂੰ ਵਿਸਾਖ ਦੀ ਸੰਗਰਾਂਦ ਵਾਲੇ ਦਿਨ ਮਨਾਇਆ ਜਾਂਦਾ ਹੈ। ਵਿਸਾਖੀ ਦੇ ਤਿਉਹਾਰ ਨੂੰ ਕਿਸਾਨਾਂ ਦਾ ਮੇਲਾ ਵੀ ਕਿਹਾ ਜਾਂਦਾ ਹੈ। ਇਸ ਤਿਉਹਾਰ ਦਾ ਇਤਿਹਾਸ ਧਰਮ ਅਤੇ ਸੱਭਿਆਚਾਰ ਨਾਲ ਹੈ। ਇਸ ਦਿਨ ਕਿਸਾਨ ਖੁਸ਼ੀਆਂ ਮਨਾਉਂਦੇ ਭੰਗੜੇ ਪਾਉਂਦੇ ਵਿਸਾਖੀ ਦੇ ਦਿਨ ਲੱਗਦੇ ਮੇਲਿਆਂ ਤੇ ਪਹੁੰਚਦੇ ਹਨ। ਵਿਸਾਖੀ ਦਾ ਮੇਲਾ ਸਰਬ ਦਾ ਸਰਬ ਸਾਂਝਾ ਤਿਉਹਾਰ ਹੈ। ਰਾਮ ਚਾਤ੍ਰਿਕ ਦਾ ਇਹ ਗੀਤ ਬਹੁਤ ਹੀ ਮਸ਼ਹੂਰ ਹੈ

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਪੱਗ ਝੱਗਾ ਚਾਦਰਾ ਨਵਾਂ ਸਵਾਇ ਕੇ,
ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ,
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਵਿਸਾਖੀ ਦਾ ਮੇਲਾ ਸਭ ਧਰਮਾਂ ਦੇ ਲੋਕ ਬਹੁਤ ਚਾਅ ਨਾਲ ਮਨਾਉਂਦੇ ਹਨ। ਬੱਚੇ ਤੋਂ ਲੈ ਕੇ ਬੁੱਢੇ ਆਦਮੀ ਔਰਤਾਂ ਹਰ ਇੱਕ ਨੂੰ ਮੇਲੇ ਦੀ ਬੇਸਬਰੀ ਨਾਲ ਉਡੀਕ ਹੁੰਦੀ ਹੈ। ਵਿਸਾਖੀ ਦਾ ਦਿਨ ਇਤਿਹਾਸਿਕ ਮਹੱਤਤਾ ਪੱਖੋਂ ਸਿੱਖ ਤਵਾਰੀਖ਼ ਨਾਲ ਜੁੜਿਆ ਹੋਇਆ ਹੈ। ਵਿਸਾਖੀ ਵਾਲੇ ਦਿਨ ਸਿੱਖਾਂ ਦੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ 13 ਅਪ੍ਰੈਲ 1699 ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਗੁਰੂ ਜੀ ਨੇ ਪੰਜ ਪੀਰਾਂ ਨੂੰ ਅੰਮ੍ਰਿਤਪਾਨ ਪਾਨ ਕਰਵਾ ਕੇ ਪੰਜ ਪਿਆਰਿਆਂ ਦਾ ਨਾਂ ਦਿੱਤਾ ਸੀ ਅਤੇ ਫਿਰ ਉਹਨਾਂ ਤੋਂ ਆਪ ਅੰਮ੍ਰਿਤ ਛਕ ਕੇ ਅਲੌਕਿਕ ਕਾਰਜ ਕੀਤਾ ਸੀ।ਹੁਣ ਵੀ ਵਿਸਾਖੀ ਵਾਲੇ ਦਿਨ ਹਰ ਸਾਲ ਗੁਰਦੁਆਰਾ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਸੰਗਤਾਂ ਦਾ ਭਾਰੀ ਇੱਕਠ ਜੁੜਦਾ ਹੈ ਲ ਇਸ ਦਿਨ ਇੱਥੇ ਭਾਰੀ ਰੌਣਕਾਂ ਤੇ ਬਹੁਤ ਜ਼ਿਆਦਾ ਭੀੜ ਹੁੰਦੀ ਹੈ। ਇਸ ਦਿਨ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਸਜਾਏ ਜਾਂਦੇ ਹਨ ਢਾਡੀ ਜਥਿਆਂ ਵੱਲੋਂ ਗੁਰੂਆਂ, ਸਿੰਘ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ ਅਤੇ ਗਤਕੇ ਦੇ ਜੌਹਰ ਦਿਖਾਏ ਜਾਂਦੇ ਹਨ।

ਵਿਸਾਖੀ ਦਾ ਮੇਲਾ ਤਲਵੰਡੀ ਸਾਬੋ ਦਮਦਮਾ ਸਾਹਿਬ ਵਿੱਚ ਵੀ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਤਲਵੰਡੀ ਸਾਬੋ ਨੂੰ ਗੁਰੂ ਕੀ ਕਾਸ਼ੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਵਿਸਾਖੀ ਦੇ ਮੇਲੇ ਤੇ ਬਹੁਤ ਹੀ ਦੂਰੋਂ ਦੂਰੋਂ ਸਿੱਖ ਸੰਗਤਾਂ ਇਥੇ ਆ ਕੇ ਦਮਦਮਾ ਸਾਹਿਬ ਵਿਖੇ ਨਤਮਸਤਕ ਹੁੰਦੀਆਂ ਹਨ। ਇਸ ਦਿਨ ਇੱਥੇ ਵੀ ਗੁਰਦੁਆਰਾ ਸਾਹਿਬ ਵਿੱਚ ਭਾਰੀ ਦੀਵਾਨ ਸਜਾਏ ਜਾਂਦੇ ਹਨ। ਇਸ ਮੌਕੇ ਰਾਜਨੀਤਿਕ ਨੇਤਾ ਵੀ ਆਪਣੀਆਂ ਕਾਨਫਰੰਸਾਂ ਕਰਨ ਤੇ ਲੋਕਾਂ ਨੂੰ ਆਪਣਾ ਭਾਸ਼ਨ ਦਿੰਦੇ ਹਨ। ਵਿਸਾਖੀ ਦੇ ਮੇਲੇ ਦੀ ਇਤਿਹਾਸਿਕ ਮਹੱਤਤਾ ਹੈ ਕਿ 13 ਅਪ੍ਰੈਲ 1919 ਨੂੰ ਜਲ੍ਹਿਆਂ ਵਾਲੇ ਬਾਗ ਅੰਮ੍ਰਿਤਸਰ ਵਿਖੇ ਇਕੱਠੇ ਹੋਏ ਲੋਕਾਂ ਤੇ ਜਨਰਲ ਡਾਇਰ ਨੇ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ ਸੀ।

ਇਸ ਬਾਗ਼ ਦਾ ਸਿਰਫ ਇੱਕ ਹੀ ਦਰਵਾਜ਼ਾ ਸੀ, ਤੇ ਉਹ ਦਰਵਾਜੇ ਵਿਚ ਇਹ ਸਿਪਾਹੀ ਬੰਦੂਕ ਲੈ ਕੇ ਖੜੇ ਹੋ ਗਏ। ਉਨ੍ਹਾਂ ਦੀਆਂ ਗੋਲੀਆਂ ਨਾਲ ਇਕੱਠੇ ਹੋਏ ਹਜ਼ਾਰਾਂ ਬੇਕਸੂਰ ਲੋਕ ਮਾਰੇ ਗਏ ਸਨ ਅਤੇ ਕਿੰਨੇ ਹੀ ਜ਼ਖਮੀ ਹੋ ਗਏ ਸਨ। ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਕੇ ਵੀ ਇਸ ਦਿਨ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕੀਤਾ ਜਾਂਦਾ ਹੈ। ਜਿਲ੍ਹਿਆਂ ਵਾਲੇ ਬਾਗ ਵਿੱਚ ਬਣਾਈ ਖੂਹ ਨੂੰ ਖੂਲ੍ਹੀ ਖੂਨ ਵੀ ਕਿਹਾ ਜਾਂਦਾ ਹੈ। ਕਿਉਂਕਿ ਲੋਕਾਂ ਨੇ ਆਪਣੀ ਜਾਨ ਬਚ-ਾਉਣ ਲਈ ਇਸ ਖੂਹ ਵਿਚ ਛਾਲਾਂ ਮਾਰ ਦਿੱਤੀਆਂ ਸਨ। ਜਲ੍ਹਿਆਂ ਵਾਲੇ ਬਾਗ ਵਿਚ ਗੋਲੀਆਂ ਦੇ ਨਿਸ਼ਾਨ ਅੱਜ ਵੀ ਮੌਜੂਦ ਹਨ।



ਹਿੰਦੂ ਧਰਮ ਮੁਤਾਬਿਕ ਇਸ ਦਿਨ 9 ਬਿਕ੍ਰਮੀ ਸੰਮਤ ਦਾ ਆਰੰਭ ਮੰਨਿਆ ਜਾਂਦਾ ਹੈ। ਲੋਕ ਇਸ ਦਿਨ ਭਗਵਾਨ ਦਾ ਭਜਨ ਕਰਦੇ ਹਨ ਅਤੇ ਦਾਨ ਦਿੰਦੇ ਹਨ। ਵਪਾਰੀ ਲੋਕ ਵਿਸਾਖੀ ਤੋਂ ਆਪਣਾ ਨਵਾਂ ਵਹੀ ਖਾਤਾ ਸ਼ੁਰੂ ਕਰਦੇ ਹਨ।

ਪੰਜਾਬ ਵਿਚ ਬਠਿੰਡਾ ਵਿੱਚ ਵੀ ਵਿਸਾਖੀ ਦਾ ਮੇਲਾ ਵੇਖਣ ਯੋਗ ਹੁੰਦਾ ਹੈ। ਲੋਕ ਨਵੇਂ-ਨਵੇਂ ਕੱਪੜੇ ਪਾ ਕੇ ਮੇਲਾ ਵੇਖਣ ਜਾਂਦੇ ਹਨ। ਮੇਲੇ ਵਿਚ ਖੇਡਾਂ ਦੀਆਂ ਦੁਕਾਨਾਂ ਮਠਿਆਈ ਦੀਆਂ ਦੁਕਾਨਾਂ, ਦੀਆਂ ਦੁਕਾਨਾਂ ਸਜਾਈਆਂ ਜਾਂਦੀਆਂ ਹਨ। ਮੇਲੇ ਵਿੱਚ ਲੋਕ ਮਠਿਆਈ ਗੋਲਗੱਪੇ ਆਦਿ ਖਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਬੱਚੇ ਛੋਟੇ ਅਤੇ ਵੱਡੇ ਝੂਲਿਆਂ ਤੇ ਝੂਟੇ ਲੈ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਮੇਲੇ ਵਿੱਚ ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਈਆਂ ਜਾਂਦੀਆਂ ਹਨ ਲੋਕ ਬੜੇ ਹੀ ਚਾਅ ਨਾਲ ਇਨ੍ਹਾਂ ਦਾ ਅਨੰਦ ਮਾਣਦੇ ਹਨ।ਇਸ ਦਿਨ ਲੋਕ ਘਰਾਂ ਚ ਪੀਲੇ ਰੰਗ ਦੇ ਮਿੱਠੇ ਚੌਲ ਬਣ-ਾਉਂਦੇ ਹਨ।ਹਾੜੀ ਦੀ ਵਾਢੀ ਸ਼ੁਰੂ ਕਰਨ ਲਈ ਮਹੂਰਤ ਵੀ ਕਰਦੇ ਹਨ। ਇਸ ਦਿਨ ਲੋਕਾਂ ਦੇ ਮਨਾਂ ਚ ਬੜਾ ਚਾਅ,ਉਲਾਸ ਅਤੇ ਉਤਸ਼ਾਹ ਹੁੰਦਾ ਹੈ।

ਵਿਸਾਖੀ ਅੰਕ ਲਈ ਵਿਸ਼ੇਸ਼

# ਵਿਸ਼ਵ ਦੀ ਪੂਰੀ ਪਰਿਕਰਮਾ ਹੈ ਸ਼ੇਰਗਿੱਲ ਦਾ 'ਪੰਜਾਬੀ ਸੰਸਾਰ-2023' ਅਤੇ 'ਸਿੱਖ ਸੰਸਾਰ -2024'



ਗੁਰਮੀਤ ਪਲਾਹੀ
91-98158-02070

ਇਕੱਲੇ ਮਾਰਸ਼ਲ ਪੰਜਾਬੀ ਨਰਪਾਲ ਸਿੰਘ ਸ਼ੇਰਗਿੱਲ ਨੇ ਇਹ ਪਰਿਕਰਮਾ ਕਰਕੇ ਸਮੁੰਦਰ 'ਚੋਂ ਹੀਰੇ ਚੁਣੇ ਹਨ, ਉਹਨਾ ਨੂੰ ਤਰਾਸ਼ਿਆ ਹੈ, ਇੱਕ ਥਾਂ ਪਰੋਇਆ ਹੈ, ਸੰਜੋਇਆ ਹੈ। ਸ਼ੇਰਗਿੱਲ ਸੱਚਮੁੱਚ ਵਧਾਈ ਦਾ ਪਾਤਰ ਹੈ। ਇਹੋ ਜਿਹਾ ਕੰਮ ਇਕੱਲੇ ਇਕਹਿਰੇ ਵਿਅਕਤੀ ਦਾ ਨਹੀਂ ਹੁੰਦਾ, ਵੱਡੀਆਂ ਸੰਸਥਾਵਾਂ ਹੀ ਇਹੋ ਜਿਹੇ ਨਿਵੇਕਲੇ ਕਾਰਜਾਂ ਨੂੰ ਹੱਥ ਪਾਉਂਦੀਆਂ ਹਨ, ਜਿਹਨਾ ਪੱਲੇ ਧੰਨ ਹੋਵੇ, ਸਾਧਨ ਹੋਣ, ਜਿਹਨਾ ਕੋਲ ਇਮਾਨਦਾਰ ਕਿਰਤੀ ਕਾਮੇ ਹੋਣ, ਸੁਚੱਜੀ ਸੁੱਚੀ ਸੋਚ ਹੋਵੇ ਅਤੇ ਕੰਮ ਪੂਰਾ ਕਰਨ ਲਈ ਦ੍ਰਿੜਤਾ।

ਜੇਕਰ ਇਕੋ ਵਿਅਕਤੀ ਪਿਛਲੇ 22 ਵਰਿਆਂ ਤੋਂ ਪੂਰੀ ਲਗਨ, ਮਿਹਨਤ, ਸ਼ਿੱਦਤ, ਇਕਾਗਰਤਾ, ਤੁਅੱਸਬ ਨਾਲ ਪਹਾੜ ਜਿੱਡੇ ਕੰਮ ਨੂੰ ਨੇਪਰੇ ਚਾੜ੍ਹਨ ਲਈ ਤੁਲਿਆ ਹੋਵੇ ਤਾਂ ਕੀ ਉਹ ਕਿਸੇ ਸੰਸਥਾ ਵਿਸ਼ੇਸ਼ ਤੋਂ ਘੱਟ ਹੋਏਗਾ? ਜਿਸ ਨੇ ਤਨੋਂ, ਮਨੋਂ ਆਪਣੇ ਜੀਵਨ ਦੇ ਕੀਮਤੀ ਵਰ੍ਹੇ ਪੰਜਾਬੀ ਪ੍ਰਵਾਸੀਆਂ ਨੂੰ ਇੱਕ ਕਲਾਵੇ 'ਚ ਲੈਣ ਲਈ ਹਰ ਪਲ, ਹਰ ਛਿੰਨ, ਹਰ ਘੜੀ ਯਤਨ ਹੀ ਨਾ ਕੀਤਾ ਹੋਵੇ, ਸਗੋਂ ਵੱਡੇ ਕਾਰਜ ਨੂੰ ਇੱਕ ਚੈਲਿੰਜ ਵਜੋਂ ਲੈ ਕੇ ਸਿਰੇ ਵੀ ਚਾੜ੍ਹਿਆ ਹੋਵੇ। ਕੀ ਇਹੋ ਜਿਹਾ 'ਉਦਮੀ ਜੀਊੜਾ' ਸਾਡੇ ਸਭਨਾਂ ਦੀ ਪ੍ਰਸੰਸਾ ਦਾ ਹੱਕਦਾਰ ਨਹੀਂ?

ਇਹ ਕਾਰਜ ਉਸਨੇ ਘਰ ਬੈਠਿਆਂ, ਇੰਟਰਨੈਟ ਰਾਹੀਂ ਜਾਂ ਪੁਸਤਕਾਂ ਦੇ ਜ਼ਰੀਏ ਨਹੀਂ ਸਗੋਂ ਪੂਰੀ ਦੁਨੀਆਂ ਦੇ ਵੱਖੋ-ਵੱਖਰੇ ਖਿੱਤਿਆਂ 'ਚ ਭਰਮਣ ਕਰਕੇ, ਜਿਧਰੇ ਕਿਧਰੇ ਵੀ ਪੰਜਾਬੀ ਮਿਲੇ, ਪੰਜਾਬੀ-ਭਾਰਤੀ ਉਦਮੀ ਮਿਲੇ, ਉਹਨਾ ਤੱਕ ਨਿੱਜੀ ਪਹੁੰਚ ਕਰਕੇ ਪ੍ਰਮਾਣਿਕ ਜਾਣਕਾਰੀ ਇਕੱਤਰ ਕੀਤੀ, ਬਿਨਾਂ ਕਿਸੇ ਭੇਦ-ਭਾਵ ਅਤੇ ਬਿਨਾਂ ਕਿਸੇ ਸੰਕੀਰਨ ਸੋਚ ਦੇ। ਪਿਛਲੇ 22 ਸਾਲਾਂ 'ਚ ਹਰ ਸਾਲ ਪਹਿਲੀ ਛਪੀ ਅੰਗਰੇਜ਼ੀ, ਪੰਜਾਬੀ ਐਡੀਸ਼ਨ 'ਚ ਵਾਧਾ ਕਰਦਿਆਂ 23ਵੇਂ ਸੰਸਕਰਨ 'ਚ ਭਰਵੀਂ ਜਾਣਕਾਰੀ ਦੇ ਕੇ ਖਾਸ ਕਰਕੇ ਪੰਜਾਬੀਆਂ ਦੇ ਦੇਸ਼ ਵਿਦੇਸ਼ ਵਿਚ ਕੀਤੇ ਵਿਸ਼ਾਲ ਕੰਮਾਂ, ਉਹਨਾਂ ਵੱਲੋਂ ਕਮਾਏ ਜੱਸ, ਉਹਨਾਂ ਵੱਲੋਂ ਉਥੋਂ ਦੇ ਲੋਕਾਂ 'ਚ ਬਣਾਏ ਆਪਣੇ ਸੁਚੱਜੇ ਅਕਸ, ਚੰਗੀ ਭੱਲ, ਚੰਗੀ ਛਾਪ ਨੂੰ ਇਕ ਮਾਲਾ ਦੀ ਲੜੀ 'ਚ ਪ੍ਰੋਇਆ ਹੈ। ਇਸ ਵਿਲੱਖਣ, ਨਿਵੇਕਲੇ, ਉਦਾਹਰਨੀ ਕੰਮ ਨੂੰ ਨੇਪਰੇ ਚਾੜ੍ਹਨ ਲਈ, ਉਹਨਾ ਨਾਲ ਸਾਂਝ ਪਾਉਣ ਲਈ ਵਪਾਰਕ ਮਸ਼ਹੂਰੀ ਰਾਹੀਂ ਉਸਨੇ ਭਰਪੂਰ ਹਿੱਸਾ ਪਾਇਆ ਹੈ।

ਦੁਨੀਆਂ ਦੇ 50 ਦੇਸ਼ਾਂ ਦੇ ਉਹ ਪ੍ਰਵਾਸੀ ਪੰਜਾਬੀ ਕਾਰੋਬਾਰੀਏ, ਜਿਹਨਾਂ ਦੀ ਦੌਲਤ 2 ਕਰੋੜ ਤੋਂ 4000 ਕਰੋੜ ਰੁਪਏ ਤੱਕ ਹੈ, ਅਤੇ ਜਿਹਨਾਂ ਦੇ ਆਪਣੇ ਜਾਇਦਾਦ ਵੇਚਣ ਖਰੀਦਣ ਦੇ ਦਫ਼ਤਰ ਹਨ, ਕਾਨੂੰਨੀ ਸਹਾਇਤਾ ਅਤੇ ਇਮੀਗਰੇਸ਼ਨ ਦੇ ਜਿਨਾਂ ਦੇ ਵੱਡੇ ਕਾਰੋਬਾਰ ਹਨ, ਜਿਹੜੇ ਟੂਰ ਅਤੇ ਟ੍ਰੈਵਲ, ਫਾਰੈਨ ਐਕਸਚੇਂਜ, ਹੋਟਲਾਂ, ਰੈਸਟੋਰੈਂਟਾਂ, ਵਿਦਿਅਕ ਸੰਸਥਾਵਾਂ, ਸਿਹਤ ਕੇਂਦਰਾਂ ਦੇ ਜਿਹੜੇ ਮਾਲਕ ਹਨ, ਅਤੇ ਜਿਹੜੇ ਆਯਾਤ ਨਿਰਯਾਤ ਦੇ ਕਿੱਤੇ ਨਾਲ ਜੁੜ ਕੇ ਬੇਅੰਤ ਧੰਨ ਕਮਾ ਕੇ ਵਿਦੇਸ਼ਾਂ 'ਚ ਬੈਠੇ ਸਰਦਾਰੀਆਂ ਕਰ ਰਹੇ ਹਨ, ਉਹਨਾ ਦੇ ਵੇਰਵੇ ਪੰਜਾਬੀ-ਸੰਸਾਰ ਦੇ ਪੰਨਿਆਂ ਦਾ ਸ਼ਿੰਗਾਰ ਹਨ।

ਇਸ ਵੱਡ ਅਕਾਰੀ ਸੁੰਦਰ ਰੰਗਦਾਰ ਛਪਾਈ ਵਾਲੀ ਪੁਸਤਕ 'ਚ 2000 ਤੋਂ ਵੱਧ ਸਿੱਖ ਸੰਸਥਾਵਾਂ, ਗੁਰਦੁਆਰਿਆਂ, ਜਿਹਨਾ 'ਚ ਵੱਡੀ ਗਿਣਤੀ ਗੁਰੂ ਘਰ ਦੇ ਸੇਵਕ ਸ਼ਾਮਲ ਹਨ ਅਤੇ ਜਿਹੜੇ ਵਿਦੇਸ਼ਾਂ ਅਤੇ ਭਾਰਤ ਦੀਆਂ ਵੱਖ-ਵੱਖ ਥਾਵਾਂ 'ਤੇ ਸਿੱਖ ਸੰਗਤਾਂ ਨੇ ਉਸਾਰੇ ਹੋਏ ਹਨ, ਉਨਾਂ ਦੇ ਪਤੇ, ਫੋਨ ਨੰਬਰ ਅਤੇ ਈ-ਮੇਲ ਆਦਿ ਵੀ ਦਰਜ ਹਨ। ਪੁਸਤਕ ਵਿੱਚ ਸਿੱਖ ਸੰਗੀਤ, ਸਭਿਆਚਾਰ, ਪੰਜਾਬੀ ਬੋਲੀ ਨਾਲ ਸੰਬੰਧਤ ਵਿਅਕਤੀਆਂ, ਨਗਰ ਕੀਰਤਨਾਂ, ਧਾਰਮਿਕ ਅਤੇ ਵਿਦਿਅਕ ਸੰਸਥਾਵਾਂ ਬਾਰੇ ਵੇਰਵੇ ਸ਼ਾਮਲ ਕੀਤੇ ਹਨ। ਨਾਲ ਹੀ ਸ਼ਾਮਲ ਹਨ 200 ਤੋਂ ਵੱਧ ਰਜਿਸਟਰਡ ਅਤੇ ਮਾਨਤਾ ਪ੍ਰਾਪਤ ਕਾਰਜ ਸੰਸਥਾਵਾਂ ਦੇ ਵੇਰਵੇ ਜਿਹਨਾ ਦੇ ਹਜ਼ਾਰਾਂ ਹੀ ਮੋਹਤਬਰ ਵਿਚਾਰਵਾਨ, ਗੁਣੀਂ ਗਿਆਨੀ ਸਮਾਜ ਸੇਵੀ ਪੰਜਾਬੀ ਮੈਂਬਰਾਂ ਦੇ ਵੇਰਵੇ ਹਨ। ਇਸ ਤੋਂ ਵੱਡੀ ਗੱਲ ਇਹ ਕਿ ਦੁਨੀਆਂ ਭਰ ਦੇ ਭਾਰਤੀ-ਪੰਜਾਬੀ ਅਖ਼ਬਾਰਾਂ, ਰੇਡੀਓ ਸਟੇਸ਼ਨਾਂ ਅਤੇ ਪੰਜਾਬੀ ਟੈਲੀਵੀਜ਼ਨ ਚੈਨਲਾਂ ਬਾਰੇ ਪੂਰਾ ਵੇਰਵਾ ਪੁਸਤਕ ਦਾ ਸ਼ਿੰਗਾਰ ਹੈ, ਜਿਹਨਾ ਵਿਚੋਂ ਕਈ ਅਖ਼ਬਾਰ ਰਸਾਲੇ ਆਨ-ਲਾਈਨ ਪੜੇ ਜਾਣ ਯੋਗ ਹਨ। ਪੁਸਤਕ ਦੀ ਵੱਡੀ ਖਾਸੀਅਤ ਇਹ ਕਿ ਪ੍ਰਵਾਸੀ ਪੰਜਾਬੀਆਂ ਦੀ ਸਹੂਲਤ ਲਈ ਦੁਨੀਆਂ ਭਰ ਦੀਆਂ 160 ਵਿਦੇਸ਼ੀ ਅੰਬੈਂਸੀਆਂ ਅਤੇ ਡਿਪਲੋਮੈਂਟ ਮਿਸ਼ਨਾਂ ਦੇ ਦਿੱਲੀ ਅਤੇ ਭਾਰਤ ਦੇ ਵੱਖੋ-ਵੱਖਰੇ ਸ਼ਹਿਰਾਂ 'ਚ ਸਥਿਤ ਦਫ਼ਤਰਾਂ ਬਾਰੇ ਪੂਰੀ ਜਾਣਕਾਰੀ ਅੰਕਿਤ ਹੈ। ਲਗਭਗ 200 ਦੇਸ਼ਾਂ ਦੇ ਅੰਤਰਰਾਸ਼ਟਰੀ ਐਸ।ਟੀ।ਡੀ। ਕੋਡ ਤੋਂ ਇਲਾਵਾ ਭਾਰਤ ਦੇਸ਼ ਦੇ 1175 ਸ਼ਹਿਰਾਂ ਦੀ ਨੈਸ਼ਨਲ ਐਸ। ਟੀ।ਡੀ। ਕੋਡ ਦੇ ਕੇ ਵਿਦੇਸ਼ ਵਸਦੇ ਵੀਰਾਂ ਲਈ ਇਕ ਵਿਸ਼ੇਸ਼ ਸੁਵਿਧਾ ਦੇਣ ਦਾ ਉਪਰਾਲਾ ਵੀ ਕੀਤਾ ਗਿਆ ਹੈ।

ਐਡੀ ਵੱਡੀ ਜਾਣਕਾਰੀ ਪੁਸਤਕ 'ਚ ਸਮੇਟਣਾ ਕੋਈ ਸੌਖਾ ਕੰਮ ਨਹੀਂ, ਸਮੇਟਣ ਉਪਰੰਤ ਬਿਨਾਂ ਕਿਸੇ ਗਲਤੀ ਤੋਂ ਇਸ ਨੂੰ ਛਾਪਣਾ ਹੋਰ ਵੀ ਔਖਾ ਹੈ ਪਰ ਇਸ ਵੱਡੇ, ਔਖੇ, ਗੁੰਝਲਦਾਰ, ਅਕੇਂਵੇ ਭਰੇ ਕੰਮ ਨੂੰ ਵੀ ਸੁਯੋਗ ਸੰਪਾਦਕ ਸ਼ੇਰਗਿੱਲ ਨੇ ਇਮਾਨਦਾਰੀ ਨਾਲ ਨਿਭਾਇਆ ਹੈ।

ਪੁਸਤਕ ਪੜ੍ਹਦਿਆਂ ਇਸ 'ਚ ਛਪੀਆਂ ਉਘੀਆਂ ਹਸਤੀਆਂ ਬਾਰੇ ਜਾਣਕਾਰੀ ਪੜ੍ਹ ਕੇ ਪੰਜਾਬੀਆਂ ਦਾ ਸੀਨਾ ਚੌੜਾ ਹੋਣਾ ਸੁਭਾਵਕ ਹੈ। ਪੰਜਾਬੀ, ਜਿਹਨਾ ਔਖੇ ਵੇਲੇ ਕੱਟ ਕੇ ਪ੍ਰਵਾਸ ਹੰਢਾਇਆ, ਓਪਰਿਆਂ 'ਚ ਰਹਿ ਕੇ ਜੱਸ ਖੱਟਿਆ। ਆਪਣਾ ਜੀਵਨ ਹੀ ਨਹੀਂ ਸੁਆਰਿਆ, ਹਜ਼ਾਰਾਂ ਲੱਖਾਂ ਲੋਕਾਂ ਦੇ ਮਾਰਗ ਦਰਸ਼ਕ ਵੀ ਬਣੇ, ਉਹਨਾ ਪੰਜਾਬੀ ਸਪੂਤਾਂ ਉਤੇ ਕੌਣ ਵਾਰੇ-ਵਾਰੇ ਨਹੀਂ ਜਾਵੇਗਾ? ਚਕਿੱਤਸਾ, ਇੰਜੀਨੀਅਰੀ, ਬਿਜ਼ਨੈਸ, ਪ੍ਰਬੰਧਨ, ਸਾਇੰਸ ਕਿਹੜਾ ਕਿੱਤਾ ਨਹੀਂ ਜਿਸ 'ਚ ਪੰਜਾਬੀਆਂ ਝੰਡੇ ਨਹੀਂ ਗੱਡੇ। ਆਪਣੇ ਧਰਮ ਦੇ ਪ੍ਰਚਾਰ, ਆਪਣੀ ਬੋਲੀ ਸਭਿਆਚਾਰ ਦੀ ਸੰਭਾਲ, ਫੈਲਾਅ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਪੜ੍ਹਾਉਣ, ਲਿਖਾਉਣ, ਚੰਗੇ ਪਾਸੇ ਲਾਉਣ ਅਤੇ ਆਪਣੇ ਸਭਿਆਚਾਰ ਨਾਲ ਜੋੜੀ ਰੱਖਣ ਲਈ ਕੀਤੇ ਯਤਨਾਂ ਦੀ ਸ਼ਲਾਘਾ ਕੀਤੇ ਬਿਨਾਂ ਰਿਹਾ ਨਹੀਂ ਜਾ ਸਕਦਾ।





ਪ੍ਰਵਾਸੀਆਂ ਵੱਲੋਂ ਆਪਣੇ ਪੰਜਾਬ ਨੂੰ ਸੰਵਾਰਨ, ਇਸ ਦੇ ਵਿਕਾਸ 'ਚ ਹਿੱਸਾ ਪਾਉਣ ਅਤੇ ਪੰਜਾਬੀਆਂ ਦੀ ਜੂਨ ਸੁਧਾਰਨ ਲਈ ਕੀਤੇ ਉਪਰਾਲੇ ਪ੍ਰਸੰਸ਼ਾਯੋਗ ਹਨ! ਪਰ ਕੀ ਅਸੀਂ ਇਧਰਲੇ ਪੰਜਾਬੀ ਉਹਨਾ ਦੀਆਂ ਕੀਤੀਆਂ ਦਾ ਮੁੱਲ ਪਾ ਸਕੇ ਆਂ? ਵਿਦੇਸ਼ ਵਸਦਿਆਂ ਵੀ ਧੁਰ ਅੰਦਰੋਂ ਪੰਜਾਬ-ਹਿਤੈਸ਼ੀ ਪੰਜਾਬੀ, ਵਿਸ਼ਾਲ ਹਿਰਦੇ ਵਾਲਾ ਇੱਕ ਖੋਜ਼ੀ, ਇੱਕ ਮੁਹਿੰਮਕਾਰੀ ਪੱਤਰਕਾਰ, ਜਿਹੜਾ ਆਪਣੇ ਮਨ 'ਚ ਪੰਜਾਬ ਲਈ, ਪੰਜਾਬੀਆਂ ਲਈ ਦਰਦ ਸਮੋਈ ਬੈਠਾ ਹੈ, ਕਿਧਰੇ ਪੰਜਾਬ ਦੇ ਹਿੱਤਾਂ ਨੂੰ ਖਰੋਚ ਵੱਜਦੀ ਹੈ, ਚਟਾਨ ਬਣਕੇ ਹਿੱਕ ਢਾਹ ਕੇ ਪੰਜਾਬ ਦੇ ਹਿੱਤਾਂ ਲਈ ਖੜੋ ਜਾਂਦਾ ਹੈ। ਕਿਧਰੇ ਮਾਂ ਬੋਲੀ ਪੰਜਾਬੀ ਨੂੰ ਧਰਕਾਰਿਆ ਜਾਂਦਾ ਹੋਵੇ, ਕਿਧਰੇ ਪੰਜਾਬੀਆਂ ਨਾਲ ਧੱਕਾ ਹੁੰਦਾ ਹੋਵੇ, ਉਹਦੀ ਕਲਮ ਆਪਣੇ ਹੀ ਢੰਗ ਨਾਲ ਇਵੇਂ ਚੱਲਦੀ ਹੈ ਕਿ ਧੱਕਾ ਕਰਨ ਵਾਲੇ, ਦਰੇਗ ਕਰਨ ਵਾਲੇ, ਆਪਣੇ ਆਪ ਹੀ ਮੂਧੇ ਮੂੰਹ ਜਾ ਡਿੱਗਦੇ ਹਨ। ਇਹ ਸ਼ਖ਼ਸ਼, ਪੰਜਾਬ ਦੇ ਸ਼ਾਹੀ ਸ਼ਹਿਰ ਪਟਿਆਲਾ ਦੇ ਨੇੜਲੇ ਪਿੰਡ ਮਜਾਲ ਖੁਰਦ ਦੇ ਵਾਸੀ ਹਨ ਨਰਪਾਲ ਸਿੰਘ ਸ਼ੇਰਗਿੱਲ!

ਬਹੁਤ ਘੱਟ ਪੰਜਾਬੀ ਇਹੋ ਜਿਹੇ ਹੋਣਗੇ ਜਿਹਨਾ ਪੱਲੇ ਇਕੋ ਵੇਰ ਪੰਜਾਬੀ ਸਾਹਿਤ, ਅੰਗਰੇਜ਼ੀ ਪੰਜਾਬੀ ਪੱਤਰਕਾਰੀ, ਪੰਜਾਬੀ ਸਭਿਆਚਾਰ, ਭਾਸ਼ਾ, ਪੰਜਾਬ ਅਤੇ ਪੰਜਾਬੀਅਤ ਦੀ ਸੇਵਾ ਦੇ ਨਾਲ-ਨਾਲ ਲੋਕ ਸੇਵਾ ਦਾ ਮਾਣ ਹਾਸਲ ਹੋਇਆ ਹੋਵੇ ਅਤੇ ਉਹ ਵੀ ਆਮ ਲੋਕਾਂ ਵਲੋਂ!

ਧਰਤੀ ਨਾਲ ਜੁੜਿਆ ਹੋਇਆ ਇਨਸਾਨ ਹੈ ਨਰਪਾਲ ਸਿੰਘ ਸ਼ੇਰਗਿੱਲ, ਜਿਹੜਾ ਗ੍ਰਹਿਸਥ, ਵਪਾਰ, ਲੇਖਣੀ 'ਚ ਇੱਕੋ ਵੇਲੇ, ਇੱਕੋ ਸੁਰ ਇੱਕੋ ਤਾਲ 'ਚ, ਇਹਨਾ ਤਿੰਨਾਂ ਨਾਲ ਤਾਲਮੇਲ ਬੈਠਾਈ ਬੈਠਾ ਹੈ। ਕਹਿਣੀ ਅਤੇ ਕਥਨੀ ਦਾ ਪੱਕਾ ਹੈ ਸ਼ੇਰਗਿੱਲ, ਜਿਹੜਾ ਪੰਜਾਬ ਵਿਚਲੇ ਪੰਜਾਬੀਆਂ 'ਚ ਉਤਨਾ ਹੀ ਪਿਆਰਿਆ, ਸਤਕਾਰਿਆ, ਤੇ ਸਨਮਾਨਿਆ ਜਾਂਦਾ ਹੈ, ਜਿਤਨਾ ਵਿਦੇਸ਼ ਵਸਦੇ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਵਿੱਚ! ਪੰਜਾਬੀ ਦੇ ਸਭ ਤੋਂ ਵੱਧ ਛਪਣ ਵਾਲੇ ਪੰਜਾਬੀ ਅਖ਼ਬਾਰ 'ਰੋਜ਼ਾਨਾ ਅਜੀਤ' ਵਿੱਚ ਸ਼ੇਰਗਿੱਲ ਦੇ ਲੇਖ ਲੰਮੇ ਸਮੇਂ ਤੋਂ ਛਪਦੇ ਹਨ। ਭਾਰਤ, ਬਰਤਾਨੀਆ, ਕੈਨੇਡਾ, ਅਮਰੀਕਾ, ਜਰਮਨੀ, ਫਰਾਂਸ, ਹੌਲੈਂਡ ਅਤੇ ਅਸਟ੍ਰੇਲੀਆ ਦੇ 8 ਤੋਂ 15 ਅਖ਼ਬਾਰਾਂ ਵਿੱਚ ਵੀ ਉਹਨਾ ਦੇ ਲੇਖ ਛਾਇਆ ਹੁੰਦੇ ਹਨ। 1984 ਤੋਂ ਲੈ ਕੇ ਹੁਣ ਤੱਕ ਉਹ 1000 ਤੋਂ ਵੱਧ ਲੇਖ ਸਿੱਖ ਧਰਮ, ਸਿੱਖ ਸੰਸਥਾਵਾਂ ਵਿਦੇਸ਼ ਦੀਆਂ ਭਾਰਤੀ ਸੰਸਥਾਵਾਂ, ਸਿੱਖਾਂ ਤੇ ਭਾਰਤੀਆਂ ਨਾਲ ਹੋ ਰਹੇ ਨਸਲੀ ਵਿਤਕਰੇ, ਫਾਸ਼ਿਜ਼ਮ, ਪ੍ਰਵਾਸ, ਪ੍ਰਵਾਸੀ ਸਮੱਸਿਆ, ਮੀਡੀਆ ਦੇ ਪਸਾਰ, ਪੰਜਾਬੀ ਅਤੇ ਸਿੱਖ ਮੀਡੀਆ, ਦੇਸ਼ਾਂ ਦੇ ਦੁਵੱਲੇ ਸਬੰਧਾਂ, ਰਾਜਨੀਤੀ, ਵਪਾਰ, ਇਸਲਾਮਿਕ ਅੱਤਵਾਦ, ਅੰਤਰਰਾਸ਼ਟਰੀ ਰਾਜਨੀਤਕ ਕਾਨਫਰੰਸਾਂ, ਸੰਮੇਲਨ, ਭਾਰਤ ਦੀ ਕਲਾ ਅਤੇ ਇਤਹਾਸਕ ਮੁਜੱਸਮਿਆਂ , ਪੱਤਰਕਾਰਾਂ ਦੇ ਕਤਲਾਂ, ਮੀਡੀਆ ਵਰਕਰਾਂ, ਮਨੁੱਖੀ ਅਧਿਕਾਰਾਂ ਬਾਰੇ ਲਿਖ ਚੁੱਕਾ ਹੈ।

ਗੁਰੂ ਸਾਹਿਬ ਜੀ ਦੇ ਤਿੰਨ ਸੌ ਸਾਲਾ ਸਥਾਪਨਾ ਦਿਵਸ ਸਮੇਂ ਪ੍ਰਕਾਸ਼ਤ ਕੀਤਾ, ਅਪ੍ਰੈਲ 2011 'ਚ ਅੰਤਰ-ਰਾਸ਼ਟਰੀ ਵਿਸਾਖੀ ਸੋਵੀਨਰ ਸਿੱਖਾਂ ਦੀ ਪੱਗੜੀ ਮੁਹਿੰਮ ਅਤੇ ਸਿੱਖਾਂ ਨਾਲ ਹੋ ਰਹੀਆਂ ਬੇਇਨਸਾਫੀਆਂ ਦੇ ਵਿਰੋਧ ਵਿੱਚ ਆਪਣੀ ਵੱਖਰੀ ਪਹਿਚਾਣ ਲੈ ਕੇ ਆਇਆ। ਜੋ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ: ਜਸਪਾਲ ਸਿੰਘ ਵੱਲੋਂ ਪੰਜਾਬੀ ਪਾਠਕਾਂ ਦੇ ਸਪੁਰਦ ਕੀਤਾ ਗਿਆ ਫਿਰ ਇੰਡੀਅਨ ਐਵਰੋਡ ਦਾ 17ਵਾਂ ਐਡੀਸ਼ਨ ਛਾਪਿਆ ਗਿਆ, ਜਿਸ ਵਿੱਚ ਸਿੱਖ ਜਗਤ ਦੀ ਏ ਟੂ ਜੈਡ ਡਾਇਰੈਕਟਰੀ ਦੇ ਨਾਲ ਨਾਲ 350 ਵੇਂ ਅਨੰਦਪੁਰ ਸਾਹਿਬ ਦੇ ਸਥਾਪਨਾ ਦਿਵਸ ਨਾਲ ਸਬੰਧਤ ਇਤਹਾਸ ਅਤੇ ਇਤਹਾਸਕ ਮਹੱਤਤਾ ਦਰਸਾਉਂਦਾ 8 ਸਫਿਆਂ ਦਾ ਸਪਲੀਮੈਂਟ ਵੀ ਸ਼ਾਮਲ ਹੈ। 2017 ਵਿੱਚ ਛਾਪਿਆ ਸਪੈਸ਼ਲ ਗੁਰੂ ਗੋਬਿੰਦ ਸਿੰਘ ਜੀ ਐਡੀਸ਼ਨ ਅਤੇ ਵੈਸਾਖੀ ਸੋਵੀਨਰ 2017 ਸ਼ੇਰਗਿੱਲ ਦੀ ਸੰਪਾਦਕੀ ਮਿਹਨਤ ਦਾ ਪ੍ਰਮਾਣ ਹਨ। ਇਹਨਾ ਪ੍ਰਾਪਤੀਆਂ ਸਦਕਾ ਜਿਥੇ ਉਹਨਾ ਨੂੰ ਦੇਸ਼ ਵਿਦੇਸ਼ 'ਚ ਲੋਕਾਂ ਵਲੋਂ ਸਨਮਾਨ ਮਿਲੇ, ਉਥੇ 2015 'ਚ ਦੂਰਦਰਸ਼ਨ ਜਲੰਧਰ ਤੇ ਸਿੱਧੇ ਪ੍ਰਸਾਰਣ ਦੌਰਾਨ ਪੰਜਾਬੀ ਅਕਾਡਮੀ ਜਲੰਧਰ ਵਲੋਂ ਕੀਤਾ ਸਨਮਾਨ, ਇੱਕ ਅਭੁੱਲ ਤੇ ਯਾਦਗਾਰੀ ਸਨਮਾਨ ਸੀ। ਇਸੇ ਦੌਰਾਨ ਨਰਪਾਲ ਸਿੰਘ ਸ਼ੇਰਗਿੱਲ ਨੂੰ ਪੰਜਾਬ ਦੀ ਨਾਮੀ ਸਭਿਆਚਾਰਕ ਸੰਸਥਾ ਪੰਜਾਬੀ ਵਿਰਸਾ ਟਰੱਸਟ(ਰਜਿ:) ਫਗਵਾੜਾ ਵਲੋਂ 2016 'ਚ ਪਹਿਲਾ "ਮਾਣਮੱਤਾ ਪੱਤਰਕਾਰ ਪੁਰਸਤਕਾਰ" ਉਹਨਾ ਦੀਆਂ ਪੱਤਰਕਾਰੀ ਖੇਤਰ 'ਚ ਵੱਡੀਆਂ ਪ੍ਰਾਪਤੀਆਂ ਲਈ ਪ੍ਰਦਾਨ ਕੀਤਾ ਗਿਆ।




27 ਦਸੰਬਰ 2017 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਸ: ਨਰਪਾਲ ਸਿੰਘ ਸ਼ੇਰਗਿੱਲ ਦੀ ਪਹਿਲਕਦਮੀ ਉਤੇ ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ (ਰਜਿ:) ਅਤੇ ਗਲੋਬਲ ਪੰਜਾਬ ਫਾਊਂਡੇਸ਼ਨ (ਰਜਿ:) ਵਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਕਰਵਾਈ ਗਈ ਨਿਰੋਲ ਪੱਤਰਕਾਰੀ 'ਤੇ ਅਧਾਰਤ 'ਗਲੋਬਲ ਪੰਜਾਬੀ ਮੀਡੀਆ ਕਾਨਫੰਰਸ' ਇੱਕ ਮੀਲ ਪੱਥਰ ਸਾਬਤ ਹੋਈ।

ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਨੇ ਆਪਣੀ ਇੰਡੀਅਨਜ਼ ਐਵਰੌਡ ਦਾ 20ਵਾਂ ਅੰਕ ਕੈਨੇਡਾ ਵਸਦੇ ਪੰਜਾਬੀਆਂ ਨੂੰ "ਕੈਨੇਡਾ ਵਿਸ਼ੇਸ਼ ਅੰਕ" ਸਮਰਪਿਤ ਕੀਤਾ। ਕੈਨੇਡਾ ਦੀ ਸਥਾਪਤੀ ਦੇ 150 ਵਰੇ, ਪੰਜਾਬੀਆਂ ਦੇ ਪ੍ਰਵਾਸ, ਪੰਜਾਬੀਆਂ ਦੇ ਕੈਨੇਡਾ 'ਚ 125 ਵਰਿਆਂ ਦੇ ਸੰਘਰਸ਼, ਉਹਨਾ ਦੇ ਕਾਰੋਬਾਰ, ਕੈਨੇਡਾ ਦੇ ਗੁਰੂ ਘਰਾਂ ਬਾਰੇ ਜਾਣਕਾਰੀ, ਅਤੇ ਪ੍ਰਵਾਸੀ ਪੰਜਾਬੀਆਂ ਵਲੋਂ ਵਿਸ਼ੇਸ਼ ਖੇਤਰਾਂ 'ਚ ਮਾਰੀਆਂ ਇਤਿਹਾਸਕ ਮੱਲਾਂ ਬਾਰੇ ਵੀ ਖੋਜ਼ ਭਰਪੂਰ ਜਾਣਕਾਰੀ ਇੰਡੀਅਨਜ਼ ਐਵਰੌਡ ਦੇ ਇਸ ਅੰਕ ਵਿੱਚ ਸ਼ਾਮਿਲ ਕੀਤੀ।

ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਗੁਰਪੁਰਬ ਤੇ ਨਰਪਾਲ ਸਿੰਘ ਸ਼ੇਰਗਿਲ ਵਲੋਂ ਪ੍ਰਕਾਸ਼ਿਤ ਕੀਤਾ ਗਿਆ ਵਿਸ਼ੇਸ਼ ਅੰਕ ਉਸਦੀ ਸਲਾਨਾ ਪ੍ਰਕਾਸ਼ਨਾ (Inidans Abroad and Punjaib Impact) ਦਾ 21ਵਾਂ ਸਲਾਨਾ ਅੰਤਰ-ਰਾਸ਼ਟਰੀ ਵਾਰਸ਼ਿਕ ਅੰਕ ਸੀ। ਜਿਸ ਵਿੱਚ ਪਿਛਲੀਆਂ ਸਾਰੀਆਂ ਖੋਜ ਭਰਪੂਰ ਰਚਨਾਵਾਂ ਅਤੇ ਜਾਣਕਾਰੀ ਦੇ ਨਾਲ ਨਾਲ 8 ਅੰਤਰਰਾਸ਼ਟਰੀ ਡਾਇਰੈਕਟਰੀਆਂ ਇਸ ਵਿੱਚ ਸ਼ਾਮਿਲ ਕੀਤੀਆਂ ਗਈਆਂ । ਇਸ ਅੰਕ ਵਿੱਚ ਸਿੱਖਾਂ ਦੇ ਪਹਿਲੇ ਗੁਰੂ, ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਅਤੇ ਉਹਨਾ ਦੇ ਪ੍ਰਭਾਵ ਵਿੱਚ ਸੰਸਾਰ ਭਰ ਵਿੱਚ ਪੰਜਾਬ ਤੋਂ ਬਾਹਰ ਗਏ ਲੋਕਾਂ ਵਲੋਂ ਪਹਿਲੀਆਂ ਅਤੇ ਪ੍ਰਮੁੱਖ ਪ੍ਰਾਪਤੀਆਂ ਨੂੰ "ਪਹਿਲੇ" ਹੋਣ ਦਾ ਮਾਣ ਦਿਤਾ ਗਿਆ, ਜਿਸ ਨੂੰ "The Class of the iFrsts" ਦੇ ਚੈਪਟਰ ਵਜੋਂ ਪੇਸ਼ ਕੀਤਾ ਗਿਆ।

ਇਸੇ ਵਿਲੱਖਣ ਅਧਿਆਏ ਵਾਂਗਰ ਗੁਰੂ ਨਾਨਕ ਦੇਵ ਜੀ ਦੇ ਇਸ ਵਿਸ਼ੇਸ਼ ਅੰਕ ਵਿੱਚ ਸੰਸਾਰ ਭਰ ਦੇ 550 ਗੁਰੂ ਨਾਨਕ ਨਾਮ ਲੇਵਾ ਸਿੱਖ ਚਿਹਰੇ, ਮਰਦ ਅਤੇ ਬੀਬੀਆਂ, ਵਿਖਾਏ ਗਏ। ਇਹਨਾ ਦੇ ਨਾਲ ਨਾਲ ਪਿਛਲੇ ਵਰ੍ਹਿਆਂ ਦੌਰਾਨ ਵਿਸ਼ਵ ਦੀ ਪਰਕਰਮਾ ਕਰਕੇ ਧੁਰ ਪੂਰਬ ਤੋਂ ਧੁਰ ਪੱਛਮ ਤੱਕ ਸਥਾਪਿਤ ਕੀਤੇ ਗਏ ਗੁਰੂ ਨਾਨਕ ਦੇ ਨਾਮ ਨਾਲ ਅਤੇ ਹੋਰ ਇਤਿਹਾਸਕ ਗੁਰਦੁਆਰਾ ਸਾਹਿਬਾਨ ਨੂੰ ਸਮੁੱਚੇ ਸਿੱਖ ਸੰਸਾਰ ਸਾਹਮਣੇ ਰੱਖਿਆ ਗਿਆ। ਇਸ ਪੁਸਤਕ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਵਿਦਵਾਨਾਂ ਦੀਆਂ ਖੋਜ ਭਰਪੂਰ ਲਿਖਤਾ, ਰਚਨਾਵਾਂ ਸ਼ਾਮਲ ਕੀਤੀਆਂ ਗਈਆਂ, ਜਿਨਾਂ ਵਿੱਚ ਗੁਰੂ ਨਾਨਕ ਦੇਵ ਦੀਆਂ ਉਦਾਸੀਆਂ, ਉਹਨਾ ਦਾ ਨਨਕਾਣਾ ਸਾਹਿਬ ਜਨਮ ਅਸਥਾਨ, ਸੁਲਤਾਨਪੁਰ ਲੋਧੀ ਕਰਮਭੂਮੀ ਅਤੇ ਅਖੀਰਲੇ ਵਰ੍ਹਿਆਂ ਦੇ ਕਰਤਾਰਪੁਰ ਸਾਹਿਬ ਦੇ ਜੀਵਨ ਨੂੰ ਪੇਸ਼ ਕੀਤਾ ਗਿਆ।

ਅੱਜ ਲਗਭਗ ਤਿੰਨ ਕਰੋੜੀ ਆਬਾਦੀ ਅਤੇ ਢਾਈ ਦਰਿਆਵਾਂ ਵਾਲਾ ਪੰਜਾਬ, ਜਦੋਂ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਅੱਜ ਜਦੋਂ ਪੰਜਾਬ ਦੇ ਲੋਕ ਮ੍ਰਿਗ ਤ੍ਰਿਸ਼ਨਾ ਵਰਗੇ ਸੁਪਨੇ ਹੰਢਾ ਰਹੇ ਹਨ, ਜਿਹਨਾ ਕਾਰਨ ਲੋਕਾਂ ਪੱਲੇ ਕੁਝ ਵੀ ਪੈ ਨਹੀਂ ਰਿਹਾ, ਸੂਬੇ ਪੰਜਾਬ ਦੇ ਹੱਕਾਂ ਉਤੇ ਲਗਾਤਾਰ ਡਾਕੇ ਪੈ ਰਹੇ ਹਨ, ਪੰਜਾਬ 'ਚ ਪੱਤਰਕਾਰਤਾ ਉਤੇ ਹਮਲੇ ਹੋ ਰਹੇ ਹਨ, ਉਦੋਂ ਵੱਡੀ ਗਿਣਤੀ ਸਿਆਸਤਦਾਨ ਪੰਜਾਬ ਦੇ ਵੱਡੇ ਮਸਲਿਆਂ ਮੁੱਦਿਆਂ ਨੂੰ ਦਰ ਕਿਨਾਰ ਕਰ ਆਪਣੀ ਕੁਰਸੀ ਪੱਕੀ ਕਰਨ ਦੇ ਆਹਰ ਵਿੱਚ ਹਨ, ਉਦੋਂ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਵਰਗੇ ਪ੍ਰਸਿੱਧ ਪੱਤਰਕਾਰ, ਬੁੱਧੀਜੀਵੀ ਪੰਜਾਬ ਦਾ ਰਾਹ ਦਸੇਰਾ ਬਣੇ ਪੰਜਾਬ ਸਮੱਸਿਆਵਾਂ ਦੇ ਹੱਲ ਲਈ ਆਪਣੀ ਨੁਕੀਲੀ ਕਲਮ ਚਲਾ ਰਹੇ ਹਨ। ਪੰਜਾਬੀ-ਸੰਸਾਰ ਪੁਸਤਕ ਇਸ ਗੱਲ ਦਾ ਪ੍ਰਮਾਣ ਹੈ ਕਿ ਲੇਖਕ ਨਰਪਾਲ ਸਿੰਘ ਸ਼ੇਰਗਿੱਲ ਅਤੇ ਉਹਨਾ ਦੇ ਸਾਥੀ ਲੇਖਕਾਂ ਦੀਆਂ ਪੰਜਾਬੀ-ਸੰਸਾਰ 'ਚ ਛਪੀਆਂ ਰਚਨਾਵਾਂ ਪੰਜਾਬ ਹਿਤੈਸ਼ੀ ਬਾਤ ਪਾਉਂਦੀਆਂ ਹਨ ਅਤੇ ਪੰਜਾਬ ਦੇ ਵਿੱਚੋਂ ਹੋ ਰਹੇ ਧਿੰਗੋਜੋਰੀ ਪ੍ਰਵਾਸ, ਪੰਜਾਬ ਦੇ ਪਾਣੀਆਂ ਦੇ ਮਸਲੇ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਪੱਤਰਕਾਰਾਂ ਉਤੇ ਹਮਲਿਆਂ ਅਤੇ ਪੰਜਾਬ ਦੀ ਕਿਸਾਨੀ ਦੇ ਮਸਲੇ ਲੋਕਾਂ ਸਾਹਵੇਂ ਲਿਆਕੇ ਮੰਜਿਆਂ ਉਤੇ ਲੰਮੀਆਂ ਤਾਣ ਕੇ ਸੁੱਤੇ ਪਏ ਸਿਆਸਤਦਾਨਾਂ ਨੂੰ ਝੰਜੋੜਦੀਆਂ ਹਨ, ਜਿਹੜੇ ਪੰਜਾਬੀਆਂ ਨੂੰ ਵਿਹਲੜ, ਮੰਗਤੇ ਬਣਾਕੇ ਉਹਨਾ ਨੂੰ ਮੁਫ਼ਤ ਰਾਸ਼ਨ ,ਪਾਣੀ, ਬਿਜਲੀ ਅਤੇ ਹੋਰ ਸਹੂਲਤ ਦੇ ਕੇ ਵੋਟ ਬਟੋਰਨ ਦੀ ਤਾਕ ਵਿੱਚ ਹਨ।

ਨਰਪਾਲ ਸਿੰਘ ਸ਼ੇਰਗਿੱਲ ਪੰਜਾਬ, ਪੰਜਾਬੀ, ਪੰਜਾਬੀਅਤ ਦਾ ਅਲੰਬਰਦਾਰ ਅਤੇ ਝੰਡਾ ਬਰਦਾਰ ਹੈ। ਪੰਜਾਬੀ ਵਿਰਸੇ ਦੀ ਸੰਭਾਲ ਉਸਦੀ ਪਹਿਲ ਹੈ। ਦੇਸ਼ਾਂ-ਵਿਦੇਸ਼ਾਂ 'ਚ ਭਰਮਣ ਕਰਦਿਆਂ ਵੀ ਅਤੇ ਆਪਣੀਆਂ ਲਿਖਤਾਂ ਵਿੱਚ ਵੀ ਉਹ ਪੰਜਾਬੀ ਵਿਰਸੇ ਦੀ ਬਾਤ ਪਾਉਂਦਾ ਹੈ ਅਤੇ ਪੂਰੀ ਨਿਡਰਤਾ ਨਾਲ ਆਪਣੀ ਜਨਮ ਭੂਮੀ (ਪੰਜਾਬ) ਅਤੇ ਕਰਮਭੂਮੀ (ਬਰਤਾਨੀਆ) 'ਚ ਵਿਚਰ ਰਿਹਾ ਹੈ।

ਸਾਡੀ ਕਾਮਨਾ ਹੈ ਕਿ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਦੀ ਸੇਵਾ ਲਈ ਲੰਮੇ ਸਮੇਂ ਤੋਂ ਕਰਮਸ਼ੀਲ, ਕਰਮਯੋਗੀ ਨਰਪਾਲ ਸਿੰਘ ਸ਼ੇਰਗਿੱਲ ਲੋਕਾਂ ਦਾ ਐਨਾ ਜੱਸ ਖੱਟੇ ਕਿ ਉਸ ਨੂੰ ਇੰਜ ਜਾਪੇ ਜਿਵੇਂ ਉਹਦੀ ਆਪਣੀ ਹੋਂਦ ਤਾਂ ਹੈ ਹੀ ਨਹੀਂ, ਉਹ ਤਾਂ ਆਪ ਹੀ 'ਲੋਕ' ਬਣ ਗਿਆ ਹੈ। ਇਸ ਪੁਸਤਕ ਦੀ ਭਾਰਤ 'ਚ ਕੀਮਤ 500 ਰੁਪਏ, ਯੂਕੇ 'ਚ 10 ਪੌਂਡ,

(ਬਾਕੀ ਅਗਲੇ ਸਫੇ 'ਤੇ)


ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

## ਲੋਕਾਂ ਦੀ ਕਰਜ਼ਦਾਰ ਹਾਂ ਜਿਹਨਾਂ ਉਸ ਦੇ "ਅਣਖੀ ਬੰਦੇ" ਨੂੰ ਦਿੱਤਾ ਪਿਆਰ ਉਹ ਵੀ ਬੇਸ਼ੁਮਾਰ- ਸੀਮਾ ਅਨਜਾਣ

ਸੀਮਾ ਅਨਜਾਣ ਦੀ ਸਟੇਜ ਕਹਿਰ ਦੀ ਪਿਆਰੀ ਹੈ ਹਸਾ ਹਸਾ ਕਿ ਫਿਰ ਨਚਾ ਦਿੰਦੀ ਏ ਤੇ ਗਾਇਕੀ ਮਿੱਠੀ ਪਤਾਸੇ ਜਿਹੀ ਤੇ ਇਹੀ ਸੀਮਾ ਅਨਜਾਣ ਨੂੰ ਰਾਮ ਭੋਗ ਪੁਰੀਆ ਨੇ ਪੇਸ਼ ਕੀਤਾ ਏ ਪੰਜਾਬੀ ਲੋਕਾਂ ਦੇ ਸਨਮੁੱਖ ਗੀਤ ਲੋਕ ਤੱਥ "ਅਣਖੀ ਬੰਦੇ" ਨਾਲ ਤੇ ਕਯਾ ਅਣਖ ਨਾਲ ਇਸ ਗਾਇਕਾ ਨੇ ਗਾਇਆ ਹੈ ਕਿ ਵਾਹ ਵਾਹ ਦੀ ਆਵਾਜ਼ ਸੁਣ ਕਿ "ਅਣਖੀ ਬੰਦੇ" ਗੀਤ ਨਿਕਲਦੀ ਹੈ । ਸੀਮਾ ਅਨਜਾਣ ਦੇ ਇਹ ਲੋਕ ਤੱਥ ਮਨੀਸ਼ ਸ਼ਰਮਾ ਤੇ ਪੁਰੀ ਸਾਬ ਨੇ ਆਰ ਜੇ ਬੀਟ ਕੰਪਨੀ ਵਿੱਚੋਂ ਸ਼ਾਨ ਨਾਲ ਰਲੀਜ਼ ਕੀਤੇ ਹਨ। ਸੀਮਾ ਅਨਜਾਣ ਲਈ ਚੰਗੀ ਗੱਲ ਇਹ ਜੀ ਕਿ ਹਰ ਸੰਗੀਤ ਸਾਈਟ ਤੇ ਉਹ ਪਹਿਲੇ ਨੰਬਰ ਤੇ ਜਾ ਰਹੀ ਹੈ। ਸੀਮਾ ਨੇ ਇਸ ਲਈ ਗੀਤਕਾਰ ਸਤਨਾਮ ਸਿੰਘ ਮਥਰੇ ਵਾਲੀਆ ਤੇ ਮਿਊਜ਼ਿਕ ਮੇਨ




ਦੇ ਸੰਗੀਤ ਨੂੰ ਸਿਹਰਾ ਦਿੱਤਾ ਹੈ। ਯਾਦ ਰਹੇ ਇਸ ਵਾਰ ਸੀਮਾ ਦੇ ਇਸ ਲੋਕ ਤੱਥ "ਅਣਖੀ ਬੰਦੇ" ਦਾ ਵੀਡਿਓ ਨੀਰਜ ਸ਼ਰਮਾ ਨੇ ਤਿਆਰ ਕੀਤਾ ਹੈ।ਉਮੀਦ ਹੈ ਕਿ ਪੰਜਾਬੀ ਨਾਰੀ ਗਾਇਕੀ ਦੀ ਸਟਾਰ ਸੀਮਾ ਅਨਜਾਣ ਜਲਦੀ ਹੀ ਨਿਮਰਤ ਖਹਿਰਾ ਤੇ ਸੁਣਾਂਦਾ ਸ਼ਰਮਾ ਦੀ ਤਰਾਂ ਫ਼ਿਲਮਜ਼ ਦਾ ਸ਼ਿੰਗਾਰ ਬਣੇਗੀ। ਸੀਮਾ ਨੇ ਕਿਹਾ ਕਿ ਪਹਿਲੀ ਗੱਲ ਜੀ ਕਿ ਲੋਕ ਅੱਜ ਕਲ ਸੱਚ ਸੁਣਦੇ ਹਨ ਤੇ "ਅਣਖੀ ਬੰਦੇ" ਅਜਿਹਾ ਗਾਣਾ ਹੈ, ਦੂਜੀ ਗੱਲ ਕਿ ਵੀਡਿਓ ਨੀਰਜ ਨੇ ਸੱਭਿਆਚਾਰਕ ਬਣਾ ਕਿ ਕਮਾਲ ਕੀਤਾ ਹੈ ਤੇ ਤੀਸਰਾ ਰਾਮ ਭੋਗ ਪੁਰੀਆ ਨੇ ਵੀ ਆਪਣੀ ਪੂਰੀ ਤਾਕਤ ਇਸ ਟਰੈਕ ਤੇ ਲਾਈ ਹੈ। ਉਸ ਨੇ ਕਿਹਾ ਕਿ ਜਿੰਨਾ ਪਿਆਰ "ਅਣਖੀ ਬੰਦੇ"ਨੂੰ ਲੋਕਾਂ ਦਿੱਤਾ ਏ ਇਹ ਓਸ ਲਈ ਸਦਾ ਯਾਦ ਰੱਖਣ ਯੋਗ ਯਾਦ ਹੈ।

## ਕਲਮ

ਉੱਠ ਮੇਰੀ ਕਲਮ ਉੱਠ
ਚੱਲ, ਚੱਲ, ਚੱਲ
ਜ਼ਰਾ ਤੁਰ ਤਾਂ ਸਹੀਂ
ਥੋੜਾ ਖੁਰ ਤਾਂ ਸਹੀਂ
ਲਿਖ ਦੇ ਉਹ ਸ਼ਬਦ
ਜੋ ਵਰਕੇ ਉੱਤੇ ਉੱਠ ਪੈਣ
ਹੋਣ ਉਸ ਬੀਜ ਦੀ ਤਰ੍ਹਾਂ
ਜੋ ਮਿੱਟੀ 'ਚ ਰਲ ਫੁੱਟ ਪੈਣ
ਖੜ ਜਾਣ ਫਿਰ ਅਡੋਲ
ਬਣ ਕੇ ਬਿਰਖ ਦੇ ਵਾਂਗੁ
ਸੱਚ,ਇਮਾਨ ਤੇ ਸ਼ਿੱਦਤ ਨਾਲ
ਆਏ ਇਕ ਹਿਰਖ ਦੇ ਵਾਂਗੁ ।

ਉੱਠ ਮੇਰੀ ਕਲਮ ਉੱਠ
ਇਕ ਡੋਕਾ ਭਰ ਲੈ
ਜ਼ਰਾ ਸਿਆਹੀ ਜ਼ਰ ਲੈ
ਤੇ ਉੱਕਰ ਦੇ ਖਿਆਲ
ਹੌਂਕਦੇ ਹੋਏ ਸਾਹਾਂ ਦਾ
ਡੰਡੀ,ਪਗ-ਡੰਡੀ ਦੀ ਭਾਲ
ਗਾਹੇ ਖੰਡਰ ਰਾਹਾਂ ਦਾ
ਵਿਸੀਆਂ ਲਾਸ਼ਾਂ ਦਾ
ਉੱਜੜੇ ਜਜਬਾਤਾਂ ਦਾ
ਟੁੱਟੇ ਦਿਲ ਜੁੜਨ ਦਾ
ਤੇ ਭਰ ਉਨ੍ਹਾਂ 'ਚ ਸਾਹ
ਔਖੇ ਰਾਹਾਂ ਤੇ ਤੁਰਨ ਦਾ ।


ਉੱਠ ਮੇਰੀ ਕਲਮ ਉੱਠ
ਸੁੱਕ ਨਾ ਜਾਵੇ ਸਿਆਹੀ
ਤੁਰਦਾ ਨਾ ਰੁਕੇ ਰਾਹੀ
ਬੇਖ਼ੌਫ਼ ਤੇ ਬੇਡੋਲ ਜਿਹਾ
ਖਿੱਚ ਮਾਰਗ ਤੇ ਮੁਕਾਮ
ਢਲੇ ਨਾ ਉਹਦੀ ਸ਼ਾਮ
ਨਾ ਉਹ ਭਟਕੇ
ਨਾ ਹੀ ਕਿਤੇ ਅਟਕੇ
ਉੱਗ ਜਾਵੇ ਚਾਨਣ
ਉਹਦੀਆਂ ਰਾਤਾਂ ਵਿਚ
ਨਾ ਬੁਝੇ ਤ੍ਰਿਸ਼ਨਾ ਪਾਉਣ ਦੀ,
ਅੱਗੇ ਤੇ ਹੋਰ ਅੱਗੇ ਜਾਣ ਦੀ ।

ਉੱਠ ਮੇਰੀ ਕਲਮ ਉੱਠ
ਚਲ ਰੁਕਣਾ ਨਹੀਂ
ਲ਼ਿਖਦੇ ਝੁਕਣਾ ਨਹੀਂ
ਮਿਟੇ ਝੁੱਗੀਆਂ ਚੋਂ ਹਨੇਰਾ
ਚੜ੍ਹੇ ਕਿਰਤੀ ਲਈ ਸਵੇਰਾ
ਜਦ ਤੱਕ ਨੇ ਪ੍ਰਾਣ
ਤੇ ਹੱਥ ਵਿੱਚ ਹੈ ਜਾਨ
ਪਰੋ ਦੇ ਮਨ ਦੇ ਮੋਤੀ
ਜਗੇ ਢਾਰਿਆਂ 'ਚ ਜੋਤੀ
ਦੇ ਗੂੰਗਿਆਂ ਨੂੰ ਸ਼ਬਦ
ਜੋ ਉਨ੍ਹਾਂ ਦੀ ਹੋਣ ਅਵਾਜ਼ ,
ਪੱਤਾ-ਪੱਤਾ, ਟਾਹਿਣੀ-ਟਹਿਣੀ ਹੋਣ
ਅਬਾਦ ।


ਰਬਿੰਦਰ ਸ਼ਰਮਾ
91-9814667682

## 19 ਅਪ੍ਰੈਲ ਨੂੰ ਸਿਨੇਮਾ ਘਰਾਂ ਵਿੱਚ ਆਪਣੇ ਕਾਲੇ ਰੰਗ ਦੇ ਝੋਟੇ ਨਾਲ ਆ ਰਿਹੈ ਯੋਗਰਾਜ ਸਿੰਘ

ਤਿਆਰ ਰਹੇ ਈਦ ਮੁਬਾਰਕ ਕਹਿ ਲਓ, ਜੱਫੀਆਂ ਪਾ ਖ਼ੁਦਾ ਦੇ ਇਨਸਾਨਾਂ ਨਾਲ, ਮਨਾਓ ਵੈਸਾਖੀ ਤੇ ਫ਼ਿਰ 19 ਅਪ੍ਰੈਲ ਨੂੰ ਸਿਨੇਮਾ ਘਰਾਂ ਵਿੱਚ ਆਓ ਤੇ ਦੇਖਣਾ ਕਿ ਸ਼ਹਿਨਸ਼ਾਹ ਏ ਪੰਜਾਬੀ ਫ਼ਿਲਮਾਂ ਯੋਗਰਾਜ ਸਿੰਘ ਪਰਦੇ ਤੇ ਆਪਣੇ ਕਾਲੇ ਰੰਗ ਦੇ ਝੋਟੇ ਨਾਲ ਨਜ਼ਰ ਆਉਣਗੇ। ਫੋਟੋ ਤੁਸੀਂ ਦੇਖ ਲਓ ਝੋਟਾ ਅਰਥਾਤ ਮੱਝ ਦਾ ਹਸਬੈਂਡ, ਕਮਾਲ ਦਾ ਕਿਰਦਾਰ ਫ਼ਿਲਮ ਏ "ਸ਼ਾਇਰ" ਉਦੇ ਪ੍ਰਤਾਪ ਸਿੰਘ ਦੀ ਨਿਰਦੇਸ਼ਤ ਕੀਤੀ ਹੋਈ ਹੈ। ਯੋਗਰਾਜ ਸਿੰਘ ਕਿੰਜ ਬਣਾਉਂਦੇ ਨੇ ਝੋਟੇ ਨੂੰ ਸ਼ਾਇਰ ਤੇ ਸਰਤਾਜ ਨੂੰ ਸ਼ਾਇਰ"ਬਣਾਉਣ ਦੀ ਗਾਥਾ ਵੀ ਯੋਗਰਾਜ ਸਿੰਘ ਸੁਣਾ ਦੇਣਗੇ। ਯੋਗਰਾਜ ਸਿੰਘ ਦਾ ਪਹਿਰਾਵਾ




ਦੇਖ ਵੱਖੀਆਂ ਟੁੱਟ ਜਾਣੀਆਂ ਹਨ। ਸਤਿੰਦਰ ਸਰਤਾਜ ਦੇ ਨਾਲ ਨੀਰੂ ਬਾਜਵਾ ਹੈ। ਯੋਗਰਾਜ ਸਿੰਘ ਦੇ ਦਮ ਤੇ "ਸ਼ਾਇਰ," ਸਿਨੇਮਾ ਘਰਾਂ ਵਿਚ ਹਿੱਟ ਹੋਏਗੀ। ਆਖ਼ਿਰ ਯੋਗਰਾਜ ਸਿੰਘ ਅੱਜ ਵੀ ਸਟਾਰ ਹੈ। ਤੇ ਫਿਰ ਕਾਲੇ ਰੰਗ ਦਾ ਸ਼ਿੰਗਾਰ ਕੀਤਾ ਝੋਟਾ ਤੇ ਨਾਲ ਯੋਗਰਾਜ ਸਿੰਘ ਪਹਿਨ ਕਿ ਜਲਸਾ ਸਿਨੇਮਾ ਘਰਾਂ ਵਿੱਚ ਪੂਰਾ ਜਲਸਾ ਲਾਓਣ ਵਾਲੇ ਹਨ। "ਗੋਰਿਆਂ ਨੂੰ ਦਫਾ ਕਰੋ " ਯੋਗਰਾਜ ਸਿੰਘ ਦੇ ਕਿਰਦਾਰ ਨੇ ਫੱਟੇ ਚੱਕ ਦਿੱਤੇ ਸੀ ਤੇ ਹੁਣ ਓਹ ਤੇ ਓਹਨਾਂ ਦਾ ਝੋਟਾ ਗ਼ਦਰ ਪਾਏਗਾ।

## ਨਕਲੀ ਦਵਾਈਆਂ/ਰਿਸ਼ਵਤਖੋਰੀ

ਕੋਈ ਮਰਦੈ, ਉਹ ਮਰਜੇ,
ਪਰ ਸਾਡਾ ਖਾਤਾ ਭਰਜੇ।

ਦਵਾਈ ਮਿੱਟੀ ਹੋ ਗਈ,
ਮਿੱਟੀ ਨੂੰ ਮਿੱਟੀ ਧੋ ਗਈ।
ਦੇਸ਼ ਬਿਮਾਰੀਆਂ ਨਾਲ ਭਰਦੇ,
ਪਰ ਸਾਡੇ ਖਾਤਾ ਭਰਜੇ।

ਤਿੰਨ ਦਾ ਤਿੰਨ ਹਜ਼ਾਰ ਵੇਚਦੇ,
ਬਾਕੀ ਨਹਿਰਾਂ ਵਿਚ ਰੋੜ੍ਹਦੇ।
ਉਹ ਨਾ ਹੀ ਕਿਸੇ ਤੋਂ ਡਰਦੇ
ਪਰ ਸਾਡਾ ਖਾਤਾ ਭਰਜੇ।

ਨਾ ਰਹੀ ਹੁਣ ਇਨਸਾਨੀਅਤ,
ਸਭ ਪਾਸੇ ਫਿਰੀ ਹੈਵਾਨੀਅਤ
ਮੀਡੀਆ ਦਾ ਮੂੰਹ ਬੰਦ ਕਰਦੇ,
ਪਰ ਸਾਡਾ ਖਾਤਾ ਭਰਦੇ।
ਕੋਈ ਮਰਦੈ ਉਹ ਮਰਜੇ,
ਪਰ ਸਾਡਾ ਖਾਤਾ ਭਰਜੇ।


ਸੁਖਚਰਨ ਸਿੰਘ ਸਾਹੋਕੇ

## ਵਿਸ਼ਵ ਦੀ ਪੂਰੀ ਪਰਿਕਰਮਾ ਹੈ ਸ਼ੇਰਗਿੱਲ ਦਾ 'ਪੰਜਾਬੀ ਸੰਸਾਰ-2023' ਅਤੇ 'ਸਿੱਖ ਸੰਸਾਰ -2024'

**(ਸਫਾ 26 ਦੀ ਬਾਕੀ)**

ਯੂਐਸਏ 'ਚ 20 ਡਾਲਰ ਅਤੇ ਕੈਨੇਡਾ 'ਚ 20 ਡਾਲਰ ਹੈ।

ਸ਼ੇਰਗਿੱਲ ਦੀ ਦੂਜੀ ਪੁਸਤਕ "ਗੁਰੂ ਨਾਨਕ ਦੇਵ-ਗੁਰੂ ਗੋਬਿੰਦ ਸਿੰਘ ਵਿਚਾਰਧਾਰਾ ਦੀ ਪਰਿਕਰਮਾ ਹੈ- ਅੰਤਰ-ਰਾਸ਼ਟਰੀ ਗੁਰਦੁਆਰਾ ਸਾਹਿਬਾਨ ਦੀ ਡਾਇਰੈਕਟਰੀ-2024"

ਗੁਰੂ ਨਾਨਕ ਦੇਵ-ਗੁਰੂ ਗੋਬਿੰਦ ਸਿੰਘ ਜੀ ਵਿਚਾਰਧਾਰਾ ਦੀ ਪਰਿਕਰਮਾ ਕਰਨ ਵਾਲੇ ਪੰਜਾਬੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਨੇ ਪੂਰੀ ਦੁਨੀਆ ਘੁੰਮਕੇ, ਗੁਰੂ ਘਰਾਂ 'ਚ ਪੁੱਜਕੇ ਉਥੋਂ ਦੇ ਵੇਰਵੇ ਸੰਗਤਾਂ ਸਨਮੁੱਖ ਰੱਖਕੇ ਸਦਾ ਯਾਦ ਰੱਖਣ ਵਾਲਾ ਅਦਭੁੱਤ ਕਾਰਜ ਕੀਤਾ ਹੈ।

ਖੋਜੀ ਪੱਤਰਕਾਰੀ ਦਾ ਥੰਮ, ਵਿਸ਼ਵ ਪੰਜਾਬੀ ਸਾਂਝ ਦਾ ਪ੍ਰਤੀਕ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਆਪਣੀ ਤਿੱਖੀ, ਧੂੰਆਂ ਧਾਰ, ਬੇਬਾਕ, ਕਲਮ ਸਦਕਾ ਪੰਜਾਬੀ ਪਾਠਕਾਂ ਦਾ ਹਰਮਨ ਪਿਆਰਾ, ਚਹੇਤਾ, ਮੁਹਿੰਮਕਾਰੀ ਪੱਤਰਕਾਰ ਹੈ। ਮੁਹਿੰਮਕਾਰੀ ਪੱਤਰਕਾਰਤਾ 'ਚ ਇੱਕ ਹੋਰ ਪੁਲਾਂਘ ਭਰਦਿਆਂ ਨਰਪਾਲ ਸਿੰਘ ਸ਼ੇਰਗਿੱਲ ਨੇ ਜਿਸ ਢੰਗ ਨਾਲ ਦੁਨੀਆ ਭਰ ਦੇ ਗੁਰੂ ਘਰਾਂ 'ਚ ਸਿੱਜਦਾ ਕੀਤਾ, ਉਥੋਂ ਵੇਰਵੇ ਇਕੱਤਰ ਕੀਤੇ, ਉਸ ਨਾਲ ਉਹਨਾ ਨੂੰ ਅਮਰੀਕਾ , ਕੈਨੇਡਾ, ਇੰਗਲੈਂਡ, ਜਰਮਨੀ, ਇਟਲੀ, ਫਰਾਂਸ ਆਦਿ ਦੇਸ਼ਾਂ 'ਚ ਵੱਡਾ ਮਾਣ ਸਤਿਕਾਰ ਮਿਲਿਆ ਹੈ।

ਨਰਪਾਲ ਸਿੰਘ ਸ਼ੇਰਗਿੱਲ ਨੇ ਧਰਤੀ ਨਾਲ ਜੁੜੇ ਸ਼ਰਧਾਵਾਨ ਸਿੱਖ ਵਜੋਂ, ਇੱਕ ਪਰਉਪਕਾਰੀ ਜੀਊੜੇ ਵਜੋਂ, ਆਪਣੇ ਨਿੱਜੀ ਜੀਵਨ 'ਚ ਵਿਚਰਦਿਆਂ ਜਿਸ ਢੰਗ ਨਾਲ ਗ੍ਰਹਿਸਥ, ਸਮਾਜਿਕ, ਧਾਰਮਿਕ ਕਾਰਜਾਂ 'ਚ ਪ੍ਰਾਪਤੀਆਂ ਕੀਤੀਆਂ, ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹਨ। ਇਹਨਾ ਪ੍ਰਾਪਤੀਆਂ ਸਦਕਾ ਆਪ ਜੀ ਨੂੰ ਅਨੇਕਾਂ ਸਾਹਿਤਕ, ਪੱਤਰਕਾਰਤਾ ਨਾਲ ਸਬੰਧਤ ਸੰਸਥਾਵਾਂ, ਗੁਰੂ ਘਰਾਂ ਵਲੋਂ ਮਾਣ ਸਤਿਕਾਰ ਮਿਲਿਆ ਹੈ।

ਪਰ ਹੈਰਾਨੀ ਦੀ ਗੱਲ ਹੈ ਕਿ ਇੱਕ ਸੰਸਥਾ ਵਜੋਂ ਕੰਮ ਕਰਨ ਵਾਲੇ ਇਸ ਅੱਠ ਦਹਾਕੇ ਉਮਰ ਹੰਢਾਂ ਚੁੱਕੇ ਅਤੇ ਪੱਤਰਕਾਰੀ 'ਚ 55 ਸਾਲ ਪੱਤਰਕਾਰਤਾ 'ਚ ਸਫਲਤਾ ਨਾਲ ਨਿਭੇ ਉੱਦਮੀ ਪੱਤਰਕਾਰ, ਜਿਸਨੇ ਪੰਜਾਬੀ ਸੰਸਾਰ ਅਤੇ ਹੁਣ ਸਿੱਖ ਸੰਸਾਰ 'ਚ ਆਪਣੀ ਧਾਂਕ ਜਮਾਈ ਹੋਈ ਹੈ, ਉਸਨੂੰ ਨਾ ਕਿਸੇ ਸਰਕਾਰ ਨੇ ਅਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਕਦੇ ਸਤਕਾਰਿਆ ਹੈ।

ਇਨਟਰਨੈਸ਼ਨਲ ਡਾਇਰੈਕਟਰੀ ਆਫ ਗੁਰਦੁਆਰਾ'ਜ਼ ਐਂਡ ਸਿੱਖ ਆਰਗੇਨਾਈਸ਼ਨ-2024 ਪਹਿਲਾਂ ਸਾਲ 1985 'ਚ ਲੰਦਨ ਤੋਂ ਛਪਵਾਈ ਗਈ ਸੀ ਅਤੇ ਹੁਣ ਇਸਦਾ 2024 ਵਿੱਚ ਨਵਾਂ ਸੰਸਕਰਣ ਛਾਪਿਆ ਗਿਆ ਹੈ, ਜਿਸ ਦੀ ਭਾਰਤ 'ਚ ਕੀਮਤ 500 ਰੁਪਏ, ਯੂਕੇ 'ਚ 10 ਪੌਂਡ, ਯੂਐਸਏ 'ਚ 15 ਡਾਲਰ ਅਤੇ ਕੈਨੇਡਾ 'ਚ 20 ਡਾਲਰ ਹੈ। ਸੰਪਰਕ ਫੋਨ ਨੰ: 94171-04002 ਹੈ।

## ਵੋਟ ਸੋਚ ਸਮਝਕੇ ਪਾਵੋ

– ਮਨਮੋਹਨ ਸਿੰਘ ਪੂਨੀ

ਵੋਟ ਸੋਚ ਸਮਝਕੇ ਪਾਵੋ
ਠੰਡੇ ਪਾਣੀ ਨਾਲ ਨਹਾਵੋ
ਸੌਣ ਲੱਗਿਆਂ ਅੰਦਰ ਮਾਰੋ ਝਾਤ
ਉੱਠ ਪਏ ਹੋ ਤਾਂ ਸ਼ੁਭ ਪ੍ਰਭਾਤ
ਨਹੀਂ ਉੱਠੇ ਹੋਏ ਤਾਂ ਸੁੱਤੇ ਰਹੋ
ਲੋਕੀਂ ਦੱਸ ਗਏ ਦਿਲ ਦੀ ਬਾਤ
ਸਰਘੀ ਵੇਲੇ ਚੰਗਾ ਖਾਵੋ
ਵੋਟ ਸੋਚ ਸਮਝਕੇ ਪਾਵੋ !!

ਪੰਜਾਬੀਆਂ ਨੇ ਸਦਾ ਹੀ ਆਗੂ ਰੋਲ ਕੀਤਾ ਹੈ, ਚਾਹੇ ਆਜ਼ਾਦੀ ਲੈਣ ਦੀ ਗੱਲ ਹੋਵੇ ਜਾਂ ਫਿਰ ਆਜ਼ਾਦੀ ਬਚਾਉਣ ਦੀ। ਹੁਣ ਪੰਜਾਬ ਦੇ ਅੱਣਖੀ ਵਿਰਸੇ ਦੀ ਗੱਲ ਲੋਕਾਂ ਤੱਕ ਪਹੁੰਚਾਉਣ ਦਾ ਸਮਾਂ ਹੈ। ਉੱਠੋ ਪੰਜਾਬੀਓ , ਮਾਹਾਰਾਜਾ ਸਿੰਘ ਨੇ ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਮਾਪਤੀ ਬਾਅਦ ਅੰਗਰੇਜ਼ ਸਾਮਰਾਜ ਦੀ ਨੀਂਦ ਹਰਾਮ ਕੀਤੀ, ਕੂਕਾ ਲਹਿਰ ਜਿਸ ਨੇ ਅੰਗਰੇਜ਼ ਸਾਮਰਾਜ ਵਿੱਚ ਆਪਣਾ ਰਾਜ ਕਾਇਮ ਕੀਤਾ, ਗ਼ਦਰ ਲਹਿਰ ਦੇ ਸਾਥੀਆਂ ਨੇ ਅਮਰੀਕਾ ਕੈਨੇਡਾ ਨੂੰ ਅਲਵਿਦਾ ਕਹਿਕੇ ਆਜ਼ਾਦੀ -ਏ-ਹਿੰਦੋਸਤਾਨ 'ਚ ਅੱਣਖੀ ਹਿੱਸਾ ਪਾਇਆ ਸ਼ਹੀਦ ਕਰਤਾਰ ਸਿੰਘ ਸਰਾਭੇ ਪੈਂਦਾ ਕੀਤੇ, ਪਰਜਾਤੰਤਰ ਲਹਿਰ ਦੇ ਯੋਧਿਆਂ ਨੇ ਜਗੀਰਦਾਰਾਂ ਤੋਂ ਜ਼ਮੀਨਾਂ ਖੋਹਕੇ ਮੁਜ਼-ਾਰਿਆਂ ਨੂੰ ਮਾਲਕੀ ਦੁਆਉਣ ਦਾ ਇਤਿਹਾਸ ਰੱਚਿਆ, ਬੱਬਰ ਆਕਾਲੀ ਲਹਿਰ ਦੇ ਮਰਜੀਵੜਿਆਂ ਨੇ ਅੰਗਰੇਜ਼ ਸਾਮਰਾਜ ਦੇ ਪਿੱਠੂਆਂ ਨੂੰ ਸੋਧਾਂ ਲਾ ਕੇ ਆਜ਼ਾਦੀ ਦੇ ਘੋਲ 'ਚ ਹਿੱਸਾ ਬਰਦਾਰੀ ਕੀਤੀ , ਵਿਦਿਆਰਥੀ ਜੱਥੇਬੰਦੀਆਂ, ਨੌਜਵਾਨ ਜੱਥੇਬੰਦੀਆਂ (ਜਿਹਨਾਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਵਰਗੇ ਦੇਸ਼ ਉੱਤੋਂ ਜਾਨਾਂ ਨਿਸ਼ਵਰ ਕਰਨ ਵਾਲੇ ਅਨੇਕਾਂ ਯੋਧੇ ਪੈਦਾ ਕੀਤੇ), ਕਾਕੋਰੀ ਕਾਂਡ, ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਦੇ ਮਾਣਮੱਤੇ ਇਤਿਹਾਸ ਨੂੰ ਯਾਦ ਕਰੀਏ ਅਤੇ ਦੇਸ਼ ਵਿੱਚੋਂ ਸਾਮਰਾਜਵਾਦ ਦੇ ਪਿੱਠੂਆਂ ਨੂੰ ਜੱਗ ਜ਼ਾਹਰ ਕਰਕੇ ਕਿਰਤੀ ਦਾ ਰਾਜ ਲਿਆਉਣ ਵਿੱਚ ਹਿੱਸਾ ਪਾਈਏ।

ਲੋਕ ਸ਼ਕਤੀ ਸਾਰੀਆਂ ਸ਼ਕਤੀਆਂ ਤੋਂ ਸ਼ਕਤੀਸ਼ਾਲੀ ਹੈ। ਕਿਰਤੀ, ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਦੀ ਏਕਤਾ ਇੱਕ ਦਿਨ ਆਪਣਾ ਲੋਕ ਭਲੇ ਦਾ ਰੰਗ ਦਿਖਾਏਗੀ।

## ਬਾਲ ਕਹਾਣੀ
# ਸੰਗਤ ਦਾ ਅਸਰ



ਬਲਜਿੰਦਰ ਮਾਨ 98150 18947

ਬੰਸੀ ਆਪਣੇ ਸਕੂਲ ਦਾ ਸਭ ਤੋਂ ਆਗਿਆਕਾਰੀ ਬੱਚਾ ਹੈ। ਉਹ ਅਧਿਆਪਕਾਂ ਦੀ ਹਰ ਗੱਲ ਮੰਨਦਾ ਅਤੇ ਉਹਨਾਂ ਅਨੁਸਾਰ ਕੰਮ ਕਰਦਾ ਹੈ। ਉਸ ਦੀ ਬੋਲ-ਬਾਣੀ ਵੀ ਬਹੁਤ ਮਿੱਠੀ ਹੈ। ਇਸ ਕਰਕੇ ਹਰ ਮਿਲਣ ਵਾਲੇ ਵਿਅਕਤੀ ਦੇ ਦਿਲ ਵਿੱਚ ਘਰ ਕਰ ਜਾਂਦਾ ਹੈ। ਸਕੂਲ ਦਾ ਕੰਮ ਵੀ ਪੂਰੀ ਰੁਚੀ ਨਾਲ ਕਰਦਾ ਹੈ। ਸਕੂਲ ਵਿੱਚ ਆਪਣੇ ਸਾਥੀਆਂ ਨਾਲ ਕਦੀ ਲੜਦਾ ਝਗੜਦਾ ਨਹੀਂ ਸਗੋਂ ਉਹਨਾਂ ਦੇ ਕੰਮ ਵਿੱਚ ਹੱਥ ਵਟਾਉਂਦਾ ਹੈ।

ਇੱਕ ਦਿਨ ਉਸ ਦੇ ਅਧਿਆਪਕ ਨੇ ਪੁੱਛਿਆ ਕਿ ਉਸ ਨੇ ਇਹ ਗੱਲਾਂ ਕਿੱਥੋਂ ਸਿਖੀਆਂ ਨੇ ਤਾਂ ਬੰਸੀ ਨੇ ਆਖਿਆ, 'ਮੈਂ ਆਪਣੀ ਦੀਦੀ ਨੀਤੂ ਅਤੇ ਪ੍ਰੀਤੀ ਦੇ ਘਰ ਜਾਂਦਾ ਹਾਂ ਉਥੇ ਮੈਨੂੰ ਉਹ ਹਮੇਸ਼ਾ ਚੰਗੀਆਂ ਗੱਲਾਂ ਦੱਸਦੇ ਹਨ, ਜਦੋਂ ਮੈਂ ਕੋਈ ਗਲਤ ਸ਼ਬਦ ਬੋਲਦਾ ਹਾਂ ਤਾਂ ਉਹ ਮੈਨੂੰ ਝੱਟ ਰੋਕ ਦਿੰਦੇ ਨੇ ਤੇ ਸਹੀ ਸ਼ਬਦਾਂ ਦੀ ਵਰਤੋਂ ਸਿਖਾਉਂਦੇ ਹਨ'।

'ਇਹ ਗੱਲ ਤਾਂ ਬਹੁਤ ਚੰਗੀ ਹੈ', ਅਧਿਆਪਕ ਨੇ ਕਿਹਾ। ਬੰਸੀ ਨੇ ਅੱਗੇ ਦੱਸਿਆ, 'ਨੀਤੂ, ਪ੍ਰੀਤੀ ਅਤੇ ਹੈਰੀ ਹੁਣਾਂ ਦੇ ਘਰ ਕਦੀ ਵੀ ਕੋਈ ਉੱਚੀ ਨਹੀਂ ਬੋਲਦਾ ਸਾਰੇ ਇਕੱਠੇ ਬੈਠ ਕੇ ਖਾਣਾ ਖਾਂਦੇ ਹਨ ਅਤੇ ਇੱਕ ਦੂਜੇ ਦਾ ਆਦਰ ਕਰਦੇ ਹਨ। ਘਰ ਦਾ ਕੋਈ ਵੀ ਮੈਂਬਰ ਆਪਣਾ ਸਮਾਂ ਫੋਨ ਤੇ ਬਰਬਾਦ ਨਹੀਂ ਕਰਦਾ ਸਗੋਂ ਇਸ ਦੀ ਵਰਤੋਂ ਲੋੜ ਅਨੁਸਾਰ ਕਰਦੇ ਹਨ। ਮੈਂ ਇਹ ਸਭ ਕੁਝ ਦੇਖਦਾ ਰਹਿੰਦਾ ਹਾਂ ਮੇਰੇ ਮਨ ਵਿੱਚ ਆਪਣੇ ਆਪ ਇਹਨਾਂ ਗੱਲਾਂ ਦਾ ਅਸਰ ਹੁੰਦਾ ਰਹਿੰਦਾ ਹੈ। ਮੇਰੀਆਂ ਇਹ ਗੱਲਾਂ ਦੇਖ ਕੇ ਮੇਰੇ ਮੰਮੀ ਡੈਡੀ ਵੀ ਹੈਰਾਨ ਹੁੰਦੇ ਹਨ ਕਿਉਂਕਿ ਉਹ ਅਜਿਹੀਆਂ ਗੱਲਾਂ ਮੈਨੂੰ ਕਦੀ ਨਹੀਂ ਦੱਸਦੇ। ਉਹ ਤਾਂ ਵਿਚਾਰੇ ਆਪਣੇ ਕੰਮ ਵਿਚ ਹੀ ਰੁੱਝੇ ਰਹਿੰਦੇ ਹਨ।

ਇਕ ਦਿਨ ਸਕੂਲ ਵਿੱਚ ਅਧਿਆਪਕਾਂ ਨੇ ਫੋਨ ਦੀ ਸਹੀ ਵਰਤੋਂ ਬਾਰੇ ਬੱਚਿਆਂ ਦੇ ਵਿਚਾਰ ਜਾਣੇ। ਸਭ ਵਿਦਿਆਰਥੀਆਂ ਨੇ ਆਪੋ ਆਪਣੇ ਰੰਗ ਢੰਗ ਨਾਲ ਵਿਚਾਰ ਲਿਖੇ ਪਰ ਬੰਸੀ ਦੇ ਵਿਚਾਰ ਸਭ ਤੋਂ ਵੱਖਰੇ ਸਨ। ਉਸਨੇ ਲਿਖਿਆ : 'ਮੋਬਾਈਲ ਫੋਨ ਅਜੋਕੇ ਸਮੇਂ ਦੀ ਲੋੜ ਬਣ ਗਿਆ ਹੈ ਪਰ ਲੋੜੋਂ ਤੋਂ ਵੱਧ ਕੀਤੀ ਜਾਂਦੀ ਵਰਤੋਂ ਸਾਡੇ ਲਈ ਸਮੱਸਿਆ ਹੈ। ਸਾਨੂੰ ਇਸਦੀ ਲੋੜ ਅਨੁਸਾਰ ਹੀ ਵਰਤੋਂ ਕਰਨੀ ਚਾਹੀਦੀ ਹੈ। 24 ਘੰਟੇ ਵਿੱਚ ਵੱਧ ਤੋਂ ਵੱਧ ਇਕ ਘੰਟਾ ਇਸ ਦੀ ਵਰਤੋਂ ਹੋਣੀ ਚਾਹੀਦੀ ਹੈ। ਜੇਕਰ ਅਸੀਂ ਸਦਾ ਇਸ ਨਾਲ ਚਿੰਬੜੇ ਰਹਿੰਦੇ ਹਾਂ ਤਾਂ ਸਾਡੇ ਦਿਮਾਗ ਅਤੇ ਅੱਖਾਂ ਦੀ ਰੋਸ਼ਨੀ ਤੇ ਅਸਰ ਪੈਂਦਾ ਹੈ। ਇੰਟਰਨੈਟ ਰਾਹੀਂ ਅਸੀਂ ਨਵੇਂ ਸ਼ਬਦ, ਪਾਠ, ਅਭਿਆਸ, ਪ੍ਰਸ਼ਨ ਪੱਤਰ, ਉੱਤਰ ਪੱਤਰ, ਸਿਲੇਬਸ ਅਤੇ ਹੋਰ ਜ਼ਰੂਰੀ ਚੀਜ਼ਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਦੁਨੀਆਂ ਦੇ ਗਿਆਨ ਦਾ ਇਸ ਵਿੱਚ ਭੰਡਾਰ ਭਰਿਆ ਪਿਆ ਹੈ। ਪਰ ਬਹੁਤੇ ਲੋਕ ਇਸ ਵਿੱਚੋਂ ਗੀਤ ਸੰਗੀਤ ਅਤੇ ਫਿਲਮਾਂ ਆਦਿ ਹੀ ਸੁਣਦੇ ਜਾਂ ਦੇਖਦੇ ਹਨ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਗਿਆਨ ਵਿੱਚ ਵਾਧਾ ਕਰਨ ਲਈ ਇਸਦੀ ਵਰਤੋਂ ਕਰਨ। ਇਹ ਜੰਤਰ ਸਾਡਾ ਸਹਿਯੋਗ ਹੀ ਹੈ ਨਾ ਕਿ ਸਾਡਾ ਮਾਲਕ। ਇਸਨੂੰ ਅਸੀਂ ਆਪਣੇ ਕਾਰਜਾਂ ਨੂੰ ਸੁਖਾਲਾ ਬਣਾਉਣ ਲਈ ਵਰਤੀਏ ਨਾ ਕਿ ਇਸ ਦੇ ਆਦੀ ਹੋ ਕੇ ਬਿਮਾਰ ਹੋਈਏ'। ਜਦੋਂ ਇਹ ਵਿਚਾਰ ਅਧਿਆਪਕਾਂ ਨੇ ਪੜੇ ਤਾਂ ਉਹਨਾਂ ਨੇ ਬੰਸੀ ਨੂੰ ਸਵੇਰੇ ਪ੍ਰਾਰਥਨਾਂ ਵਿੱਚ ਖੜਾ ਕਰਕੇ ਸ਼ਾਬਾਸ਼ ਦਿੱਤੀ। ਦੂਜੇ ਬੰਨੇ ਉਸਦਾ ਜਮਾਤੀ ਅਰਮਾਨ ਹਮੇਸ਼ਾ ਆਪਣੀ ਮਨ ਮਰਜ਼ੀ ਕਰਦਾ। ਉਹ ਨਾ ਤਾਂ ਮਾਪਿਆਂ ਦਾ ਕਹਿਣਾ ਮੰਨਦਾ ਅਤੇ ਨਾ ਹੀ ਅਧਿਆਪਕਾਂ ਦਾ। ਖਾਣ ਪੀਣ ਦਾ ਵੀ ਖਿਆਲ ਨਾ ਰੱਖਦਾ। ਹਫਤੇ ਦਸ ਦਿਨ ਬਾਅਦ ਅਬਲਾ ਸਵਲਾ ਖਾ ਕੇ ਬਿਮਾਰ ਹੋਇਆ ਰਹਿੰਦਾ। ਨਾ ਤਾਂ ਆਪਣੀ ਮੰਮੀ ਦਾ ਆਦਰ ਕਰਦਾ ਤੇ ਨਾਹੀਂ ਕਿਸੇ ਆਏ ਗਏ ਨੂੰ ਸਹੀ ਢੰਗ ਨਾਲ ਬੁਲਾਉਂਦਾ। ਉਸ ਦੀ ਮੰਮੀ ਉਸਨੂੰ ਬਹੁਤ ਸਮਝਾਉਂਦੀ ਪਰ ਉਹ ਸਭ ਗੱਲਾਂ ਕੰਨਾਂ ਪਿੱਛੇ ਸੁੱਟ ਛੱਡਦਾ। ਉਸਨੂੰ ਤਾਂ ਬਸ ਚਟਪਟੇ ਖਾਣੇ ਅਤੇ ਵਿਹਲੇ ਫਿਰਨ ਦੀ ਆਦਤ ਹੀ ਪੈ ਗਈ ਸੀ। ਆਪਣੇ ਬੇਲੀਆਂ ਨਾਲ ਇੱਧਰ ਉਧਰ ਫਿਰ ਕੇ ਸਮਾਂ ਗੁਆਈ ਜਾਂਦਾ। ਸਕੂਲ ਅਧਿਆਪਕ ਵਾਰ ਵਾਰ ਉਸਦੀਆਂ ਸ਼ਿਕਾਇਤਾਂ ਉਸਦੇ ਮਾਪਿਆਂ ਨੂੰ ਦੱਸਦੇ। ਅਧਿਆਪਕ ਮਾਪੇ ਮਿਲਣੀ ਮੌਕੇ ਉਸਦੀ ਮੰਮੀ ਬੜੇ ਦੁਖੀ ਮਨ ਨਾਲ ਆਖਦੀ,'ਮੈਡਮ ਜੀ ਅਸੀਂ ਬਹੁਤ ਔਖੇ ਹਾਂ। ਇਹ ਸਾਡੀ ਕੋਈ ਗੱਲ ਹੀ ਨੀਂ ਮੰਨਦਾ। ਤੁਸੀਂ ਜ਼ਰੂਰ ਸਮਝਾਓ'। ਅੱਗੋਂ ਮੈਡਮ ਆਖਦੇ, "ਭੈਣ ਜੀ! ਸਾਡੇ ਪਾਸ ਤਾਂ ਸਿਰਫ ਛੇ ਸੱਤ ਘੰਟੇ ਹੀ ਰਹਿੰਦਾ ਹੈ ਬਾਕੀ ਜ਼ਿਆਦਾ ਸਮਾਂ ਤੁਹਾਡੇ ਕੋਲ ਹੁੰਦਾ ਹੈ।ਇਸ ਲਈ ਤੁਸੀਂ ਵੀ ਕੁੱਝ ਯਤਨ ਕਰੋ।ਅਸੀਂ ਤਾਂ ਸਾਰੇ ਜਣੇ ਇਹਨਾਂ ਬੱਚਿਆਂ ਨੂੰ ਚੰਗੇ ਅਤੇ ਸਫਲ ਇਨਸਾਨ ਬਨਾਉਣ ਵਿਚ ਜੁਟੇ ਹੋਏ ਹਾਂ"।

ਹੁਣ ਪੇਪਰਾਂ ਦੀ ਤਿਆਰੀ ਚੱਲ ਰਹੀ ਸੀ। ਬੰਸੀ ਪਹਿਲਾਂ ਵਾਂਗ ਸਵਾਲਾਂ ਬਾਰੇ ਪ੍ਰੀਤੀ ਅਤੇ ਨੀਤੂ ਤੋਂ ਜਾਣਕਾਰੀ ਪ੍ਰਾਪਤ ਕਰਦਾ। ਉਸ ਨੇ ਆਪਣੇ ਸਾਰੇ ਵਿਸ਼ਿਆਂ ਦੀ ਤਿਆਰੀ ਕਰਕੇ ਪ੍ਰੀਤੀ ਅਤੇ ਨੀਤੂ ਨੂੰ ਆਪਣੇ ਪੇਪਰ ਦਿਖਾਏ ਸਨ। ਉਹ ਦੋਨੋਂ ਉਸਨੂੰ ਸ਼ਾਬਾਸ਼ ਦਿੰਦੀਆਂ ਅਤੇ ਅੱਗੇ ਵਧਣ ਲਈ ਪ੍ਰੇਰਿਤ ਕਰਦੀਆਂ। ਜਦੋਂ ਉਹਨਾਂ ਦੇ ਘਰ ਕੋਈ ਪਰਾਹੁਣਾ ਆਉਂਦਾ ਤਾਂ ਉਹਨਾਂ ਦਾ ਬਹੁਤ ਸਤਿਕਾਰ ਕਰਦਾ। ਇਸ ਪਿਆਰ ਤੇ ਸਤਿਕਾਰ ਸਦਕਾ ਉਹ ਉਹਨਾਂ ਦੇ ਰਿਸ਼ਤੇਦਾਰਾਂ ਵਿੱਚ ਵੀ ਚਰਚਿਤ ਹੋ ਗਿਆ। ਸਾਰੇ ਰਿਸ਼ਤੇਦਾਰ ਹਰ ਵਾਰ ਉਸ ਦੀ ਖਬਰ ਸਾਰ ਪੁੱਛਦੇ। ਇੰਗਲੈਂਡ ਵਾਲੇ ਭੂਆ ਫੁੱਫੜ ਤਾਂ ਉਸਦੀ ਬਹੁਤ ਫਿਕਰ ਕਰਦੇ। ਉਸਦੀ ਪੜ੍ਹਾਈ ਲਿਖਾਈ ਬਾਰੇ ਉਸਨੂੰ ਹਰ ਵਾਰ ਕਹਿੰਦੇ ਅਤੇ ਲੋੜੀਂਦੀਆਂ ਵਸਤਾਂ ਵੀ ਲੈ ਕੇ ਦਿੰਦੇ।ਆਪ ਤੋਂ ਵੱਡਿਆਂ ਦੇ ਪੈਰੀਂ ਹੱਥ ਲਾਣਾ ਉਸ ਦਾ ਨਿਯਮ ਬਣ ਗਿਆ। ਇਸ ਤਰ੍ਹਾਂ ਉਹ ਹਰ ਕਿਸੇ ਦਾ ਹਰਮਨ ਪਿਆਰਾ ਬੱਚਾ ਬਣ ਗਿਆ। ਉਸ ਦੀ ਇਹ ਰਹਿਣੀ ਬਹਿਣੀ ਹਰ ਕਿਸੇ ਨੂੰ ਪ੍ਰਭਾਵਿਤ ਕਰਦੀ। ਨੀਤੂ ਦੇ ਮਾਮਾ ਮਾਮੀ ਤਾਂ ਹਰ ਵਾਰ ਉਸਨੂੰ ਨਾਲ ਲੈ ਕੇ ਆਉਣ ਲਈ ਵੀ ਆਖਦੇ। ਅੱਜ ਨਤੀਜੇ ਦਾ ਦਿਨ ਆਇਆ। ਮੁੱਖ ਅਧਿਆਪਕ ਨੇ ਜਦੋਂ ਨਤੀਜਾ ਸੁਣਾਇਆ ਤਾਂ ਉਹਨਾਂ ਨੇ ਸਭ ਤੋਂ ਪਹਿਲਾਂ ਬੰਸੀ ਨੂੰ ਮੰਚ ਤੇ ਖੜਾ ਕਰਕੇ ਸ਼ਾਬਾਸ਼ ਦਿੰਦਿਆਂ ਕਿਹਾ, 'ਬੰਸੀ ਸਾਡੇ ਸਕੂਲ ਦਾ ਬੈਸਟ ਸਟੂਡੈਂਟ ਹੈ, ਉਸਨੇ ਹਰ ਖੇਤਰ ਵਿੱਚ ਮੱਲਾਂ ਮਾਰ ਕੇ ਸਾਡੇ ਸਕੂਲ ਦਾ ਨਾਂ ਅਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਉਹ ਆਪਣੀ ਜਮਾਤ ਵਿੱਚੋਂ ਪਹਿਲੇ ਨੰਬਰ ਤੇ ਵੀ ਹੈ। ਇਹ ਸੁਣ ਕੇ ਸਭ ਵਿਦਿਆਰਥੀਆਂ ਨੇ ਤਾੜੀਆਂ ਵਜਾਈਆਂ ਤੇ ਦੂਜੇ ਬੰਨੇ ਅਰਮਾਨ ਮਸਾਂ ਪਾਸ ਹੋਇਆ। ਜਦੋਂ ਉਸਦੇ ਨੰਬਰ ਦੇਖੇ ਤਾਂ ਉਸਦੀ ਮੰਮੀ ਨੇ ਝਿੜਕਦਿਆਂ ਕਿਹਾ, 'ਤੈਨੂੰ ਬੰਸੀ ਤੋਂ ਕੋਈ ਸਿੱਖ ਮਤ ਲੈਣੀ ਚਾਹੀਦੀ ਹੈ, ਦੇਖ ਕਿਵੇਂ ਸਭ ਤੋਂ ਅੱਗੇ ਚੱਲ ਰਿਹਾ ਹੈ'।

ਬੰਸੀ ਨੇ ਉਸਦੀ ਮੰਮੀ ਨੂੰ ਕਿਹਾ, 'ਭੂਆ ਜੀ ਇਹ ਸਾਰਾ ਕੁਝ ਸੰਗਤ ਦਾ ਅਸਰ ਹੈ। ਇਸਦੀ ਸੰਗਤ ਮਾੜੇ ਮੁੰਡਿਆਂ ਨਾਲ ਹੈ ਜਿਸ ਕਰਕੇ ਇਹ ਨਾ ਪੜ੍ਹਦਾ ਹੈ ਨਾ ਕੋਈ ਸਿੱਖਦਾ ਹੈ। ਤੁਸੀਂ ਦੇਖਿਆ ਮੈਂ ਹਮੇਸ਼ਾ ਚੰਗਿਆਂ ਦੀ ਸੰਗਤ ਕਰਦਾ ਹਾਂ। ਇਸੇ ਕਰਕੇ ਮੇਰੇ ਕਾਰਜ ਚੰਗੇ ਹੋ ਰਹੇ ਨੇ। ਇਸਨੂੰ ਵੀ ਆਖੋ ਕਿ ਆਪਣੀ ਸੰਗਤ ਬਦਲੇ'। ਅਰਮਾਨ ਦੀ ਮੰਮੀ ਨੇ ਕਿਹਾ, 'ਬੰਸੀ ਤੂੰ ਸੱਚ ਕਹਿੰਦਾ ਏ, ਇਹ ਕਿਸੇ ਦੀ ਕਹੀ ਸੁਣੀ ਮੰਨਦਾ ਹੀ ਨਹੀਂ। ਮੈਂ ਤਾਂ ਮਾਲਕ ਅੱਗੇ ਅਰਦਾਸ ਕਰਦੀ ਹਾਂ ਕਿ ਤੇਰੇ ਵਰਗੇ ਗੁਣ ਇਸ ਵਿੱਚ ਵੀ ਆ ਵੀ ਆ ਜਾਣ'।

ਅੱਗੋਂ ਬੰਸੀ ਬੋਲਿਆ, 'ਭੂਆ ਜੀ ਇਹ ਗੁਣ ਐਵੇਂ ਨੀਂ ਆਉਂਦੇ। ਮਾਪਿਆਂ ਤੇ ਅਧਿਆਪਕਾਂ ਦੇ ਕਹਿਣੇਕਾਰ ਬਣਨਾ ਪੈਂਦਾ ਹੈ ਅਤੇ ਫਿਰ ਚੰਗੀ ਸੰਗਤ ਕਰਨੀ ਪੈਂਦੀ ਹੈ। ਜੇਕਰ ਇਹ ਮੇਰੇ ਵਾਂਗ ਚੰਗੀ ਸੰਗਤ ਕਰੇਗਾ ਤਾਂ ਇਹ ਵੀ ਚੰਗਾ ਬੱਚਾ ਬਣ ਜਾਵੇਗਾ। ਇਹ ਗੱਲ ਮੈਂ ਯਕੀਨ ਨਾਲ ਕਹਿ ਸਕਦਾ ਹਾਂ'।


ਹੁਣ ਅਰਮਾਨ ਸਿਰ ਝੁਕਾਈ ਆਪਣੀ ਮੰਮੀ ਤੇ ਡੈਡੀ ਕੋਲ ਖੜਾ ਆਖ ਰਿਹਾ ਸੀ, 'ਮੈਨੂੰ ਇਸ ਵਾਰ ਮਾਫ਼ ਕਰ ਦੇਵੋ।ਹੁਣ ਮੈਂ ਅੱਗੇ ਤੋਂ ਸਭ ਦਾ ਕਹਿਣਾ ਮੰਨਾਂਗਾ ਅਤੇ ਬੰਸੀ ਵਾਂਗ ਚੰਗੀ ਸੰਗਤ ਵੀ ਕਰਾਂਗਾ'। ਇਹ ਸੁਣਕੇ ਮੰਮੀ ਨੇ ਅਰਮਾਨ ਅਤੇ ਬੰਸੀ ਨੂੰ ਕੁਲਾਵੇ ਵਿਚ ਲੈ ਕੇ ਲਾਡ ਲਡਾਇਆ। ਹੁਣ ਸਾਰੇ ਖੁਸ਼ ਹੋ ਗਏ।

---

### ਗੂੰਗਾ ਸਾਜ਼

**ਰਿਵਿਊਕਾਰ: ਬਲਜਿੰਦਰ ਮਾਨ 98150 18947**
**ਲੇਖਕ: ਅਮਰੀਕ ਹਮਰਾਜ਼**
**ਪ੍ਰਕਾਸ਼ਕ: ਬੀ ਆਰ ਐਸ ਪਬਲੀਕੇਸ਼ਨਜ਼ ਸੂਨੀ, (ਹੁਸ਼ਿਆਰਪੁਰ), ਪੰਨੇ: 96, ਮੁੱਲ : 230/-**

ਬੱਗੇ ਬੱਗੇ ਬੈਲ ਰੱਖਣੇ ਵਾਲੇ ਗੀਤ ਨਾਲ ਮਸ਼ਹੂਰੀ ਖੱਟਣ ਵਾਲੇ ਸਾਹਿਤਕਾਰ ਅਮਰੀਕ ਹਮਰਾਜ਼ ਨੇ ਅੱਜ ਤੱਕ ਅੱਧੀ ਦਰਜਨ ਪੁਸਤਕਾਂ ਨਾਲ ਪੰਜਾਬੀ ਸਾਹਿਤ ਦੀ ਝੋਲੀ ਨੂੰ ਭਰਿਆ ਹੈ।ਉਹ ਇੱਕੋ ਵੇਲੇ ਨਿਬੰਧਕਾਰ, ਕਵੀ,ਗੀਤਕਾਰ, ਗਜ਼ਲਗੋ, ਅਨੁਵਾਦਕ,




ਸੰਪਾਦਕ ਅਤੇ ਬਾਲ ਸਾਹਿਤ ਦਾ ਸਿਰਜਕ ਹੈ। ਉਸ ਕੋਲ ਕਲਾ ਦਾ ਅਥਾਹ ਭੰਡਾਰ ਹੈ ਜਿਸ ਕਰਕੇ ਸਾਹਿਤ ਦੀ ਹਰ ਵਿਧਾ ਵਿੱਚ ਸ਼ਾਨਦਾਰ ਸਿਰਜਣਾ ਕਰਦਾ ਹੈ। ਮਾਰੂਥਲ ਦੀ ਵੇਦਨਾ (ਕਾਵਿ ਸੰਗ੍ਰਹਿ) ਸੋਹਣੀ ਦੀ ਨਨਾਣ, ਹੀਰ ਦਾ ਚਾਚਾ (ਨਿਬੰਧ) ਪੀਜ਼ਾ ਅਤੇ ਪਰੌਂਠਾ (ਬਾਲ ਕਾਵਿ ਸੰਗ੍ਰਹਿ) ਪਾਠਕਾਂ ਵਿੱਚ ਕਾਫੀ ਮਕਬੂਲੀਅਤ ਹਾਸਿਲ ਕਰ ਚੁੱਕੇ ਹਨ। ਉਸ ਦੁਆਰਾ ਸੰਪਾਦਿਤ ਅਤੇ ਅਨੁਵਾਦਿਤ ਪੁਸਤਕਾਂ ਨੂੰ ਵੀ ਪਾਠਕਾਂ ਨੇ ਭਰਪੂਰ ਹੁੰਗਾਰਾ ਦਿੱਤਾ ਹੈ। ਉਸ ਦੁਆਰਾ ਸਿਰਜੇ ਨਿਬੰਧ ਅਖ਼ਬਾਰਾਂ ਰਸਾਲਿਆਂ ਵਿੱਚ ਅਕਸਰ ਪੜ੍ਹਨ ਨੂੰ ਮਿਲ ਜਾਂਦੇ ਹਨ। ਉਹ ਬਹੁਤ ਘੱਟ ਲਿਖਦੇ ਹਨ ਪਰ ਜੋ ਵੀ ਲਿਖਦੇ ਹਨ ਉੱਚ ਪਾਏ ਦਾ ਲਿਖਦੇ ਹਨ। ਬਹੁਤ ਅਹਿਮ ਅਤੇ ਗੰਭੀਰ ਵਿਸ਼ਿਆਂ ਨੂੰ ਆਪਣੀਆਂ ਕਲਾਤਮਿਕ ਜੁਗਤਾਂ ਨਾਲ ਸ਼ਿੰਗਾਰਦੇ ਨਿਹਾਰਦੇ, ਵਿਚਾਰਦੇ ਅਤੇ ਸੰਵਾਰਦੇ ਹਨ। ਜਿੱਥੇ ਉਹ ਇੱਕ ਸਫਲ ਗੀਤਕਾਰ ਅਤੇ ਕਵੀ ਹੈ ਉੱਥੇ ਨਿਬੰਧਕਾਰੀ ਵਿੱਚ ਵੀ ਆਪਣੀ ਵਿਲੱਖਣ ਥਾਂ ਸਥਾਪਿਤ ਕੀਤੀ ਹੋਈ ਹੈ।

ਹੱਥਲੀ ਖੋਜ ਭਰਪੂਰ ਪੁਸਤਕ "ਗੂੰਗਾ ਸਾਜ਼" ਵਿੱਚ ਉਸ ਨੇ 19 ਨਿਬੰਧ ਦਰਜ ਕੀਤੇ ਹਨ। ਇਹ ਸਾਰੇ ਨਿਬੰਧ ਪੁਰਾਤਨ ਸਮੇਂ ਤੋਂ ਆਰੰਭ ਹੋ ਕੇ ਆਧੁਨਿਕ ਸਮੇਂ ਦੀਆਂ ਬਦਲ ਰਹੀਆਂ ਕਦਰਾਂ ਕੀਮਤਾਂ ਦੇ ਸਨਮੁੱਖ ਕਰਦੇ ਹਨ। ਇਹ ਸਿਰਫ ਸਾਨੂੰ ਇਤਿਹਾਸ, ਮਿਥਿਹਾਸ, ਧਾਰਮਿਕ ਅਤੇ ਰਾਜਸੀ ਵਰਤਾਰੇ ਦੀ ਵਾਕਫੀਅਤ ਹੀ ਪ੍ਰਦਾਨ ਨਹੀਂ ਕਰਦੇ ਸਗੋਂ ਇਹਨਾਂ ਸਭ ਦੀਆਂ ਗਹਿਰਾਈਆਂ ਵਿੱਚ ਛੁਪੇ ਹੋਏ ਤੱਥਾਂ ਨੂੰ ਵੀ ਸਪਸ਼ਟ ਕਰਦੇ ਹਨ। ਡਾ. ਵਿਜੇ ਭੱਟੀ ਅਨੁਸਾਰ ਇਹ ਪੁਸਤਕ ਸਾਡੇ ਅੰਦਰ ਵਸਦੇ ਸੰਸਾਰ ਦੇ ਕਈ ਪਹਿਲੂਆਂ ਨੂੰ ਘੋਖਣ ਪਰਖਣ ਦੀ ਕਾਮਯਾਬ ਕੋਸ਼ਿਸ਼ ਹੈ। ਇਹਨਾਂ ਸਭ ਲੇਖਾਂ ਰਾਹੀਂ ਲੇਖਕ ਨੇ ਹਰ ਵਿਸ਼ੇ ਨੂੰ ਵਿਸ਼ਵ ਵਿਆਪੀ ਰੰਗਤ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਹੋ ਸਕਦਾ ਹੈ ਪਾਠਕ ਅਮਰੀਕਾ, ਕਨੇਡਾ, ਇੰਗਲੈਂਡ ਜਾਂ ਪੰਜਾਬ ਵਿੱਚ ਵਸਦਾ ਹੋਵੇ ਪਰ ਉਸਨੂੰ ਇਹ ਪੁਸਤਕ ਪਿਆਰੀ ਅਤੇ ਨਿਆਰੀ ਦਿਸਦੀ ਹੈ। ਇਸ ਵਿੱਚ ਵਿਦੇਸ਼ੀ ਜਨ ਜੀਵਨ, ਪੰਜਾਬ, ਭਾਰਤ ਅਤੇ ਵਿਸ਼ਵ ਦੇ ਵੱਖ-ਵੱਖ ਕੋਨਿਆਂ ਵਿੱਚ ਵਰਤ ਰਹੇ ਵਰਤਾਰਿਆਂ ਨੂੰ ਵੀ ਆਪਣੇ ਢੰਗ ਨਾਲ ਪੇਸ਼ ਕੀਤਾ ਹੈ।

ਵਿਦੇਸ਼ਾਂ ਵਿੱਚ ਰੁਲ ਰਹੀ ਜਵਾਨੀ ਅਤੇ ਬੁਢਾਪੇ ਨੂੰ ਵੀ ਬੜੇ ਕਰੁਣਾਮਈ ਢੰਗ ਨਾਲ ਪੇਸ਼ ਕੀਤਾ ਹੈ। ਲੇਖਕ ਦੇ ਨਿੱਘੇ ਮਿੱਤਰ ਅਵਤਾਰ ਸਿੰਘ ਸੰਧੂ, ਸੰਧੂ ਵਰਿਆਣਵੀ ਅਤੇ ਜਸਬੀਰ ਬੇਗਮਪੁਰੀ ਦੇ ਰੇਖਾ ਚਿੱਤਰ ਵੀ ਕਮਾਲ ਦੇ ਹਨ। ਇਹਨਾਂ ਤੋਂ ਪਾਠਕਾਂ ਨੂੰ ਸਿਰਫ ਪ੍ਰੇਰਨਾ ਹੀ ਨਹੀਂ ਮਿਲਦੀ ਸਗੋਂ ਜੀਵਨ ਸੰਗਰਾਮ ਨੂੰ ਇੱਕ ਯੋਧੇ ਵਾਂਗ ਲੜਨ ਦੀ ਵਿਧਾ ਦਾ ਵੀ ਗਿਆਨ ਹੁੰਦਾ ਹੈ। ਅੰਮ੍ਰਿਤਾ ਪ੍ਰੀਤਮ ਦੇ ਸਾਹਿਤਕ ਜੀਵਨ ਸਫ਼ਰ ਅਤੇ ਸਾਹਿਤਕ ਪ੍ਰਾਪਤੀਆਂ ਦੀ ਪਰਖ ਪੜਚੋਲ ਵੀ ਬਾਖੂਬੀ ਕੀਤੀ ਗਈ ਹੈ। ਦੇਸ਼ ਭਗਤ ਬਾਬਾ ਖੜਕ ਸਿੰਘ ਦੀਆਂ ਕੁਰਬਾਨੀਆਂ ਨੂੰ ਵੀ ਸਲਾਮ ਕੀਤੀ ਹੈ। ਸਾਡੇ ਜਨ-ਜੀਵਨ ਦੀਆਂ ਖ਼ਤਮ ਹੋ ਰਹੀਆਂ ਰਹੁ ਰੀਤਾਂ ਅਤੇ ਨਵੇਂ ਪਸਰ ਰਹੇ ਪਸਾਰਿਆਂ ਦਾ ਜ਼ਿਕਰ ਨਵੀਂ ਪਨੀਰੀ ਲਈ ਇੱਕ ਰਾਹ ਦਸੇਰੇ ਦਾ ਕੰਮ ਕਰਦਾ ਹੈ। ਬਾਬਾ ਫਰੀਦ ਸ਼ਕਰਗੰਜ ਅਤੇ ਖਵਾਜਾ ਗੁਲਾਮ ਫਰੀਦ ਦੇ ਜਨਮ ਕਾਲ ਵਿੱਚ 700 ਸਾਲਾਂ ਦਾ ਫਰਕ ਹੈ। ਇਸੇ ਤਰ੍ਹਾਂ ਵਿਆਹ ਦੀਆਂ ਕਿਸਮਾਂ ਬਾਰੇ ਵੀ ਵਿਸਥਾਰ ਸਹਿਤ ਚਾਨਣਾ ਪਾਇਆ ਗਿਆ ਹੈ। ਇਸ ਪੁਸਤਕ ਦਾ ਮਨੋਰਥ ਜਿੱਥੇ ਸਾਨੂੰ ਆਪਣੀ ਅਮੀਰ ਵਿਰਾਸਤ ਬਾਰੇ ਜਾਣਕਾਰੀ ਦੇਣਾ ਹੈ ਉੱਥੇ ਭਵਿੱਖ ਲਈ ਵੀ ਤਿਆਰ ਕਰਨਾ ਹੈ।ਦੇਸ਼ ਵਿੱਚ ਵਰਤ ਰਹੇ ਸਮਾਜਿਕ, ਆਰਥਿਕ, ਰਾਜਸੀ ਅਤੇ ਧਾਰਮਿਕ ਵਰਤਾਰਿਆਂ ਵਿੱਚੋਂ ਨਵੇਂ ਦਿਸਹੱਦਿਆਂ ਦੀ ਤਲਾਸ਼ ਕੀਤੀ ਗਈ ਹੈ। ਅਮਰੀਕ ਹਮਰਾਜ਼ ਕੋਲ ਰੋਚਕ ਸ਼ਬਦ ਭੰਡਾਰ ਅਤੇ ਰਸੀਲੀ ਸ਼ੈਲੀ ਹੈ। ਜਿਸ ਨਾਲ ਉਹ ਪਾਠਕ ਨੂੰ ਉਂਗਲੀ ਫੜ ਆਪਣੇ ਨਾਲ ਤੋਰ ਲੈਂਦਾ ਹੈ। ਪਾਠਕ ਪਹਿਲਾ ਨਿਬੰਧ ਪੜ੍ਹਨ ਤੋਂ ਬਾਅਦ ਅਗਲੇ ਤੇ ਫਿਰ ਅਗਲੇ ਵੱਲ ਤੁਰਿਆ ਰਹਿੰਦਾ ਹੈ। ਕਿਸੇ ਲੇਖਕ ਦੀ ਰੌਚਕਤਾ ਅਤੇ ਪ੍ਰਭਾਵ ਦਾ ਇਥੋਂ ਹੀ ਗਿਆਨ ਹੁੰਦਾ ਹੈ। ਜਿਵੇਂ ਉਸਨੇ ਗੀਤਕਾਰੀ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ ਉਸੇ ਤਰ੍ਹਾਂ ਇਸ ਪੁਸਤਕ ਨਾਲ ਨਿਬੰਧਕਾਰੀ ਦੇ ਖੇਤਰ ਵਿੱਚ ਵੀ ਚੰਗੀ ਥਾਂ ਕਾਇਮ ਕਰ ਲਈ ਹੈ। ਗੂੰਗਾ ਸਾਜ਼ ਦੀ ਗੈਬੀ ਧੁਨ ਸੁਣਕੇ ਪਾਠਕਾਂ ਦੇ ਮਨ ਮਸਤਕ ਦੇ ਹਨੇਰੇ ਕੋਨੇ ਰੌਸ਼ਨ ਹੁੰਦੇ ਪ੍ਰਤੀਤ ਹੁੰਦੇ ਹਨ। ਪੁਸਤਕ ਵਿੱਚ ਲੇਖਕ ਦਾ ਪਤਾ ਅਤੇ ਫੋਨ ਨੰਬਰ ਕਿਤੇ ਵੀ ਦਰਜ ਨਹੀਂ।

---


### ਗੁਰੂ ਸਿੱਖੀ ਦੀ ਏਹ ਨੀਸਾਣੀ

**ਰਿਵਿਊਕਾਰ: ਬਲਜਿੰਦਰ ਮਾਨ 98150 18947**
**ਲੇਖਕ: ਸੰਤੋਖ ਸਿੰਘ ਵੀਰ ਜੀ**
**ਪ੍ਰਕਾਸ਼ਕ: ਬਸੰਤ ਸੁਹੇਲ ਪ੍ਰੈਸ ਫਗਵਾੜਾ, ਪੰਨੇ 36, ਮੁੱਲ: 30/-**

ਸਿੱਖ ਫਲਸਫੇ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅੱਜ ਤੱਕ ਅਨੇਕਾਂ ਪੁਸਤਕਾਂ ਦੀ ਰਚਨਾ ਕੀਤੀ ਜਾ ਚੁੱਕੀ ਹੈ। ਹਰ ਲੇਖਕ ਨੇ ਆਪਣੀ ਸੋਚ ਅਤੇ ਉਸ ਮਾਲਕ ਦੁਆਰਾ ਬਖਸ਼ੀ ਹੋਈ ਬੁੱਧੀ ਅਨੁਸਾਰ ਸ਼ਬਦ ਦੀ ਵਿਚਾਰ ਕਰਨ ਦਾ ਉਪਰਾਲਾ ਕੀਤਾ ਹੈ। ਅਕਾਲੀ ਬਾਣੀ ਦਾ ਕੋਈ ਆਦਿ ਅੰਤ ਨਹੀਂ ਹੈ। ਇਸ ਲਈ ਜਿਹੜਾ ਵੀ ਲੇਖਕ ਇਸ ਸਾਗਰ ਵਿੱਚ ਡੂੰਘੀਆਂ ਚੁੱਭੀਆਂ ਮਾਰਦਾ ਹੈ ਉਹ ਹੀਰੇ ਮੋਤੀ ਲੱਭ ਕੇ ਲੈ ਆਉਂਦਾ ਹੈ। ਹਥਲੀ ਪੁਸਤਕ 'ਗੁਰੂ ਸਿੱਖੀ ਦੀ ਏਹ ਨੀਸਾਣੀ' ਦਾ ਲੇਖਕ ਸੰਤੋਖ ਸਿੰਘ 'ਵੀਰ ਜੀ' ਬਚਪਨ ਤੋਂ ਹੀ ਗੁਰਸਿੱਖੀ ਨਾਲ ਜੁੜੇ ਹੋਏ ਹਨ। ਗੁਰਬਾਣੀ ਅਤੇ ਸਿੱਖ ਫਿਲਾਸਫੀ ਦੇ ਉੱਘੇ ਗਿਆਨੀ ਅਤੇ ਵਿਗਿਆਨੀ ਹਨ। ਉਹਨਾਂ ਆਪਣੇ ਜੀਵਨ ਨੂੰ ਗੁਰੂ ਉਪਦੇਸ਼ ਅਨੁਸਾਰ ਢਾਲਿਆ ਹੋਇਆ ਹੈ। ਇਸੇ ਕਰਕੇ ਉਹਨਾਂ ਦਾ ਯਤਨ ਹੈ ਕਿ ਨਵੀਂ ਪਨੀਰੀ ਨੂੰ ਗੁਰਬਾਣੀ ਅਤੇ ਗੁਰੂ ਆਸ਼ੇ ਅਨੁਸਾਰ ਤਿਆਰ ਕੀਤਾ ਜਾਵੇ। ਇਸ ਮਨੋਰਥ ਵਾਸਤੇ ਉਹ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਇੱਕ ਪੁਸਤਕ ਲੜੀ ਦੇ ਰੂਪ ਵਿੱਚ ਬੱਚਿਆਂ ਵਾਸਤੇ ਪੁਸਤਕਾਂ ਦੀ ਸਿਰਜਣਾ ਕਰ ਰਹੇ ਹਨ।

ਹੱਥਲੀ ਪੁਸਤਕ 'ਗੁਰ ਸਿੱਖੀ ਦੀ ਏਹ ਨੀਸਾਣੀ' ਗੁਰਮਤ ਬਾਲ ਸਾਹਿਤ ਦੀ 25ਵੀਂ ਲੜੀ ਹੈ ਜਿਸ ਵਿੱਚ ਭਾਈ ਬੁੱਧੂ ਦਾ ਕੱਚਾ ਆਵਾ ਅਤੇ ਭਾਈ ਲੱਖੂ, ਬ੍ਰਾਹਮਣ ਗੰਗਾ ਦੀ ਬਾਜਰੇ ਦੀ ਸੇਵਾ, ਅਕਾਲ ਪੁਰਖ ਜੀ ਨੇ ਅੰਮ੍ਰਿਤ ਸਰੋਵਰ ਦੀ ਸੇਵਾ ਕਰਨੀ, ਹਰਿਮੰਦਰ ਸਾਹਿਬ ਦੀ ਉਸਾਰੀ ਅਤੇ ਅੰਮ੍ਰਿਤਸਰ ਵਸਾਉਣਾ, ਅੰਮ੍ਰਿਤਸਰ ਦਾ ਮਹਾਤਮ ਅਤੇ ਸਿੱਖਾਂ ਨੂੰ ਬਖਸ਼ਿਸ਼, ਗੁਰੂ ਨਾਨਕ ਦੇਵ ਜੀ ਵੱਲੋਂ ਗੁਰਗੱਦੀ ਲਈ ਲਈਆਂ ਪ੍ਰੀਖਿਆਵਾਂ ਅਤੇ ਗੁਰੂ ਹਰਗੋਬਿੰਦ ਜੀ ਦੇ ਜਨਮ ਦਾ ਪ੍ਰਸੰਗ ਸ਼ਾਮਿਲ ਹੈ। ਇਸ ਖੋਜੀ ਬਿਰਤਾਂਤ ਨੂੰ ਪੜ੍ਹਦਿਆਂ ਗੁਰੂ ਨਾਨਕ ਦੇਵ ਜੀ ਦਾ ਸਰਬ ਸਾਂਝੀਵਾਲਤਾ ਦਾ ਦਿੱਤਾ ਉਪਦੇਸ਼ ਹਰ ਪਲ ਯਾਦ ਕੀਤਾ ਜਾਂਦਾ ਹੈ। ਸਰਬੱਤ ਦੇ ਭਲੇ ਦੇ ਕਾਰਜਾਂ ਵਿੱਚ ਹਰ ਸਿੱਖ ਨੂੰ ਸ਼ਾਮਿਲ ਹੋਣ ਦਾ ਉਪਦੇਸ਼ ਵੀ ਮਿਲਦਾ ਹੈ। ਦੁਨੀਆਂ ਦਾ ਸਭ ਤੋਂ ਵੱਡਾ ਵਿਗਿਆਨਕ ਧਰਮ ਜਿਸ ਵਿੱਚ ਸਭ ਧਰਮਾਂ ਅਤੇ ਜਾਤਾਂ ਦੇ ਮਹਾਂਪੁਰਖਾਂ ਦੇ ਸ਼ਬਦ ਵਿਚਾਰ ਸ਼ਾਮਿਲ ਹਨ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਹੈ ਜਿਸ ਤੋਂ ਹਰ ਵਿਅਕਤੀ ਪ੍ਰੇਰਨਾ ਲੈ ਕੇ ਆਪਣਾ ਪਰਮਾਰਥ ਤੇ ਸਵਾਰਥ ਸੰਵਾਰ ਸਕਦਾ ਹੈ।

ਬ੍ਰਾਹਮਣ ਗੰਗਾ ਰਾਮ ਬਾਜਰੇ ਦੇ ਗੱਡੇ ਲੱਦਕੇ ਅੰਮ੍ਰਿਤਸਰ ਵਿਖੇ ਵੇਚਣ ਲਈ ਆਉਂਦਾ ਹੈ ਪਰ ਜਦੋਂ ਉਹ ਹਰਿਮੰਦਰ ਸਾਹਿਬ ਦੀ ਸੇਵਾ ਕਰਦੀ ਸੰਗਤ ਨੂੰ ਵੇਖਦਾ ਹੈ ਤਾਂ ਉਸਦਾ ਮਨ ਵੀ ਉੱਥੇ ਹੀ ਲੱਗ ਜਾਂਦਾ ਹੈ ਤੇ ਉਹ ਸਭ ਕੁਝ ਲੰਗਰ ਵਿੱਚ ਦਾਨ ਕਰਦਾ ਹੋਇਆ ਗੁਰੂ ਸਾਹਿਬ ਦਾ ਅਸ਼ੀਰਵਾਦ ਪ੍ਰਾਪਤ ਕਰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਅਗਵਾਈ ਹੇਠ ਭਾਈ ਭਗਤੂ, ਬਾਬਾ ਬੁੱਢਾ ਜੀ, ਭਾਈ ਬਹਿਲੋ ਜੀ, ਭਾਈ ਅਮਰੂ ਜੀ, ਭਾਈ ਕਲਿਆਣਾ ਜੀ, ਭਾਈ ਜੇਠਾ ਜੀ, ਭਾਈ ਕਲਿਆਣਾ ਜੀ, ਭਾਈ ਪਰਾਣਾ ਜੀ, ਭਾਈ ਪੈੜਾ ਜੀ ਅਤੇ ਭਾਈ ਲੰਗਾਹ ਵਰਗੇ ਸੰਗਤ ਵਿੱਚ ਸੇਵਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਰਹੇ ਸਨ। ਇਹਨਾਂ ਵਰਤਾਰਿਆਂ ਤੋਂ ਇਹ ਪ੍ਰੇਰਨਾ ਮਿਲਦੀ ਹੈ ਕਿ ਜਿਹੜਾ ਵੀ ਵਿਅਕਤੀ ਗੁਰੂ ਉਪਦੇਸ਼ ਅਨੁਸਾਰ ਚੱਲਦਾ ਹੈ ਉਹ ਉਸ ਪਰਮਾਤਮਾ ਦੀਆਂ ਬੇਅੰਤ ਬਖਸ਼ਿਸ਼ਾਂ ਪ੍ਰਾਪਤ ਕਰਦਾ ਹੈ । ਪੁਸਤਕ ਵਿੱਚ ਸਰੋਵਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਦਾ ਵਰਣਨ ਵੀ ਵਿਸਥਾਰ ਪੂਰਵਕ ਕੀਤਾ ਗਿਆ ਹੈ। ਲੇਖਕ ਦਾ ਮਨੋਰਥ ਬਾਲ ਪਨੀਰੀ ਨੂੰ ਗੁਰਸਿੱਖੀ ਨਾਲ ਜੋੜਨਾ ਹੈ। ਗੁਰੂ




ਸਾਹਿਬਾਨ ਨਾਲ ਸੰਬੰਧਿਤ ਇਹਨਾਂ ਘਟਨਾਵਾਂ ਤੋਂ ਸਾਨੂੰ ਪ੍ਰੇਰਨਾ ਤਾਂ ਬਹੁਤ ਮਿਲਦੀ ਹੈ ਪਰ ਬੱਚਿਆਂ ਦੇ ਪੱਧਰ ਤੇ ਜਾ ਕੇ ਜੇਕਰ ਇਹਨਾਂ ਘਟਨਾਵਾਂ ਨੂੰ ਕਹਾਣੀ ਰੂਪ ਵਿੱਚ ਸਿਰਜਿਆ ਜਾਵੇ ਤਾਂ ਬਹੁਤ ਪ੍ਰਭਾਵਸ਼ਾਲੀ ਬਣ ਜਾਵੇਗਾ।

ਪਤਾ ਨਹੀਂ ਖੋਜੀ ਲੇਖਕ ਹਰਿਮੰਦਰ ਸਾਹਿਬ ਦੀ ਨੀਹ ਗੁਰੂ ਅਰਜਨ ਦੇਵ ਜੀ ਤੋਂ ਕਿਵੇਂ ਰਖਵਾ ਗਏ ਜਦਕਿ ਇਹ ਨੀਂਹ ਸਾਈਂ ਮੀਆਂ ਮੀਰ ਜੀ ਦੁਆਰਾ ਰੱਖੀ ਗਈ ਸੀ। ਸੰਤੋਖ ਸਿੰਘ 'ਵੀਰ ਜੀ' ਦੇ ਇਸ ਕਾਰਜ ਦੀ ਰੱਜ ਕੇ ਸ਼ਲਾਘਾ ਕਰਨੀ ਚਾਹੀਦੀ ਹੈ ਪਰ ਲੋੜ ਹੈ ਆਧੁਨਿਕ ਸਮੇਂ ਦੇ ਬੱਚਿਆਂ ਦੀ ਮਾਨਸਿਕਤਾ ਪੜ੍ਹਕੇ ਸਿਰਜਣਾ ਕਰਨ ਦੀ।

# ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਗੁਰਪੁਰਬ ਦੀ ਖੁਸ਼ੀ ਵਿਚ ਯੂਬਾ ਸਿਟੀ ਵਿਖੇ ਤੀਸਰੇ ਵਿਸ਼ਾਲ ਨਗਰ ਕੀਰਤਨ ਸਜਾਏ ਗਏ

ਧੰਨ ਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਗੁਰਪੁਰਬ ਦੀ ਖੁਸ਼ੀ ਵਿਚ ਤੀਸਰੇ ਨਗਰ ਕੀਰਤਨ ਸਜਾਏ ਗਏ ਜਿਸ ਵਿਚ 11 ਮਾਰਚ 2024 ਨੂੰ ਗੁਰੂ ਘੱਰ ਵਿਖੇ ਅਖੰਡਪਾਠਾਂ ਦੀ ਲੜੀ ਅਰੰਭ ਕੀਤੀ ਗਈ 5 ਅਪਰੈਲ 2024 ਸ਼ੁੱਕਰਵਾਰ ਨੂੰ ਅਖੰਡਪਾਠ ਅਰੰਭ ਕੀਤੇ ਗਏ 6 ਅਪਰੈਲ ਦਿਨ ਛਨੀਵਾਰ ਨੂੰ ਨਿਸ਼ਾਨ ਸਾਹਿਬ ਦੇ ਚੋਲੇ ਬਦਲੇ ਗਏ 7 ਅਪਰੈਲ 2024 ਐਤਵਾਰ ਨੂੰ ਅਖੰਡਪਾਠ ਦੇ ਭੋਗ ਪਾਏ ਗਏ ਉਪਰੰਤ ਕੀਰਤਨ ਦਰਬਾਰ ਸਜਾਏ ਗਏ ਜਿਸ ਵਿਚ ਭਾਈ ਅਮਰਜੀਤ ਸਿੰਘ ਜੀ ਤਾਨ, ਭਾਈ ਆਤਮਜੋਤ ਸਿੰਘ ਜੀ ਯੂਬਾਸਿਟੀ ਵਾਲੇ, ਹਜ਼ੂਰੀ ਰਾਗੀ ਭਾਈ ਗੁਰਦਿਆਲ ਸਿੰਘ ਸੁਦਾਣੇ ਵਾਲੇ, ਭਾਈ ਅਰਵਿੰਦ ਸਿੰਘ ਜੀ ਦਿੱਲੀ ਵਾਲੇ, ਕਥਾ ਕੀਰਤਨ ਕਰਕੇ ਨਿਹਾਲ ਕੀਤਾ ਉਪਰੰਤ 12 ਵਜੇ ਧੰਨ ਗੁਰੂ ਗਰੰਥ ਸਾਹਿਬ ਜੀ ਦੀ ਛਤਰ ਸਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਏ ਜੋ ਵੱਖ ਵੱਖ ਜਗਾ ਤੋਂ ਹੁੰਦਾ ਹੋਇਆ ਬੀਬੀ ਗੁਰਬਖਸ਼ ਕੌਰ ਵੀਸਲਾ, ਸਰਦਾਰ ਹਰਦੇਵ ਸਿੰਘ ਵੀਸਲਾ ਦੇ ਘੱਰ ਪਹੁੰਚਿਆ ਵੀਸਲਾ ਪਰਿਵਾਰ ਵਲੋਂ ਸੰਗਤਾ ਨੂੰ ਗੁਰੂ ਕੇ ਲੰਗਰ ਛਕਾਏ ਗਏ ਅਤੇ ਢਾਡੀ ਗੁਰਨਾਮ ਸਿੰਘ ਜੀ ਭੰਡਾਲ ਦੇ ਢਾਡੀ ਜਥੇ ਨੇ ਗੁਰ ਇਤਹਾਸ ਸੁਣਾ ਕੇ ਨਿਹਾਲ ਕੀਤਾ ਅਤੇ ਪਰਬੰਧਕ ਕਮੇਟੀ ਵਲੋਂ ਵੱਖ ਵੱਖ ਸ਼ੱਖਸੀਅਤਾਂ ਦਾ ਸਨਮਾਨ ਕੀਤਾ ਗਿਆ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

*– ਭਾਈ ਗੁਰਦਿਆਲ ਸਿੰਘ*

























Pictured by Prem Kumar Chumber (Desh Doaba)

# ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਗੁਰਪੁਰਬ ਦੀ ਖੁਸ਼ੀ ਵਿਚ ਯੂਬਾ ਸਿਟੀ ਵਿਖੇ ਤੀਸਰੇ ਵਿਸ਼ਾਲ ਨਗਰ ਕੀਰਤਨ ਸਜਾਏ ਗਏ

























# ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਗੁਰਪੁਰਬ ਦੀ ਖੁਸ਼ੀ ਵਿਚ ਯੂਬਾ ਸਿਟੀ ਵਿਖੇ ਤੀਸਰੇ ਵਿਸ਼ਾਲ ਨਗਰ ਕੀਰਤਨ ਸਜਾਏ ਗਏ












Pictured by Prem Kumar Chumber (Desh Doaba)










# ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਗੁਰਪੁਰਬ ਦੀ ਖੁਸ਼ੀ ਵਿਚ ਯੂਬਾ ਸਿਟੀ ਵਿਖੇ ਤੀਸਰੇ ਵਿਸ਼ਾਲ ਨਗਰ ਕੀਰਤਨ ਸਜਾਏ ਗਏ

















Pictured by Prem Kumar Chumber (Desh Doaba)



















